


PUNJABSTAR.COM
# ਪੰਜਾਬ ਸਟਾਰ





Phone: 905-673-7666 , Fax: 1-289-206-8611
16 ਜਨਵਰੀ ਤੋਂ 22 ਜਨਵਰੀ, 2025
Email :- editor@punjabstar.com, Vo.20.Issue:1168


## ਜੰਗਬੰਦੀ ਦੇ ਬਾਵਜੂਦ ਇਜ਼ਰਾਈਲ ਨੇ ਗਾਜ਼ਾ 'ਤੇ ਕੀਤਾ ਹਮਲਾ

### ਇੱਕ ਦਿਨ ਵਿੱਚ 62 ਲੋਕਾਂ ਦੀ ਮੌਤ



ਗਾਜ਼ਾ (ਪੰਜਾਬ ਸਟਾਰ ਬਿਊਰੋ): ਅਕਤੂਬਰ 2023 ਤੋਂ ਇਜ਼ਰਾਈਲ ਅਤੇ ਗਾਜ਼ਾ ਵਿਚਕਾਰ ਚੱਲ ਰਹੀ ਭਿਆਨਕ ਜੰਗ ਦੇ ਜਲਦੀ ਹੀ ਖਤਮ ਹੋਣ ਦੀ ਉਮੀਦ ਹੈ। ਅਮਰੀਕਾ ਅਤੇ ਕਤਰ ਦੀ ਵਿਚੋਲਗੀ ਨਾਲ ਹਮਾਸ ਅਤੇ ਇਜ਼ਰਾਈਲ ਵਿਚਕਾਰ ਜੰਗਬੰਦੀ ਦੀ ਗੱਲਬਾਤ ਜਾਰੀ ਹੈ ਅਤੇ ਗਾਜ਼ਾ ਵਾਸੀ ਜਲਦੀ ਹੀ ਖੁਸ਼ਖਬਰੀ ਦੀ ਉਮੀਦ ਕਰ ਰਹੇ ਹਨ। ਇਸ ਦੌਰਾਨ, ਇਜ਼ਰਾਈਲੀ ਲੜਾਕੂ ਗਾਜ਼ਾ 'ਤੇ ਤਬਾਹੀ ਮਚਾ ਰਹੇ ਹਨ। ਦਿਨ ਭਰ ਵਿੱਚ 62 ਫਲਸਤੀਨੀ ਮਾਰੇ ਗਏ ਹਨ। ਇਸ ਤਰ੍ਹਾਂ, ਗਾਜ਼ਾ ਵਿੱਚ ਕੁੱਲ ਮੌਤਾਂ ਦੀ ਗਿਣਤੀ 47 ਹਜ਼ਾਰ ਦੇ ਨੇੜੇ ਪਹੁੰਚ ਗਈ ਹੈ। ਇਸ ਦੇ ਨਾਲ ਹੀ, ਮ੍ਰਿਤਕਾਂ ਦੀ ਗਿਣਤੀ 1 ਲੱਖ 10 ਹਜ਼ਾਰ ਤੋਂ ਵੱਧ ਹੈ। ਇਸ ਮਾਮਲੇ ਤੋਂ ਜਾਣੂ ਲੋਕਾਂ ਨੇ ਦੱਸਿਆ ਕਿ ਜੰਗਬੰਦੀ ਗੱਲਬਾਤ ਦੌਰਾਨ ਇਜ਼ਰਾਈਲ ਨੇ ਗਾਜ਼ਾ 'ਤੇ ਹਮਲੇ ਕਿਉਂ ਤੇਜ਼ ਕਰ ਦਿੱਤੇ ਹਨ।

* ਬਾਕੀ ਸਫਾ 2 'ਤੇ

## ਜਸਟਿਨ ਟਰੂਡੋ ਨੇ ਐਲਾਨ ਕੀਤਾ ਕਿ ਮੁੜ ਚੋਣ ਨਹੀਂ ਲੜਨਗੇ



(ਪੰਜਾਬ ਸਟਾਰ ਬਿਊਰੋ): ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਘੋਸ਼ਣਾ ਕੀਤੀ ਕਿ ਉਹ ਅਗਲੀਆਂ ਫੈਡਰਲ ਚੋਣਾਂ ਵਿੱਚ ਐਮਪੀ ਵਜੋਂ ਦੁਬਾਰਾ ਚੋਣ ਨਹੀਂ ਲੜਨਗੇ। ਪ੍ਰਧਾਨ ਮੰਤਰੀ ਨੇ ਪੁਸ਼ਟੀ ਕੀਤੀ ਕਿ ਉਹ ਪਪੀਨੇਊ, ਕਿਊਬਿਕ ਵਿੱਚ ਆਪਣੀ ਸੀਟ ਨਹੀਂ ਮੰਗਣਗੇ, ਜਾਂ ਅਗਲੀਆਂ ਚੋਣਾਂ ਵਿੱਚ ਲਿਬਰਲਾਂ ਦੀ ਅਗਵਾਈ ਨਹੀਂ ਕਰਨਗੇ। ਟਰੂਡੋ ਨੇ ਕਿਹਾ, "ਮੈਂ ਪੂਰੀ ਤਰ੍ਹਾਂ ਉਸ ਕੰਮ 'ਤੇ ਕੇਂਦ੍ਰਿਤ ਹਾਂ ਜੋ ਕੈਨੇਡੀਅਨਾਂ ਨੇ ਮੈਨੂੰ ਕਰਨ ਲਈ ਚੁਣਿਆ ਹੈ। ਇਥੇ ਦੱਸ ਦਈਏ ਕਿ ਪਿਛਲੇ ਕਾਫੀ ਲੰਮੇ ਸਮੇਂ ਤੋਂ ਰੌਲਾ ਪੈਣ ਤੋਂ ਬਾਅਦ ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅਸਤੀਫਾ ਦੇ ਦਿੱਤਾ ਸੀ ਅਤੇ ਉਹਨਾਂ ਆਖਿਆ ਸੀ ਕਿ ਜਦੋਂ ਤੱਕ ਨਵਾਂ ਪੀਐਮ ਚੁਣਿਆ ਨਹੀਂ ਜਾਂਦਾ ਉਹ ਆਪਣੇ ਅਹੁਦੇ ਉੱਤੇ ਕੰਮ ਕਰਦੇ ਰਹਿਣਗੇ।

## ਕੈਨੇਡਾ IRCC ਵੱਲੋਂ 21 ਜਨਵਰੀ 2025 ਤੋਂ ਫੈਮਲੀ ਓਪਨ ਵਰਕ ਪਰਮਿਟਾਂ 'ਤੇ ਹੋਰ ਸਖ਼ਤ ਪਾਬੰਦੀਆਂ ਲਾਗੂ




ਟੋਰਾਂਟੋ (ਬਲਜਿੰਦਰ ਸੇਖਾ): ਕੈਨੇਡਾ ਸਰਕਾਰ ਹੁਣ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਵਿਦੇਸ਼ੀ ਕਾਮਿਆਂ ਦੇ ਪਰਿਵਾਰਕ ਮੈਂਬਰਾਂ ਲਈ ਵਰਕ ਪਰਮਿਟਾਂ 'ਤੇ ਵੱਡੀਆਂ ਪਾਬੰਦੀਆਂ ਲਾਗੂ ਕਰ ਰਹੀ ਹੈ,ਯਾਦ ਰਹੇ 2024 ਦੇ ਸਤੰਬਰ ਵਿੱਚ ਪਹਿਲੀ ਵਾਰ ਇਹਨਾਂ ਤਬਦੀਲੀਆਂ ਦਾ ਐਲਾਨ ਕਰਨ ਤੋਂ ਬਾਅਦ ਹੁਣ 21 ਜਨਵਰੀ, 2025 ਤੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਪਰਿਵਾਰਕ ਓਪਨ ਵਰਕ ਪਰਮਿਟ (OWPs) ਵਰਤਮਾਨ ਵਿੱਚ ਦਾਖਲ ਹੋਏ ਵਿਦਿਆਰਥੀਆਂ ਦੇ ਜੀਵਨ ਸਾਥੀ ਜਾਂ ਕਾਮਨ-ਲਾਅ ਭਾਈਵਾਲਾਂ ਤੱਕ ਹੀ ਲਾਗੂ ਹੋਣਗੇ।

ਮਾਸਟਰ ਪ੍ਰੋਗਰਾਮ ਜੋ 16 ਮਹੀਨੇ ਜਾਂ ਇਸ ਤੋਂ ਵੱਧ ਮਿਆਦ ਦੇ ਹਨ ਡਾਕਟੋਰਲ ਪ੍ਰੋਗਰਾਮ ਲਈ ਯੋਗ ਹੋਣਗੇ।

ਇਸ ਬਦਲਾਅ ਤੋਂ ਪਹਿਲਾਂ, ਵਿਦਿਆਰਥੀ ਦੇ ਜੀਵਨ ਸਾਥੀ ਨੂੰ SOWP ਲਈ ਯੋਗ ਬਣਾਉਣ ਲਈ ਮਾਸਟਰ ਪ੍ਰੋਗਰਾਮ ਦੀ ਮਿਆਦ 16 ਮਹੀਨੇ ਜਾਂ ਇਸ ਤੋਂ ਵੱਧ ਹੋਣੀ ਜ਼ਰੂਰੀ ਨਹੀਂ ਸੀ।

ਇਸ ਤੋਂ ਇਲਾਵਾ, ਵਿਦੇਸ਼ੀ ਕਾਮਿਆਂ ਲਈ ਪਰਿਵਾਰਕ OWPs ਉਹਨਾਂ ਦੇ ਜੀਵਨ ਸਾਥੀ ਜਾਂ ਕਾਮਨ-ਲਾਅ ਭਾਈਵਾਲਾਂ ਤੱਕ ਹੀ ਸੀਮਿਤ ਹੋਣਗੇ ਜੋ (TEER) ਕਿੱਤਿਆਂ ਵਿੱਚ ਕੰਮ ਕਰਦੇ ਹਨ;
TEER 1 ਕਿੱਤਿਆਂ ਵਿੱਚ; ਅਤੇ
TEER 2 ਜਾਂ 3 ਹੁਣ ਇਹਨਾ ਕਿੱਤਿਆਂ ਦੀ ਚੋਣ ਕਰੋ ਇਹਨਾਂ ਵਿੱਚ:

* ਬਾਕੀ ਸਫਾ 2 'ਤੇ

## ਐਨ.ਡੀ.ਪੀ ਆਗੂ ਨੇ ਲਲਕਾਰਿਆ ਟਰੰਪ

### ਕਿਹਾ- ਵਿਕਾਊ ਨਹੀਂ ਸਾਡਾ ਕੈਨੇਡਾ





ਓਟਾਵਾ (ਪੰਜਾਬ ਸਟਾਰ ਬਿਊਰੋ): ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਟੈਕਸ ਵਧਾਉਣ ਦੀਆਂ ਧਮਕੀਆਂ ਤੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸਟੇਟ ਬਣਾਉਣ ਦੀ ਪੇਸ਼ਕਸ਼ ਕਰ ਚੁੱਕੇ ਹਨ ਅਜਿਹੇ ਵਿੱਚ ਇਹ ਮਾਮਲਾ ਲਗਾਤਾਰ ਵੱਧਦਾ ਹੋਇਆ ਨਜ਼ਰ ਆ ਰਿਹਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਵਿਦੇਸ਼ ਮੰਤਰੀ ਮੇਲਾਨੀਆ ਜੋਲੀ ਤੋਂ ਬਾਅਦ ਹੁਣ ਕੈਨੇਡਾ ਦੀ ਨਿਊ ਡੈਮੋਕਰੈਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਨੇ ਵੀ ਕਰੜੇ ਸ਼ਬਦਾਂ ਚ ਨਿੰਦਾ ਕਰਦਿਆਂ ਪੇਸ਼ਕਸ਼ ਠੁਕਰਾ ਦਿੱਤੀ ਹੈ। ਡੋਨਾਲਡ ਟਰੰਪ ਦੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਲਈ ਸਿਰਫ਼ ਇੱਕ ਹਫ਼ਤਾ ਬਾਕੀ ਹੈ। ਇਸਤੋਂ ਪਹਿਲਾਂ ਹੀ ਕੈਨੇਡਾ ਨੂੰ 51ਵਾਂ ਸਟੇਟ ਬਣਾਉਣ ਵਾਲੇ ਬਿਆ ਨੂੰ ਲੈ ਕੇ ਵਿਵਾਦ ਛਿੜ ਗਿਆ ਹੈ। ਡੋਨਾਲਡ ਟਰੰਪ ਨੂੰ ਜਵਾਬ ਦਿੰਦਿਆ ਐਨਡੀਪੀ ਦੇ ਆਗੂ ਜਗਮੀਤ ਸਿੰਘ ਨੇ ਆਪਣਾ ਗੁੱਸਾ ਜਾਹਿਰ ਕਰਦਿਆਂ ਕਿਹਾ ਕਿ ਸਾਡਾ ਦੇਸ਼ ਵਿਕਾਊ ਨਹੀਂ ਹੈ। ਐਨਡੀਪੀ ਨੇਤਾ ਜਗਮੀਤ ਸਿੰਘ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਵੀਡੀਓ ਪੋਸਟ ਕੀਤਾ।

'ਮੇਰੇ ਕੋਲ ਡੋਨਾਲਡ ਟਰੰਪ ਲਈ ਇੱਕ ਸੰਦੇਸ਼ ਹੈ। ਸਾਡਾ ਦੇਸ਼ ਵਿਕਾਊ ਨਹੀਂ ਹੈ।

* ਬਾਕੀ ਸਫਾ 2 'ਤੇ

## ਲਾਸ ਐਂਜਲਸ 'ਚ ਅੱਗ ਦਾ ਕਹਿਰ

### ਹੁਣ ਤੱਕ 25 ਲੋਕਾਂ ਦੀ ਮੌਤ ਤੇ 30 ਲਾਪਤਾ

### 12,000 ਤੋਂ ਵੱਧ ਇਮਾਰਤਾਂ ਸੜ ਕੇ ਹੋਈਆਂ ਸੁਆਹ



(ਪੰਜਾਬ ਸਟਾਰ ਬਿਊਰੋ)

ਅਮਰੀਕਾ ਦੇ ਲਾਸ ਐਂਜਲਸ ਵਿੱਚ ਅੱਗ ਲੱਗਣ ਕਾਰਨ 25 ਲੋਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ ਲਗਭਗ 30 ਲੋਕ ਲਾਪਤਾ ਹਨ। ਮਿਲੀ ਜਾਣਕਾਰੀ ਅਨੁਸਾਰ 90 ਹਜ਼ਾਰ ਲੋਕਾਂ ਨੂੰ ਐਮਰਜੈਂਸੀ ਐਗਜ਼ਿਟ ਅਲਰਟ (ਸ਼ਹਿਰ ਛੱਡਣ ਲਈ ਚੇਤਾਵਨੀ) ਦਿੱਤਾ ਗਿਆ ਹੈ। ਪੁਲਿਸ ਨੇ ਹੁਣ ਤਕ ਪ੍ਰਭਾਵਿਤ ਇਲਾਕਿਆਂ ਤੋਂ 50 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਲੋਕਾਂ 'ਤੇ ਲੁੱਟ-ਖੋਹ, ਅੱਗ ਪ੍ਰਭਾਵਿਤ ਇਲਾਕਿਆਂ ਵਿੱਚ ਡਰੋਨ ਉਡਾਉਣ ਅਤੇ ਕਰਫਿਊ ਦੀ ਉਲੰਘਣਾ ਸਮੇਤ ਕਈ ਦੋਸ਼ ਹਨ।

ਮੰਗਲਵਾਰ ਨੂੰ ਹਵਾ ਦੀ ਗਤੀ ਅਨੁਮਾਨ ਨਾਲੋਂ ਘੱਟ ਸੀ, ਜਿਸ ਨਾਲ ਬਚਾਅ ਟੀਮਾਂ ਨੂੰ ਅੱਗ 'ਤੇ ਕਾਬੂ ਪਾਉਣ ਵਿੱਚ ਬਹੁਤ ਮਦਦ ਮਿਲੀ। ਇਸ ਵੇਲੇ, ਪੈਲੀਸੇਡਸ ਅਤੇ ਈਟਨ ਨੂੰ ਛੱਡ ਕੇ ਸਾਰੇ

* ਬਾਕੀ ਸਫਾ 2 'ਤੇ

## ਕੈਨੇਡਾ 'ਚ ਨੌਕਰੀ ਤੋਂ ਕੱਢੇ ਜਾਣਗੇ 10 ਲੱਖ ਪ੍ਰਵਾਸੀ !

### ਟਰੰਪ ਦੇ ਟੈਕਸਾਂ ਦਾ ਸਭ ਤੋਂ ਵੱਡਾ ਅਸਰ ਉਨਟਾਰੀਓ 'ਤੇ



ਟੋਰਾਂਟੋ (ਪੰਜਾਬ ਸਟਾਰ ਬਿਊਰੋ): ਕੈਨੇਡਾ ਵਿਚ 10 ਲੱਖ ਨੌਕਰੀਆਂ ਖਤਮ ਹੋਣ ਦਾ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਵਿਚੋਂ 5 ਲੱਖ ਨੌਕਰੀਆਂ ਇਕੱਲੇ ਉਨਟਾਰੀਓ ਵਿਚੋਂ ਖਤਮ ਹੋ ਸਕਦੀਆਂ ਹਨ। ਦੂਜਾ ਸਭ ਤੋਂ ਵੱਧ ਪ੍ਰਭਾਵਤ ਹੋਣ ਵਾਲਾ ਸੂਬਾ ਐਲਬਰਟਾ ਦੱਸਿਆ ਜਾ ਰਿਹਾ ਹੈ ਅਤੇ ਇਸ ਮਗਰੋਂ ਬੀ.ਸੀ. ਦਾ ਨੰਬਰ ਆਉਂਦਾ ਹੈ। ਡੌਨਲਡ ਟਰੰਪ ਦੇ ਸਹੁੰ ਚੁੱਕਣ ਮਗਰੋਂ ਲੱਗਣ ਵਾਲੇ ਟੈਕਸਾਂ ਦੇ ਅਸਰ ਦਾ ਜ਼ਿਕਰ ਕਰਦਿਆਂ ਉਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਨੇ ਕਿਹਾ ਕਿ ਫੈਡਰਲ ਸਰਕਾਰ ਨੂੰ ਤਕੜੇ ਹੋ ਕੇ ਮੋੜਵਾਂ ਜਵਾਬ ਦੇਣਾ ਹੋਵੇਗਾ। ਕੈਨੇਡਾ ਵਿਚ ਨੌਕਰੀਆਂ ਖਤਮ ਹੋਣ ਦਾ ਅੰਕੜਾ ਟੈਕਸਾਂ ਰਾਹੀਂ ਸਿੱਧੇ ਤੌਰ 'ਤੇ ਪ੍ਰਭਾਵਤ ਹੋਣ ਵਾਲੇ ਖੇਤਰਾਂ 'ਤੇ ਨਿਰਭਰ ਕਰੇਗਾ ਪਰ ਡਗ ਫ਼ੋਰਡ ਸਰਕਾਰ ਦਾ ਮੰਨਣਾ ਹੈ ਕਿ ਉਨਟਾਰੀਓ ਵਿਚ ਗਿਣਤੀ 4 ਲੱਖ 50 ਹਜ਼ਾਰ ਤੋਂ 5 ਲੱਖ ਦਰਮਿਆਨ ਹੋ ਸਕਦੀ ਹੈ।

ਕੈਨੇਡੀਅਨ ਰਾਜਾਂ ਅਤੇ ਟੈਰੇਟ੍ਰੀਜ਼ ਦੇ ਸਾਰੇ ਪ੍ਰੀਮੀਅਰ ਅੱਜ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਮੁਲਾਕਾਤ ਕਰ ਰਹੇ ਹਨ ਜਿਸ ਦੌਰਾਨ ਜਵਾਬੀ ਕਾਰਵਾਈ ਦਾ ਖਰੜਾ ਤਿਆਰ ਕੀਤਾ ਜਾਵੇਗਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਗ ਫ਼ੋਰਡ ਨੇ ਸਪੱਸ਼ਟ ਲਫ਼ਜ਼ਾਂ ਵਿਚ ਕਿਹਾ ਕਿ ਸਾਨੂੰ ਸਭਨਾਂ ਨੂੰ ਟੀਮ ਕੈਨੇਡਾ ਵਜੋਂ ਕੰਮ ਕਰਨਾ ਹੋਵੇਗਾ ਅਤੇ ਇਕਸੁਰ ਆਵਾਜ਼ ਵਿਚ ਅਮਰੀਕੀ ਵਸਤਾਂ 'ਤੇ ਮੋੜਵੇਂ ਟੈਕਸਾਂ ਦੀ ਨੀਤੀ ਘੜਨੀ ਹੋਵੇਗੀ। ਇਥੇ ਦਸਣਾ ਬਣਦਾ ਹੈ ਕਿ ਐਲਬਰਟਾ ਦੀ ਪ੍ਰੀਮੀਅਰ ਇਸ ਮੁੱਦੇ 'ਤੇ ਵੱਖਰੀ ਸੁਰ ਅਲਾਪ ਰਹੇ ਹਨ ਜਿਨ੍ਹਾਂ ਵੱਲੋਂ ਹਾਲ ਹੀ ਫਲੋਰੀਡਾ ਜਾ ਕੇ ਡੌਨਲਡ ਟਰੰਪ ਨਾਲ

* ਬਾਕੀ ਸਫਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ




www.MakeMeDebtFree.ca
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

A-One Truck & Trailer Repair
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569,
416-388-1605
ਵਾਜ਼ਬ ਕੀਮਤ ਵਧੀਆ ਸਰਵਿਸ
1246 Aimco Blvd, Mississauga, ON L4W 1B2





Gill Tire Centre
ਟਰੱਕਾਂ ਦੇ ਟਾਇਰ ਵਾਜ਼ਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਫੇਸਬੁੱਕ ਫੋਟੋ ਬਣ ਗਈ ਮੁਸੀਬਤ, ਬਿਨਾਂ ਕੋਈ ਜੁਰਮ ਕੀਤੇ 3 ਸਾਲ ਲਈ ਜਾਣਾ ਪਿਆ ਜੇਲ੍ਹ



ਬ੍ਰਾਜ਼ੀਲ: ਬ੍ਰਾਜ਼ੀਲ 'ਚ ਇਕ ਵਿਅਕਤੀ ਨੂੰ ਆਪਣੀਆਂ ਫੋਟੋਆਂ ਸੋਸ਼ਲ ਮੀਡੀਆ 'ਤੇ ਸ਼ੇਅਰ ਕਰਨੀਆਂ ਮਹਿੰਗੀਆਂ ਪੈ ਗਈਆਂ ਹਨ। ਇਨ੍ਹਾਂ ਫੋਟੋਆਂ ਕਾਰਨ ਉਹ ਵਿਅਕਤੀ ਬਿਨਾਂ ਕੋਈ ਜੁਰਮ ਕੀਤੇ ਸਿੱਧਾ ਜੇਲ੍ਹ ਚਲਾ ਗਿਆ। ਪੂਰਾ ਮਾਮਲਾ ਜਾਣ ਕੇ ਤੁਸੀਂ ਵੀ ਹੈਰਾਨ ਰਹਿ ਜਾਓਗੇ। ਰਿਪੋਰਟ ਮੁਤਾਬਿਕ ਬ੍ਰਾਜ਼ੀਲ ਦੀ ਰਾਜਧਾਨੀ ਰੀਓ ਡੀ ਜੇਨੇਰੀਓ 'ਚ ਰਹਿਣ ਵਾਲਾ ਪਾਉਲੋ ਅਲਬਰਟੋ ਦਾ ਸਿਲਵਾ ਕੋਸਟਾ ਨਾਂ ਦਾ ਵਿਅਕਤੀ ਅਕਸਰ ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁੱਕ 'ਤੇ ਆਪਣੀਆਂ ਤਸਵੀਰਾਂ ਸ਼ੇਅਰ ਕਰਦਾ ਰਹਿੰਦਾ ਸੀ। ਇਨ੍ਹਾਂ ਤਸਵੀਰਾਂ ਕਾਰਨ ਉਸ ਨੂੰ ਸਾਲ 2020 'ਚ ਅਚਾਨਕ ਗ੍ਰਿਫਤਾਰ ਕਰ ਲਿਆ ਗਿਆ ਸੀ। ਉਸ ਖ਼ਿਲਾਫ਼ 2 ਕ.ਤਲਾਂ ਸਮੇਤ 62 ਕੇਸ ਦਰਜ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਅਲਬਰਟੋ ਦਾ ਕੋਈ ਅਪਰਾਧ ਇਤਿਹਾਸ ਨਹੀਂ ਸੀ। ਇਸ ਦੇ ਨਾਲ ਹੀ ਉਸ 'ਤੇ ਅਜਿਹੇ ਮਾਮਲੇ ਦਰਜ ਕੀਤੇ ਗਏ ਸਨ, ਜਿਸ ਕਾਰਨ ਉਸ ਨੂੰ 3 ਸਾਲ ਤੱਕ ਜੇਲ੍ਹ ਜਾਣਾ ਪਿਆ ਸੀ। ਅਲਬਰਟੋ ਨੂੰ ਪਤਾ ਸੀ ਕਿ ਉਹ ਬੇਕਸੂਰ ਹੈ, ਇਸ ਲਈ ਜ਼ਮਾਨਤ ਨਾ ਮਿਲਣ ਦੇ ਬਾਵਜੂਦ ਉਹ ਸੁਪਰੀਮ ਕੋਰਟ ਤੱਕ ਲੜਦਾ ਰਿਹਾ। ਆਖਿਰ ਅਜਿਹਾ ਕੀ ਹੋਇਆ, ਸੁਣ ਕੇ ਤੁਸੀਂ ਵੀ ਚੌਂਕ ਜਾਉਂਗੇ।

ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਜਦੋਂ ਬ੍ਰਾਜ਼ੀਲ ਦੀ ਪੁਲਿਸ ਨੇ ਸੋਸ਼ਲ ਮੀਡੀਆ ਤੋਂ ਅਲਬਰਟੋ ਦੀਆਂ ਫੋਟੋਆਂ ਇਕੱਠੀਆਂ ਕਰਕੇ ਗਵਾਹਾਂ ਅਤੇ ਪੀੜਤਾਂ ਨੂੰ ਦਿਖਾਈਆਂ ਤਾਂ ਉਨ੍ਹਾਂ ਨੇ ਵੀ ਉਸ ਨੂੰ ਕਾਤ.ਲ ਕਰਾਰ ਦੇ ਦਿੱਤਾ। ਦਰਅਸਲ, ਪੁਲਿਸ ਨੇ ਅਲਬਰਟੋ ਦੀਆਂ ਤਸਵੀਰਾਂ ਇੱਕ ਸ਼ੱਕੀ ਐਲਬਮ ਵਿੱਚ ਪਾ ਦਿੱਤੀਆਂ ਸਨ। ਬ੍ਰਾਜ਼ੀਲ 'ਚ ਪੁਲਿਸ ਇਸ ਐਲਬਮ ਰਾਹੀਂ ਦੋਸ਼ੀਆਂ ਦੀ ਪਛਾਣ ਕਰਨ 'ਚ ਲੋਕਾਂ ਦੀ ਮਦਦ ਕਰਦੀ ਹੈ, ਹਾਲਾਂਕਿ ਕਈ ਵਾਰ ਅਜਿਹੇ ਮਾਮਲੇ ਸਾਹਮਣੇ ਆਏ ਹਨ ਜਦੋਂ ਪੁਲਿਸ ਕਿਸੇ ਖਾਸ ਤਰ੍ਹਾਂ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਂਦੀ ਹੈ। ਖਾਸ ਕਰਕੇ ਕਾਲੇ ਲੋਕਾਂ ਨੂੰ ਇਸ ਤਰੀਕੇ ਨਾਲ ਬਹੁਤ ਜ਼ਿਆਦਾ ਨਿਸ਼ਾਨਾ ਬਣਾਇਆ ਜਾਂਦਾ ਹੈ। 37 ਸਾਲਾ ਅਲਬਰਟੋ ਨੇ ਕਿਹਾ, 'ਪੁਲਿਸ ਨੇ ਮੇਰੇ ਨਾਲ ਜੋ ਵੀ ਕੀਤਾ ਉਹ ਕਾਇਰਤਾ ਸੀ। ਉਨ੍ਹਾਂ ਨੇ ਮੇਰੀ ਜ਼ਿੰਦਗੀ ਬਰਬਾਦ ਕਰ ਦਿੱਤੀ ਕਿਉਂਕਿ ਮੈਂ ਕਾਲਾ ਅਤੇ ਗਰੀਬ ਹਾਂ। ਬ੍ਰਾਜ਼ੀਲ ਵਿੱਚ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ ਜਦੋਂ ਕਿਸੇ ਗਲਤ ਵਿਅਕਤੀ ਨੂੰ ਦੋਸ਼ੀ ਠਹਿਰਾਇਆ ਗਿਆ ਹੋਵੇ ਅਤੇ ਸਜ਼ਾ ਦਿੱਤੀ ਗਈ ਹੋਵੇ। ਸਾਲ 2023 ਵਿੱਚ, ਸੁਪਰੀਮ ਕੋਰਟ ਨੇ ਅਜਿਹੇ 377 ਕੇਸਾਂ ਨੂੰ ਪਲਟ ਦਿੱਤਾ ਹੈ, ਜਿਸ ਵਿੱਚ ਇੱਕ ਹੋਰ ਵਿਅਕਤੀ ਨੂੰ ਗਲਤ ਪਛਾਣ ਕਾਰਨ ਜੇਲ੍ਹ ਦੀ ਸਜ਼ਾ ਕੱਟਣੀ ਪਈ ਸੀ। ਸੁਪਰੀਮ ਕੋਰਟ ਵੱਲੋਂ ਪਛਾਣ ਦੇ ਇਸ ਤਰੀਕੇ ਨੂੰ ਬਦਲਣ ਦੇ ਨਿਰਦੇਸ਼ ਦਿੱਤੇ ਜਾਣ ਦੇ ਬਾਵਜੂਦ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ।

# ਕੈਨੇਡਾ 'ਚ 15 ਤੋਂ 17 ਜੂਨ ਨੂੰ ਹੋਵੇਗਾ ਜੀ-7 ਸੰਮੇਲਨ



ਓਟਾਵਾ : ਜੀ-7 ਸੰਮੇਲਨ 15-17 ਜੂਨ ਨੂੰ ਕੈਨੇਡਾ ਦੇ ਕਨਾਨਾਸਕਿਸ ਵਿਚ ਹੋਵੇਗਾ। ਸੋਮਵਾਰ ਨੂੰ ਆਈਆਂ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਅਮਰੀਕਾ, ਫਰਾਂਸ, ਜਰਮਨੀ, ਜਾਪਾਨ, ਬ੍ਰਿਟੇਨ, ਇਟਲੀ ਅਤੇ ਕੈਨੇਡਾ ਦੇ ਨਾਲ-ਨਾਲ ਯੂਰਪੀਅਨ ਯੂਨੀਅਨ ਦੇ ਨੇਤਾ ਇਸ ਸਮਾਗਮ ਵਿਚ ਸ਼ਾਮਲ ਹੋਣਗੇ। ਪ੍ਰਬੰਧਕਾਂ ਨੇ ਅਜੇ ਤੱਕ ਵਿਸਤ੍ਰਿਤ ਵੇਰਵੇ ਨਹੀਂ ਦਿੱਤੇ ਹਨ। ਕਾਨਾਨਾਸਕਿਸ ਨੇ 2002 ਵਿਚ ਅੱਠਾਂ ਦੇ ਸਮੂਹ (ਜੀ8) ਸੰਮੇਲਨ ਦੀ ਮੇਜ਼ਬਾਨੀ ਕੀਤੀ ਸੀ, ਜਦੋਂ ਰੂਸ 2014 ਵਿਚ ਬਾਹਰ ਕੀਤੇ ਜਾਣ ਤੋਂ ਪਹਿਲਾਂ ਬਲਾਕ ਦਾ ਹਿੱਸਾ ਸੀ। ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀਆ ਜੋਲੀ ਨੇ ਪਹਿਲਾਂ ਕਿਹਾ ਸੀ ਕਿ ਕੈਨੇਡਾ, ਸੱਤ ਦੇਸ਼ਾਂ ਦੇ ਸਮੂਹ ਦੇ ਮੁਖੀ ਹੋਣ ਦੇ ਨਾਤੇ, ਸਮੁੰਦਰੀ ਸੁਰੱਖਿਆ, ਪਾਬੰਦੀਆਂ ਦੀ ਉਲੰਘਣਾ ਵਿਰੁੱਧ ਲੜਾਈ, 'ਸ਼ੈਡੋ ਫਲੀਟ' ਅਤੇ ਪਾਣੀ ਦੇ ਹੇਠਲੇ ਬੁਨਿਆਦੀ ਢਾਂਚੇ ਦੀ ਸੁਰੱਖਿਆ ਦੇ ਮੁੱਦਿਆਂ 'ਤੇ ਕੰਮ ਕਰਨ ਦੀ ਯੋਜਨਾ ਬਣਾ ਰਿਹਾ ਹੈ।

# ਫਿਰੌਤੀ ਲਈ Brampton 'ਚ ਭਾਰਤੀ ਮੂਲ ਦੇ ਵਪਾਰੀ ਦੇ ਘਰ 'ਤੇ ਗੋਲੀਬਾਰੀ ਦੇ ਦੋਸ਼ 'ਚ 7 ਪੰਜਾਬੀ ਗ੍ਰਿਫ਼ਤਾਰ




ਵੈਨਕੂਵਰ : ਓਨਟਾਰੀਓ ਦੀ ਪੀਲ ਪੁਲੀਸ ਨੇ ਪੈਸੇ ਬਟੋਰਨ ਲਈ ਬਰੈਂਪਟਨ ਦੇ ਇੱਕ ਘਰ 'ਤੇ ਦੋ ਵਾਰ ਗੋਲੀਬਾਰੀ ਕਰਨ ਦੇ ਮਾਮਲੇ ਵਿਚ ਸੱਤ ਪੰਜਾਬੀ ਨੌਜੁਆਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ 'ਚੋਂ ਤਿੰਨ-ਮਨਪ੍ਰੀਤ ਸਿੰਘ (27), ਦਿਲਪ੍ਰੀਤ ਸਿੰਘ (23) ਤੇ ਹਰਸ਼ਦੀਪ ਸਿੰਘ (23) 'ਤੇ ਦੋਸ਼ ਹਨ ਕਿ ਉਨ੍ਹਾਂ ਨੇ ਲੰਘੀ 30 ਨਵਬੰਰ ਨੂੰ ਰਾਤ 2 ਵਜੇ ਮੌਂਟਿਨਬੈਰੀ ਰੋਡ ਉੱਤੇ ਮੌਂਟੈਨਿਸ਼ ਰੋਡ ਕੋਲ ਇੱਕ ਵਪਾਰੀ ਦੀ ਰਿਹਾਇਸ਼ 'ਤੇ ਗੋਲੀਆਂ ਚਲਾਈਆਂ ਤੇ ਫਰਾਰ ਹੋ ਗਏ।

ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਉਨ੍ਹਾਂ ਦੀ ਪਛਾਣ ਕਰ ਕੇ ਉਨ੍ਹਾਂ ਦੀ ਰਿਹਾਇਸ਼ ਦੀ ਤਲਾਸ਼ੀ ਦੌਰਾਨ ਉੱਥੋਂ ਬੰਦੂਕ ਤੇ ਗੋਲੀ ਸਿੱਕਾ ਮਿਲਿਆ ਹੈ, ਪਰ ਮੁਲਜ਼ਮ ਉੱਥੋਂ ਫਰਾਰ ਹੋ ਚੁੱਕੇ ਸਨ। ਉਸੇ ਘਰ ਉੱਤੇ 2 ਜਨਵਰੀ ਦੀ ਰਾਤ ਨੂੰ ਫਿਰ ਗੋਲੀਬਾਰੀ ਕੀਤੀ ਗਈ। ਦੋਹੇਂ ਵਾਰ ਹੋਈ ਗੋਲੀਬਾਰੀ ਵਿੱਚ ਘਰ ਦੇ ਮੈਂਬਰ ਸੁਰੱਖਿਅਤ ਰਹੇ, ਪਰ ਉਨ੍ਹਾਂ ਦੇ ਮਨਾਂ 'ਚ ਦਹਿਸ਼ਤ ਪੈਦਾ ਹੋ ਗਈ। ਦੂਜੀ ਗੋਲੀਬਾਰੀ ਪਹਿਲੇ ਸ਼ੱਕੀਆਂ ਦੇ ਜਾਣਕਾਰਾਂ ਵਲੋਂ ਕੀਤੇ ਹੋਣ ਦਾ ਸਬੂਤ ਕੈਮਰਿਆਂ 'ਚੋਂ ਮਿਲਣ 'ਤੇ ਇਹ ਸਾਫ਼ ਹੋ ਗਿਆ ਕਿ ਉਹ ਇੱਕੋ ਗਰੋਹ ਦੇ ਮੈਂਬਰ ਹਨ।

ਪੁਲਿਸ ਨੇ ਅਦਾਲਤ ਤੋਂ ਤਲਾਸ਼ੀ ਵਰੰਟ ਲੈ ਕੇ ਜਦ ਉਨ੍ਹਾਂ ਦੀ ਰਿਹਾਇਸ਼ ਦੀ ਛਾਣਬੀਣ ਕੀਤੀ ਤਾਂ ਉਥੋਂ ਵੀ ਅਸਲਾ ਤੇ ਗੋਲਾ ਬਾਰੂਦ ਮਿਲ ਗਿਆ। ਪੁਲੀਸ ਨੇ ਹੋਰ ਸਬੂਤ ਇਕੱਤਰ ਕਰ ਕੇ ਉਸ ਘਟਨਾ ਦੇ ਸ਼ੱਕੀ ਦੋਸ਼ੀਆਂ ਧਰਮਪ੍ਰੀਤ ਸਿੰਘ (25), ਮਨਪ੍ਰਤਾਪ ਸਿੰਘ (27), ਆਤਮਜੀਤ ਸਿੰਘ (30) ਤੇ ਅਰਵਿੰਦਰਪਾਲ ਸਿੰਘ (21) ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਸਾਰਿਆਂ ਨੂੰ ਅਗਲੀ ਕਾਰਵਾਈ ਲਈ ਅਦਾਲਤ ਵਿੱਚ ਪੇਸ਼ ਕੀਤਾ ਜਾਏਗਾ। ਇਨ੍ਹਾਂ 'ਚੋਂ ਚਾਰ ਤਾਂ ਪਹਿਲਾਂ ਵੀ ਇੰਜ ਦੀਆਂ ਕਾਰਵਾਈਆਂ ਵਿੱਚ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਸਨ, ਜਿਸ ਕਾਰਨ ਉਨ੍ਹਾਂ ਖਿਲਾਫ਼ ਜ਼ਮਾਨਤ ਸ਼ਰਤਾਂ ਦੀ ਉਲੰਘਣਾ ਦਾ ਜੁਰਮ ਵੀ ਜੁੜ ਗਿਆ ਹੈ। ਪਤਾ ਲੱਗਾ ਹੈ ਕਿ ਉਹ ਘਰ, ਜਿਸ 'ਤੇ ਦੋ ਵਾਰ ਗੋਲੀਬਾਰੀ ਹੋਈ, ਭਾਰਤੀ ਮੂਲ ਦੇ ਵਪਾਰੀ ਦਾ ਹੈ ਤੇ ਉਸ ਤੋਂ ਫਿਰੌਤੀ ਦੀ ਮੰਗ ਕੀਤੀ ਗਈ ਸੀ, ਪਰ ਉਸਨੇ ਇਸ ਦੀ ਪ੍ਰਵਾਹ ਨਾ ਕੀਤੀ। ਸਮਝਿਆ ਜਾਂਦਾ ਹੈ ਕਿ ਗੋਲੀਬਾਰੀ ਉਸ ਨੂੰ ਡਰਾਉਣ ਲਈ ਕੀਤੀ ਜਾਂਦੀ ਸੀ ਤਾਂ ਕਿ ਉਹ ਫਿਰੌਤੀ ਦੀ ਰਕਮ ਦੇਣ ਲਈ ਤਿਆਰ ਹੋ ਜਾਏ।

# ਕੈਨੇਡੀਅਨ ਮੰਤਰੀ ਫ਼ਰੈਂਕੋਇਸ ਸ਼ੈਂਪੇਨ ਲਿਬਰਲ ਪਾਰਟੀ ਲੀਡਰਸ਼ਿਪ ਦੀ ਦੌੜ ਤੋਂ ਹਟੇ ਪਿੱਛੇ

ਕੈਨੇਡਾ ਦੇ ਇਨੋਵੇਸ਼ਨ, ਵਿਗਿਆਨ ਅਤੇ ਉਦਯੋਗ ਮੰਤਰੀ ਫ਼ਰੈਂਕੋਇਸ ਫਿਲਿਪ ਸ਼ੈਂਪੇਨ ਨੇ ਕਿਹਾ ਕਿ ਉਹ ਆਉਣ ਵਾਲੀ ਚੋਣਾਂ 'ਚ ਕੈਨੇਡਾ ਦੀ ਲਿਬਰਲ ਪਾਰਟੀ ਦੀ ਅਗਵਾਈ ਨਹੀਂ ਮੰਗਣਗੇ। ਉਸਨੇ ਇਸ ਫ਼ੈਸਲੇ ਨੂੰ ਔਖਾ ਦਸਿਆ ਅਤੇ ਦੇਸ਼ ਭਰ ਦੇ ਕੈਨੇਡੀਅਨਾਂ, ਸਹਿਯੋਗੀਆਂ ਅਤੇ ਪ੍ਰਬੰਧਕਾਂ ਦਾ ਧਨਵਾਦ ਕੀਤਾ।

ਐਕਸ 'ਤੇ ਇਕ ਪੋਸਟ ਸ਼ੇਅਰ ਕਰਦੇ ਹੋਏ, ਕੈਨੇਡੀਅਨ ਮੰਤਰੀ ਫ਼ਰੈਂਕੋਇਸ ਸ਼ੈਂਪੇਨ ਨੇ ਕਿਹਾ, ''ਮੈਂ ਆਉਣ ਵਾਲੀ ਚੋਣਾਂ ਵਿਚ ਲਿਬਰਲ ਪਾਰਟੀ ਆਫ਼ ਕੈਨੇਡਾ ਦੀ ਅਗਵਾਈ ਨਹੀਂ ਮੰਗਾਂਗਾ। ਇਹ ਇਕ ਮੁਸ਼ਕਲ ਫ਼ੈਸਲਾ ਹੈ ਪਰ ਮੈਂ ਕੈਨੇਡਾ ਨੂੰ ਧਿਆਨ ਵਿਚ ਰੱਖ ਕੇ ਇਹ ਫ਼ੈਸਲਾ ਲਿਆ ਹੈ। ਮੈਂ ਕੈਨੇਡਾ ਦੇ ਲੋਕਾਂ, ਦੇਸ਼ ਭਰ ਦੇ ਅਪਣੇ ਸਹਿਯੋਗੀਆਂ ਅਤੇ ਪ੍ਰਬੰਧਕਾਂ ਦਾ ਧਨਵਾਦ ਕਰਦਾ ਹਾਂ। ਜੋ ਇਕ ਮਾਣਮੱਤੇ, ਅਭਿਲਾਸ਼ੀ ਅਤੇ ਖ਼ੁਸ਼ਹਾਲ ਕੈਨੇਡਾ ਦੇ ਦ੍ਰਿਸ਼ਟੀਕੋਣ ਨੂੰ ਸਾਂਝਾ ਕਰਦੇ ਹਨ।''



ਕੈਨੇਡੀਅਨ ਮੰਤਰੀ ਫ਼ਰੈਂਕੋਇਸ ਸ਼ੈਂਪੇਨ ਤੋਂ ਪਹਿਲਾਂ, ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਕੈਨੇਡਾ ਦੀ ਲਿਬਰਲ ਪਾਰਟੀ ਦੀ ਅਗਵਾਈ ਲਈ ਚੋਣ ਨਾ ਕਰਨ ਦਾ ਐਲਾਨ ਕੀਤਾ ਸੀ, ਜਿਸ ਵਿਚ ਉਨ੍ਹਾਂ ਨੇ ਆਰਥਕ ਦਬਾਅ ਅਤੇ ਅਮਰੀਕਾ ਦੇ ਚੁਣੇ ਹੋਏ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਟੈਰਿਫ਼ ਧਮਕੀਆਂ ਸਮੇਤ ਅੰਤਰਰਾਸ਼ਟਰੀ ਚੁਨੌਤੀਆਂ ਨਾਲ ਨਜਿੱਠਣ 'ਤੇ ਧਿਆਨ ਕੇਂਦਰਤ ਕਰਨ ਦੀ ਲੋੜ ਦਾ ਹਵਾਲਾ ਦਿਤਾ ਸੀ।

ਕੈਨੇਡੀਅਨ ਮੰਤਰੀ ਫ਼ਰੈਂਕੋਇਸ ਸ਼ੈਂਪੇਨ ਦਾ ਇਹ ਐਲਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਉਸ ਐਲਾਨ ਤੋਂ ਬਾਅਦ ਆਇਆ ਹੈ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਜਿਵੇਂ ਇਸ ਅਹੁਦੇ ਲਈ ਕੋਈ ਨਵਾਂ ਉਮੀਦਵਾਰ ਮਿਲ ਜਾਵੇਗਾ, ਉਹ ਲਿਬਰਲ ਪਾਰਟੀ ਦੇ ਨੇਤਾ ਅਤੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਗੇ। ਉਨ੍ਹਾਂ ਇਹ ਵੀ ਕਿਹਾ ਕਿ ਕੈਨੇਡੀਅਨ ਸੰਸਦ ਨੂੰ 24 ਮਾਰਚ ਤਕ ਮੁਲਤਵੀ ਜਾਂ ਮੁਅੱਤਲ ਕਰ ਦਿਤਾ ਜਾਵੇਗਾ। ਟਰੂਡੋ ਨੇ ਇਹ ਵੀ ਕਿਹਾ ਸੀ ਕਿ ਉਨ੍ਹਾਂ ਪ੍ਰਧਾਨ ਮੰਤਰੀ ਲਈ ਨਵੇਂ ਉਮੀਦਵਾਰ ਦੀ ਭਾਲ ਸ਼ੁਰੂ ਕਰਨ ਲਈ ਲਿਬਰਲ ਪਾਰਟੀ ਦੇ ਪ੍ਰਧਾਨ ਨਾਲ ਗੱਲ ਕੀਤੀ ਸੀ।

# ਸ਼ੰਭੂ ਤੇ ਖਨੌਰੀ ਮੋਰਚੇ ਦੇ ਕਿਸਾਨਾਂ ਦਾ ਵੱਡਾ ਐਲਾਨ



ਹਰਿਆਣਾ-ਪੰਜਾਬ ਦੀ ਸ਼ੰਭੂ ਸਰਹੱਦ 'ਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੇ 21 ਜਨਵਰੀ ਨੂੰ ਦਿੱਲੀ ਵੱਲ ਮਾਰਚ ਕਰਨ ਦਾ ਐਲਾਨ ਕੀਤਾ ਹੈ। ਕਿਸਾਨ ਆਗੂ ਸਰਵਣ ਪੰਧੇਰ ਨੇ ਕਿਹਾ ਕਿ ਇਸ ਵਿੱਚ 101 ਕਿਸਾਨ ਹਿੱਸਾ ਲੈਣਗੇ। ਸਾਰੇ ਕਿਸਾਨ ਦਿੱਲੀ ਵੱਲ ਪੈਦਲ ਜਾਣਗੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਅਜੇ ਵੀ ਗੱਲਬਾਤ ਦੇ ਮੂਡ ਵਿੱਚ ਨਹੀਂ ਹੈ, ਇਸ ਲਈ ਅੰਦੋਲਨ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਹ ਵੀ ਚਿਤਾਵਨੀ ਦਿੱਤੀ ਕਿ ਜਿਵੇਂ ਹੀ ਉਹ ਪ੍ਰਧਾਨ ਮੰਤਰੀ ਬਣੇ ਰਹਿਣਗੇ, ਦੇਸ਼ ਵਿੱਚ ਘੱਟੋ-ਘੱਟ ਸਮਰਥਨ ਮੁੱਲ 'ਤੇ ਫ਼ਸਲਾਂ ਦੀ ਖ਼ਰੀਦ ਦੀ ਗਰੰਟੀ ਦੇਣ ਵਾਲਾ ਕਾਨੂੰਨ ਲਿਆਂਦਾ ਜਾਵੇਗਾ। ਕਿਸਾਨਾਂ ਦੀਆਂ ਸਾਰੀਆਂ ਮੰਗਾਂ ਦੇਸ਼ ਦੇ ਹਿੱਤ ਵਿੱਚ ਹਨ ਅਤੇ ਇਨ੍ਹਾਂ ਨੂੰ ਲਾਗੂ ਕੀਤਾ ਜਾਵੇਗਾ। ਕਿਸਾਨਾਂ ਨੇ ਪਹਿਲਾਂ ਦਸੰਬਰ ਦੇ ਮਹੀਨੇ ਵਿੱਚ ਤਿੰਨ ਵਾਰ ਦਿੱਲੀ ਵੱਲ ਮਾਰਚ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਤਿੰਨੋਂ ਵਾਰ ਹਰਿਆਣਾ ਪੁਲਿਸ ਨੇ ਉਨ੍ਹਾਂ ਨੂੰ ਬੈਰੀਕੇਡਾਂ 'ਤੇ ਰੋਕ ਦਿੱਤਾ। ਤੁਹਾਨੂੰ ਦੱਸ ਦੇਈਏ ਕਿ ਸ਼ੰਭੂ ਅਤੇ ਖਨੌਰੀ 11 ਮਹੀਨਿਆਂ ਤੋਂ ਐਮਐਸਪੀ ਗਾਰੰਟੀ ਕਾਨੂੰਨ ਨੂੰ ਲੈ ਕੇ ਸਰਹੱਦ 'ਤੇ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਕਿਸਾਨ ਆਗੂ ਜਗਜੀਤ ਡੱਲੇਵਾਲ ਖਨੌਰੀ ਸਰਹੱਦ 'ਤੇ 52 ਦਿਨਾਂ ਤੋਂ ਭੁੱਖ ਹੜਤਾਲ 'ਤੇ ਹਨ। ਉਨ੍ਹਾਂ ਦੀ ਹਾਲਤ ਅਜੇ ਵੀ ਨਾਜ਼ੁਕ ਹੈ। ਉਨ੍ਹਾਂ ਦੇ ਸਮਰਥਨ ਵਿੱਚ, 111 ਕਿਸਾਨ ਲਗਾਤਾਰ ਦੂਜੇ ਦਿਨ ਭੁੱਖ ਹੜਤਾਲ 'ਤੇ ਹਨ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre



# ਪੇਜ ਇੱਕ ਦੀ ਬਾਕੀ

## ਜੰਗਬੰਦੀ ਦੇ ਬਾਵਜੂਦ...

ਇਜ਼ਰਾਈਲੀ ਫੌਜ ਨੇ ਪਿਛਲੇ ਕੁਝ ਦਿਨਾਂ ਵਿੱਚ ਗਾਜ਼ਾ 'ਤੇ ਹਮਲੇ ਤੇਜ਼ ਕਰ ਦਿੱਤੇ ਹਨ। ਬੁੱਧਵਾਰ ਨੂੰ ਗਾਜ਼ਾ ਪੱਟੀ ਵਿੱਚ ਇੱਕ ਸਕੂਲ ਅਤੇ ਕਈ ਘਰਾਂ 'ਤੇ ਬੰਬਾਰੀ ਕੀਤੀ ਗਈ। ਹਮਾਸ ਦੇ ਕੰਟਰੋਲ ਵਾਲੇ ਗਾਜ਼ਾ ਸਿਹਤ ਮੰਤਰਾਲੇ ਦਾ ਕਹਿਣਾ ਹੈ ਕਿ 24 ਘੰਟਿਆਂ ਵਿੱਚ ਘੱਟੋ-ਘੱਟ 62 ਲੋਕ ਮਾਰੇ ਗਏ ਹਨ। ਇਹ ਹਮਲਾ ਅਜਿਹੇ ਸਮੇਂ ਹੋਇਆ ਹੈ ਜਦੋਂ ਵਿਚੋਲਿਆਂ ਨੇ ਕਿਹਾ ਹੈ ਕਿ ਜੰਗਬੰਦੀ ਸਮਝੌਤਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਨੇੜੇ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਵੀ ਗਾਜ਼ਾ ਵਿੱਚ ਜਲਦੀ ਤੋਂ ਜਲਦੀ ਜੰਗਬੰਦੀ ਚਾਹੁੰਦੇ ਹਨ ਕਿਉਂਕਿ ਡੋਨਾਲਡ ਟਰੰਪ 20 ਜਨਵਰੀ ਨੂੰ ਅਹੁਦਾ ਸੰਭਾਲਣ ਤੋਂ ਪਹਿਲਾਂ, ਉਨ੍ਹਾਂ ਨੇ ਆਪਣੀ ਇੱਛਾ ਜ਼ਾਹਰ ਕੀਤੀ ਹੈ ਕਿ ਲੇਬਨਾਨ ਵਾਂਗ, ਗਾਜ਼ਾ ਜੰਗਬੰਦੀ ਨੂੰ ਵੀ ਉਨ੍ਹਾਂ ਦੀਆਂ ਪ੍ਰਾਪਤੀਆਂ ਵਿੱਚ ਗਿਣਿਆ ਜਾਵੇ। ਅਜਿਹੀ ਸਥਿਤੀ ਵਿੱਚ, ਜੋਅ ਬਿਡੇਨ ਅਤੇ ਮਿਸਰ ਦੇ ਰਾਸ਼ਟਰਪਤੀ ਅਬਦੇਲ-ਫਤਾਹ ਅਲ-ਸੀਸੀ ਨੇ ਸਾਂਝੇ ਤੌਰ 'ਤੇ ਇਜ਼ਰਾਈਲ ਅਤੇ ਹਮਾਸ ਨੂੰ ਯੁੱਧ ਖਤਮ ਕਰਨ ਦੀ ਅਪੀਲ ਕੀਤੀ ਹੈ।

ਇਜ਼ਰਾਈਲ ਨੇ ਹਮਲੇ ਕਿਉਂ ਤੇਜ਼ ਕੀਤੇ?

ਇਸ ਵਾਰ ਉਮੀਦਾਂ ਵਧ ਗਈਆਂ ਹਨ ਕਿ ਗਾਜ਼ਾ ਵਿੱਚ ਇਜ਼ਰਾਈਲ ਅਤੇ ਹਮਾਸ ਵਿਚਕਾਰ ਅੰਤ ਵਿੱਚ ਜੰਗਬੰਦੀ ਸਮਝੌਤਾ ਹੋ ਜਾਵੇਗਾ। ਗਾਜ਼ਾ ਉੱਤੇ ਇਜ਼ਰਾਈਲ ਦੇ 15 ਮਹੀਨਿਆਂ ਤੋਂ ਚੱਲ ਰਹੇ ਯੁੱਧ ਨੂੰ ਖਤਮ ਕਰਨ ਲਈ ਜੰਗਬੰਦੀ ਗੱਲਬਾਤ ਵਿੱਚ ਰੁਕਾਵਟ ਨੂੰ ਤੋੜਨ ਦੇ ਕੰਢੇ 'ਤੇ ਕਤਰ ਦੀ ਰਾਜਧਾਨੀ ਦੋਹਾ ਵਿੱਚ ਵਾਰਤਾਕਾਰ ਹਨ। ਆਪਣੇ ਆਖਰੀ ਵਿਦੇਸ਼ ਨੀਤੀ ਭਾਸ਼ਣ ਵਿੱਚ, ਅਹੁਦਾ ਛੱਡ ਰਹੇ ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਨੇ ਇਹ ਵੀ ਸੰਕੇਤ ਦਿੱਤਾ ਕਿ ਜਲਦੀ ਹੀ ਇੱਕ ਸਮਝੌਤਾ ਹੋਣ ਦੀ ਸੰਭਾਵਨਾ ਹੈ। ਇਸ ਮਾਮਲੇ ਤੋਂ ਜਾਣੂ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਗਾਜ਼ਾ ਵਿੱਚ ਕਿਸੇ ਵੀ ਸਮੇਂ ਜੰਗਬੰਦੀ ਹੋ ਸਕਦੀ ਹੈ। ਇਹ ਇਸ ਲਈ ਵੀ ਹੈ ਕਿਉਂਕਿ ਜੰਗਬੰਦੀ ਦੀ ਸੰਭਾਵਨਾ ਦੇ ਵਿਚਕਾਰ ਇਜ਼ਰਾਈਲ ਨੇ ਗਾਜ਼ਾ 'ਤੇ ਹਮਲੇ ਤੇਜ਼ ਕਰ ਦਿੱਤੇ ਹਨ। ਇਜ਼ਰਾਈਲ ਵੱਲੋਂ ਗਾਜ਼ਾ 'ਤੇ ਅਚਾਨਕ ਹਮਲਿਆਂ ਵਿੱਚ ਤੇਜ਼ੀ ਲਿਆਉਣਾ ਦਰਸਾਉਂਦਾ ਹੈ ਕਿ ਜੰਗਬੰਦੀ ਨੇੜੇ ਹੈ ਅਤੇ ਉਹ ਹੁਣ ਹਮਾਸ ਨੂੰ ਵੱਧ ਤੋਂ ਵੱਧ ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ।

## ਕੈਨੇਡਾ IRCC ਵੱਲੋਂ...

ਕੁਦਰਤੀ ਅਤੇ ਲਾਗੂ ਵਿਗਿਆਨ;
ਉਸਾਰੀ;
ਸਿਹਤ ਸੰਭਾਲ;
ਕੁਦਰਤੀ ਸਰੋਤ;
ਸਿੱਖਿਆ;
ਖੇਡਾਂ; ਅਤੇ
ਫੌਜੀ ਖੇਤਰ।

*ਯੋਗ TEER 2 ਅਤੇ 3 ਕਿੱਤਿਆਂ ਦੀ ਪੂਰੀ ਸੂਚੀ IRCC ਦੁਆਰਾ 21 ਜਨਵਰੀ, 2025 ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ।

ਵਿਦੇਸ਼ੀ ਕਾਮਿਆਂ ਦੇ ਜੀਵਨ ਸਾਥੀ ਇਹਨਾਂ ਨਿਯਮਾਂ ਦੇ ਤਹਿਤ ਯੋਗ ਹੋਣ ਲਈ, ਵਿਦੇਸ਼ੀ ਕਾਮੇ ਕੋਲ ਆਪਣੇ ਜੀਵਨ ਸਾਥੀ ਦੁਆਰਾ ਅਰਜ਼ੀ ਦੇਣ 'ਤੇ ਆਪਣੇ ਵਰਕ ਪਰਮਿਟ 'ਤੇ ਘੱਟੋ-ਘੱਟ 16 ਮਹੀਨੇ ਬਾਕੀ ਹੋਣੇ ਚਾਹੀਦੇ ਹਨ।

ਵਿਦੇਸ਼ੀ ਕਾਮਿਆਂ ਦੇ ਨਿਰਭਰ ਬੱਚੇ ਹੁਣ ਪਰਿਵਾਰਕ ਓਪਨ ਵਰਕ ਪਰਮਿਟ ਲਈ ਯੋਗ ਨਹੀਂ ਰਹਿਣਗੇ।

ਮਾਸਟਰ ਜਾਂ ਡਾਕਟਰੇਟ ਪੱਧਰ 'ਤੇ ਪੜ੍ਹਾਈ ਤੋਂ ਇਲਾਵਾ, ਹੇਠ ਲਿਖੇ ਪ੍ਰੋਗਰਾਮਾਂ ਵਿੱਚ ਵਿਦਿਆਰਥੀ ਆਪਣੇ ਜੀਵਨ ਸਾਥੀ ਜਾਂ ਕਾਮਨ-ਲਾਅ ਸਾਥੀ ਲਈ ਇੱਕ ਪਰਿਵਾਰਕ ਓਪਨ ਵਰਕ ਪਰਮਿਟ ਪ੍ਰਾਪਤ ਕਰਨਾ ਜਾਰੀ ਰੱਖ ਸਕਦੇ ਹਨ:
ਡੈਂਟਲ ਸਰਜਰੀ ਦਾ ਡਾਕਟਰ (DDS DMD);
ਲਾਅ ਦਾ ਬੈਚਲਰ ਜਾਂ ਜੂਰੀਸ ਡਾਕਟਰ (LLB, JD, BCL);
ਡਾਕਟਰ ਆਫ਼ ਮੈਡੀਸਨ (MD);
ਆਪਟੋਮੈਟਰੀ ਦਾ ਡਾਕਟਰ (OD);
ਫਾਰਮੇਸੀ (PharmD, BS, BSc, BPharm);
ਡਾਕਟਰ ਆਫ਼ ਵੈਟਰਨਰੀ ਮੈਡੀਸਨ (DVM);
ਨਰਸਿੰਗ ਵਿੱਚ ਬੈਚਲਰ ਆਫ਼ ਸਾਇੰਸ (BScN, BSN);
ਨਰਸਿੰਗ ਸਾਇੰਸ ਦਾ ਬੈਚਲਰ (BNSc);
ਨਰਸਿੰਗ ਦਾ ਬੈਚਲਰ (BN);
ਐਜੂਕੇਸ਼ਨ ਦਾ ਬੈਚਲਰ (BEd); ਅਤੇ
ਇੰਜੀਨੀਅਰਿੰਗ ਦਾ ਬੈਚਲਰ (BEng, BE, BASc)।

## ਐਨ.ਡੀ.ਪੀ ਆਗੂ ਨੇ...

ਨਾ ਇਹ ਹੁਣ ਹੈ ਤੇ ਨਾ ਇਹ ਕਦੀ ਹੋਵੇਗਾ. ਕੈਨੇਡੀਅਨਾਂ ਨੂੰ ਆਪਣੇ ਦੇਸ਼ 'ਤੇ ਮਾਣ ਹੈ ਅਤੇ ਅਸੀਂ ਇਸ ਦੀ ਰੱਖਿਆ ਰੱਖਿਆ ਲਈ ਆਪਣੀ ਜਾਨ ਦਾਅ 'ਤੇ ਲਾਉਣ ਲਈ ਤਿਆਰ ਹਾਂ।' ਟੈਰਿਫ ਲਗਾਉਣ ਦੀ ਟਰੰਪ ਦੀ ਧਮਕੀ 'ਤੇ ਜਗਮੀਤ ਸਿੰਘ ਨੇ ਕਿਹਾ ਕਿ ਜੇਕਰ ਟਰੰਪ ਸਾਡੇ 'ਤੇ ਟੈਰਿਫ ਲਗਾਉਂਦੇ ਹਨ, ਤਾਂ ਸਾਨੂੰ ਵੀ ਉਸੇ ਤਰੀਕੇ ਨਾਲ ਜਵਾਬੀ ਟੈਰਿਫ ਲਗਾਉਣੇ ਚਾਹੀਦੇ ਹਨ। ਪ੍ਰਧਾਨ ਮੰਤਰੀ ਦੇ ਅਹੁਦੇ ਲਈ ਚੋਣ ਲੜਨ ਵਾਲੇ ਕਿਸੇ ਵੀ ਵਿਅਕਤੀ ਨੂੰ ਅਜਿਹਾ ਹੀ ਕਰਨਾ ਚਾਹੀਦਾ ਹੈ। ਕੈਲੀਫੋਰਨੀਆ 'ਚ ਲੱਗੀ ਅੱਗ 'ਤੇ ਧਫ ਨੇਤਾ ਨੇ ਕਿਹਾ ਕਿ ਜਦੋਂ ਅਮਰੀਕਾ 'ਚ ਜੰਗਲਾਂ ਦੀ ਅੱਗ ਘਰਾਂ ਨੂੰ ਤਬਾਹ ਕਰ ਰਹੀ ਹੈ ਤਾਂ ਕੈਨੇਡੀਅਨ ਫਾਇਰਫਾਈਟਰ ਮਦਦ ਲਈ ਪਹੁੰਚ ਗਏ ਹਨ। ਅਸੀਂ ਅਜਿਹੇ ਹੀ ਹਾਂ। ਹਮੇਸ਼ਾ ਆਪਣੇ ਗੁਆਂਢੀਆਂ ਦੀ ਮਦਦ ਕਰਦੇ ਹਾਂ।

ਤੁਹਾਨੂੰ ਦੱਸ ਦਈਏ ਕਿ ਇਹ ਸਾਰਾ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਟਰੂਡੋ ਨੇ ਪਿਛਲੇ ਸਾਲ ਨਵੰਬਰ 'ਚ ਅਮਰੀਕਾ 'ਚ ਟਰੰਪ ਨਾਲ ਮੁਲਾਕਾਤ ਕੀਤੀ ਸੀ। ਇਸ ਮੁਲਾਕਾਤ ਦੌਰਾਨ ਟਰੰਪ ਨੇ ਮਜ਼ਾਕ ਵਿਚ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਨ ਦੀ ਪੇਸ਼ਕਸ਼ ਕੀਤੀ। ਇਸ ਤੋਂ ਬਾਅਦ ਉਹ ਕਈ ਵਾਰ ਕੈਨੇਡਾ ਨੂੰ ਅਮਰੀਕਾ ਵਿਚ ਸ਼ਾਮਲ ਹੋਣ ਦੀ ਪੇਸ਼ਕਸ਼ ਕਰ ਚੁੱਕਾ ਹੈ। ਜਿਕਰਯੋਗ ਹੈ ਕਿ ਟਰੰਪ ਨੇ ਇਸ ਦੇ ਲਈ ਵਿੱਤੀ ਤਾਕਤ ਦੀ ਵਰਤੋਂ ਕਰਨ ਦੀ ਗੱਲ ਕੀਤੀ ਹੈ। ਉਸਨੇ ਕੈਨੇਡਾ 'ਤੇ 25% ਟੈਰਿਫ ਲਗਾਉਣ ਦੀ ਧਮਕੀ ਵੀ ਦਿੱਤੀ ਹੈ। ਟਰੰਪ ਦਾ ਕਹਿਣਾ ਹੈ ਕਿ ਜੇਕਰ ਕੈਨੇਡਾ ਅਮਰੀਕਾ ਨਾਲ ਜੁੜ ਜਾਂਦਾ ਹੈ ਤਾਂ ਕੋਈ ਟੈਰਿਫ ਨਹੀਂ ਹੋਵੇਗਾ, ਟੈਕਸ ਬਹੁਤ ਘੱਟ ਹੋ ਜਾਣਗੇ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਟਰੰਪ ਦੀ 25% ਟੈਰਿਫ ਦੀ ਧਮਕੀ 'ਤੇ ਕਿਹਾ ਸੀ ਕਿ 'ਜੇਕਰ ਟਰੰਪ ਟੈਰਿਫ ਲਗਾਉਂਦੇ ਹਨ, ਤਾਂ ਉਸਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਇਸ ਟੈਰਿਫ ਦਾ ਸਟੀਲ ਅਤੇ ਐਲੂਮੀਨੀਅਮ ਦੀਆਂ ਕੀਮਤਾਂ 'ਤੇ ਕੀ ਪ੍ਰਭਾਵ ਪਵੇਗਾ ਜੋ ਕੈਨੇਡਾ ਅਮਰੀਕਾ ਨੂੰ ਨਿਰਯਾਤ ਕਰਦਾ ਹੈ।'

## ਲਾਸ ਐਂਜਲਸ 'ਚ...

ਖੇਤਰਾਂ ਵਿੱਚ ਅੱਗ 'ਤੇ ਲਗਭਗ ਕਾਬੂ ਪਾ ਲਿਆ ਗਿਆ ਹੈ। ਹੁਣ ਤਕ ਅੱਗ ਨਾਲ 12,000 ਤੋਂ ਵੱਧ ਇਮਾਰਤਾਂ ਤਬਾਹ ਹੋ ਚੁੱਕੀਆਂ ਹਨ, ਜਦੋਂ ਕਿ 155 ਵਰਗ ਕਿਲੋਮੀਟਰ ਦਾ ਖੇਤਰ ਸੜ ਕੇ ਸੁਆਹ ਹੋ ਗਿਆ ਹੈ। ਰਾਸ਼ਟਰੀ ਮੌਸਮ ਸੇਵਾ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ ਕਿਹਾ – ਅਸੀਂ ਅਜੇ ਵੀ ਪੂਰੀ ਤਰ੍ਹਾਂ ਖ਼ਤਰੇ ਤੋਂ ਬਾਹਰ ਨਹੀਂ ਹਾਂ। ਹਾਲਾਂਕਿ, ਮੰਗਲਵਾਰ ਨੂੰ ਹਵਾ ਦੀ ਗਤੀ ਓਨੀ ਨਹੀਂ ਸੀ ਜਿੰਨੀ ਡਰ ਸੀ। ਬੁੱਧਵਾਰ ਨੂੰ ਸਥਿਤੀ ਵਿੱਚ ਹੋਰ ਸੁਧਾਰ ਹੋ ਸਕਦਾ ਹੈ।

## ਕੈਨੇਡਾ 'ਚ ਨੌਕਰੀ...

ਮੁਲਾਕਾਤ ਕੀਤੀ ਗਈ। ਫੈਡਰਲ ਸਰਕਾਰ ਅਤੇ ਕਈ ਸੂਬਾ ਸਰਕਾਰਾਂ ਅਮਰੀਕਾ ਨੂੰ ਤੇਲ ਅਤੇ ਗੈਸ ਦੀ ਸਪਲਾਈ ਵਿਚ ਕਟੌਤੀ ਕੀਤੇ ਜਾਣ 'ਤੇ ਸਹਿਮਤ ਹਨ ਪਰ ਐਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਕੌਮੀ ਏਕਤਾ ਵਾਸਤੇ ਸੰਕਟ ਪੈਦਾ ਹੋਣ ਦੀ ਧਮਕੀ ਦੇ ਰਹੇ ਹਨ। ਸੈਂਟਰ ਫ਼ੌਰ ਫਿਊਚਰ ਵਰਕ ਦੇ ਡਾਇਰੈਕਟਰ ਅਤੇ ਆਰਥਿਕ ਮਾਹਰ ਜਿਮ ਸਟੈਨਫੋਰਡ ਦਾ ਕਹਿਣਾ ਸੀ ਕਿ ਅਮਰੀਕਾ ਵੱਲੋਂ ਲਾਏ ਜਾਣ ਵਾਲੇ ਟੈਕਸਾਂ ਦਾ ਅਸਰ ਬਾਰਡਰ ਦੇ ਇਕ ਪਾਸੇ ਨਹੀਂ ਸਗੋਂ ਦੋਵੇਂ ਪਾਸੇ ਵਸਦੇ ਲੋਕਾਂ ਨੂੰ ਭੁਗਤਣਾ ਹੋਵੇਗਾ। ਉਨ੍ਹਾਂ ਦੱਸਿਆ ਕਿ ਅਮਰੀਕਾ ਅਤੇ ਕੈਨੇਡਾ ਦਰਮਿਆਨ ਸਾਲਾਨਾ ਇਕ ਖਰਬ ਡਾਲਰ ਤੋਂ ਵੱਧ ਵਪਾਰ ਹੁੰਦਾ ਹੈ ਅਤੇ ਅਜਿਹੇ ਵਿਚ 25 ਫ਼ੀ ਸਦੀ ਟੈਕਸਾਂ ਦਾ ਮਤਲਬ 250 ਅਰਬ ਡਾਲਰ ਬਣਦਾ ਹੈ ਕਿਉਂਕਿ ਅਮਰੀਕੀ ਟੈਕਸਾਂ ਦੇ ਜਵਾਬ ਵਿਚ ਕੈਨੇਡਾ ਵੱਲੋਂ ਵੀ ਟੈਕਸ ਦਰਾਂ ਲਾਗੂ ਕੀਤੀਆਂ ਜਾਣਗੀਆਂ।


**ਐਲਬਰਟਾ ਵਿਚ ਵੀ ਹਜ਼ਾਰਾਂ ਲੋਕਾਂ ਦੇ ਬੇਰੁਜ਼ਗਾਰ ਹੋਣ ਦਾ ਡਰ**

ਬਿਨਾਂ ਸ਼ੱਕ ਦੁਵੱਲੇ ਵਪਾਰ ਵਿਚ ਕੈਨੇਡਾ ਦਾ ਹੱਥ ਮਾਮੂਲੀ ਤੌਰ 'ਤੇ ਉਤੇ ਮੰਨਿਆ ਜਾ ਸਕਦਾ ਹੈ। 2023 ਵਿਚ ਕੈਨੇਡਾ ਵੱਲੋਂ ਜਿੰਨਾ ਸਮਾਨ ਅਮਰੀਕਾ ਤੋਂ ਮੰਗਵਾਇਆ ਗਿਆ, ਉਸ ਤੋਂ 40 ਅਰਬ ਡਾਲਰ ਵੱਧ ਮੁੱਲ ਦੀਆਂ ਵਸਤਾਂ ਅਮਰੀਕਾ ਭੇਜੀਆਂ ਗਈਆਂ। 40 ਅਰਬ ਡਾਲਰ ਨੂੰ ਇਕ ਪਾਸੇ ਰੱਖ ਦਿਤਾ ਜਾਵੇ ਤਾਂ ਅਮਰੀਕਾ ਦੇ ਲੋਕਾਂ ਉਤੇ ਵੀ ਵੱਡਾ ਆਰਥਿਕ ਬੋਝ ਪੈਣ ਦੀ ਆਸਾਰ ਨਜ਼ਰ ਆ ਰਹੇ ਹਨ। ਭਾਵੇਂ ਟਰੰਪ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਨੂੰ ਕੈਨੇਡੀਅਨ ਕਾਰਾਂ ਜਾਂ ਤੇਲ-ਗੈਸ ਦੀ ਕੋਈ ਜ਼ਰੂਰਤ ਨਹੀਂ ਪਰ ਹੋਰਨਾਂ ਮੁਲਕਾਂ ਤੋਂ ਇੰਪੋਰਟ ਕਿਤੇ ਜ਼ਿਆਦਾ ਮਹਿੰਗਾ ਪਵੇਗਾ ਅਤੇ ਇਨ੍ਹਾਂ ਖੇਤਰਾਂ ਨਾਲ ਸਬੰਧਤ ਕਾਰੋਬਾਰੀ ਟਰੰਪ ਦੇ ਵਿਰੁੱਧ ਹੋ ਜਾਣਗੇ।

# ਪਾਕਿਸਤਾਨ 'ਚ ਟੀਟੀਪੀ ਦੇ ਸੱਤ ਮੈਂਬਰਾਂ ਸਣੇ 23 ਅੱਤਵਾਦੀ ਗ੍ਰਿਫ਼ਤਾਰ

ਲਾਹੌਰ : ਪਾਕਿਸਤਾਨ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਲਹਿੰਦੇ ਪੰਜਾਬ 'ਚੋਂ ਪਾਬੰਦੀਸ਼ੁਦਾ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀਟੀਪੀ) ਦੇ ਸੱਤ ਮੈਂਬਰਾਂ ਸਮੇਤ 23 ਅਤਿਵਾਦੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੰਜਾਬ ਪੁਲੀਸ ਦੇ ਅਤਿਵਾਦ ਵਿਰੋਧੀ ਵਿਭਾਗ (ਸੀਟੀਡੀ) ਨੇ ਦੱਸਿਆ ਕਿ ਉਨ੍ਹਾਂ ਪਿਛਲੇ ਹਫ਼ਤੇ ਦੌਰਾਨ 23 ਅਤਿਵਾਦੀਆਂ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਅਤਿਵਾਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਉਨ੍ਹਾਂ ਦੱਸਿਆ, 'ਗ੍ਰਿਫ਼ਤਾਰ ਕੀਤੇ ਗਏ ਅਤਿਵਾਦੀਆਂ 'ਚ ਸੱਤ ਮੈਂਬਰ ਫਿਤਨਾ-ਉਲ-ਖਵਾਰੀਜ (ਟੀਟੀਪੀ) ਨਾਲ ਸਬੰਧਤ ਹਨ। ਟੀਟੀਪੀ ਦੇ ਸੱਤ ਅਤਿਵਾਦੀਆਂ ਨੂੰ ਲਾਹੌਰ ਤੋਂ ਧਮਾਕਾਖੇਜ਼ ਸਮੱਗਰੀ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਕੋਲੋਂ ਇੱਕ ਅਹਿਮ ਵਿੱਦਿਅਕ ਸੰਸਥਾ ਦਾ ਨਕਸ਼ਾ ਵੀ ਮਿਲਿਆ ਹੈ।' ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। –

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service


WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com



Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty
$550
Installation Include
MICHELIN BFGoodrich DUNLOP GOODYEAR HANKOOK Xceed AEOLUS ROADLUX



We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.



# ਨਵੇਂ ਸਾਲ ਨੂੰ 'ਜੀ-ਆਇਆਂ' ਕਹਿੰਦਿਆਂ ਟੀਪੀਏਆਰ ਕਲੱਬ ਨੇ ਸਲਾਨਾ ਡਿਨਰ ਸਮਾਗ਼ਮ ਜੋਸ਼-ਓ-ਖ਼ਰੋਸ਼ ਨਾਲ ਮਨਾਇਆ

## ਐੱਮ.ਪੀ. ਮਨਿੰਦਰ ਸਿੱਧੂ, ਡਿਪਟੀ ਮੇਅਰ ਹਰਕੀਰਤ ਸਿੰਘ ਤੇ ਪੀਡੀਐੱਸਬੀ ਦੇ ਵਾਈਸ ਚੇਅਰ ਸਤਪਾਲ ਜੌਹਲ ਨੇ ਕੀਤੀ ਸ਼ਿਰਕਤ









ਬਰੈਂਪਟਨ, (ਡਾ.ਝੰਡ): ਪਿਛਲੇ ਇੱਕ ਦਹਾਕੇ ਤੋਂ ਵਧੀਕ ਸਰਗ਼ਰਮ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀਪੀਏਆਰ ਕਲੱਬ) ਨੇ ਲੰਘੇ ਸ਼ਨੀਵਾਰ 11 ਜਨਵਰੀ ਨੂੰ 'ਗਰੇਟਰ ਟੋਰਾਂਟੋ ਮਾਰਗੇਜ' (ਜੀਟੀਐੱਮ) ਆਫ਼ਿਸ ਦੇ ਪਿਛਲੇ ਹਾਲ ਵਿੱਚ ਨਵੇਂ ਸਾਲ ਨੂੰ ਹਾਰਦਿਕ ਜੀ-ਆਇਆਂ ਕਹਿੰਦਿਆਂ ਹੋਇਆਂ ਆਪਣਾ ਸਲਾਨਾ ਡਿਨਰ ਸਮਾਗ਼ਮ ਪੂਰੇ ਜੋਸ਼ ਤੇ ਉਤਸਾਹ ਨਾਲ ਮਨਾਇਆ। ਇਸ ਮੌਕੇ ਬਰੈਂਪਟਨ ਈਸਟ ਦੇ ਮੈਂਬਰ ਪਾਰਲੀਮੈਂਟ ਮਨਿੰਦਰ ਸਿੱਧੂ, ਬਰੈਂਪਟਨ ਵੈੱਸਟ ਦੇ ਐੱਮ.ਪੀ.ਪੀ. ਅਮਰਜੋਤ ਸੰਧੂ, ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਅਤੇ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਵਾਈਸ ਚੇਅਰ ਸਤਪਾਲ ਸਿੰਘ ਜੌਹਲ ਨੇ ਵਿਸ਼ੇਸ਼ ਤੌਰ 'ਤੇ ਇਸ ਸਮਾਗ਼ਮ ਵਿੱਚ ਸ਼ਾਮਲ ਹੋ ਕੇ ਕਲੱਬ ਦੇ ਮੈਂਬਰਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਸਮਾਗ਼ਮ ਵਿੱਚ ਵੱਖ-ਵੱਖ ਬੁਲਾਰਿਆਂ ਵੱਲੋਂ ਸਾਲ 2024 ਦੌਰਾਨ ਕਲੱਬ ਦੇ ਮੈਂਬਰਾਂ ਦੀਆਂ ਪ੍ਰਾਪਤੀਆਂ ਉੱਪਰ ਗੌਰਵ ਮਹਿਸੂਸ ਕੀਤਾ ਗਿਆ ਅਤੇ ਅੱਗੋਂ ਹੋਰ ਵਧੇਰੇ ਜੋਸ਼ ਨਾਲ ਮਿਹਨਤ ਕਰਕੇ ਅੱਗੇ ਵੱਧਣ ਦੀ ਆਸ ਪ੍ਰਗਟਾਈ ਗਈ। ਇਸ ਦੌਰਾਨ ਮੈਂਬਰ ਪਾਰਲੀਮੈਂਟ ਮਨਿੰਦਰ ਸਿੱਧੂ ਤੇ ਐੱਮ.ਪੀ.ਪੀ. ਅਮਰਜੋਤ ਸੰਧੂ ਨੇ 'ਆਇਰਨਮੈਨ ਹਰਜੀਤ ਸਿੰਘ, 'ਹਾਫ਼-ਆਇਰਨਮੈਨ ਕੁਲਦੀਪ ਸਿੰਘ ਗਰੇਵਾਲ, ਮੈਰਾਥਨ ਦੌੜਾਕਾਂ ਧਿਆਨ ਸਿੰਘ ਸੋਹਲ ਤੇ ਜੱਸੀ ਧਾਲੀਵਾਲ ਨੂੰ ਟੀਪੀਏਆਰ ਕਲੱਬ ਵੱਲੋਂ ਸ਼ਾਨਦਾਰ ਟਰਾਫ਼ੀਆਂ, ਟੀ-ਸ਼ਰਟਾਂ ਤੇ ਸਰਟੀਫ਼ੀਕੇਟ ਦੇ ਕੇ ਸਨਮਾਨਿਤ ਕੀਤਾ। ਆਪਣੇ ਸੰਬੋਧਨ ਵਿੱਚ ਮਨਿੰਦਰ ਸਿੱਧੂ ਨੇ ਕਿਹਾ ਕਿ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਅਤੇ ਪ੍ਰਧਾਨ ਹਰਭਜਨ ਸਿੰਘ ਗਿੱਲ ਦੀ ਯੋਗ ਅਗਵਾਈ ਵਿਚ ਇਹ ਕਲੱਬ ਨਵੀਆਂ ਪੁਲਾਂਘਾ ਪੁੱਟ ਰਹੀ ਹੈ ਅਤੇ ਇਸ ਦੇ ਮੈਂਬਰ ਵੱਖ-ਵੱਖ ਕੌਮੀ ਅਤੇ ਵਿਸ਼ਵ-ਪੱਧਰੀ ਦੌੜਾਂ ਤੇ ਟਰੈੱਥਲੋਨ ਮੁਕਾਬਲਿਆਂ ਵਿੱਚ ਵੱਡੀਆਂ ਮੱਲਾਂ ਮਾਰ ਰਹੇ ਹਨ। ਨਵੇਂ ਸਾਲ ਦੀ ਵਧਾਈ ਦਿੰਦਿਆਂ ਐੱਮਪੀਪੀ ਅਮਰਜੋਤ ਸੰਧੂ ਨੇ ਕਿਹਾ ਕਿ ਪਿਛਲੇ ਸਾਲ 2024 ਵਿਚ ਕਲੱਬ ਦੇ ਮੈਂਬਰਾਂ ਨੇ ਬਹੁਤ ਵਧੀਆ ਪ੍ਰਾਪਤੀਆਂ ਕੀਤੀਆਂ ਹਨ ਅਤੇ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਇਸ ਸਾਲ 2025 ਵਿਚ ਉਹ ਹੋਰ ਵੀ ਉਚੇਰੀਆ ਮੰਜ਼ਲਾਂ ਤੈਅ ਕਰਨਗੇ। ਬਰੈਂਪਟਨ ਸਿਟੀ ਕੌਂਸਲ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਦਾ ਇਸ ਮੌਕੇ ਕਹਿਣਾ ਸੀ ਕਿ ਬਰੈਂਪਟਨ ਦੀ ਇਹ ਕਲੱਬ ਆਪਣੀਆਂ ਸਰਗ਼ਰਮੀਆਂ ਨਾਲ ਸਿਹਤ ਆਰੋਗਤਾ ਦਾ ਬਹੁਤ ਵਧੀਆ ਸੁਨੇਹਾ ਦੇ ਰਹੀ ਹੈ। ਉਨ੍ਹਾਂ ਬਰੈਂਪਟਨ ਸਿਟੀ ਵੱਲੋਂ ਕਲੱਬ ਨੂੰ ਹਰੇਕ ਪ੍ਰਕਾਰ ਦਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਕਲੱਬ ਦੇ ਮੈਂਬਰਾਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਉੱਪਰ ਮੁਬਾਰਕਬਾਦ ਦਿੰਦਿਆਂ ਹੋਇਆਂ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਵਾਈਸ ਚੇਅਰ ਸਤਪਾਲ ਸਿੰਘ ਜੌਹਲ ਨੇ ਉਨ੍ਹਾਂ ਨੂੰ ਹੋਰ ਮਿਹਨਤ ਕਰਨ ਦੀ ਪ੍ਰੇਰਨਾ ਕੀਤੀ। ਉਨ੍ਹਾਂ ਕਿਹਾ ਕਿ ਪਿਛਲੇ ਦਹਾਕੇ ਵਿੱਚ ਇਸ ਕਲੱਬ ਨੇ ਵੱਖ-ਵੱਖ ਈਵੈਂਟਾਂ ਵਿਚ ਭਾਗ ਲੈ ਕੇ ਆਪਣਾ ਤੇ ਬਰੈਂਪਟਨ ਸਿਟੀ ਦਾ ਨਾਂ ਰੌਸ਼ਨ ਕੀਤਾ ਹੈ ਅਤੇ ਉਨ੍ਹਾਂ ਨੂੰ ਪੂਰਨ ਆਸ ਹੈ ਕਿ ਭਵਿੱਖ ਵਿਚ ਇਹ ਕਲੱਬ ਹੋਰ ਵਧੇਰੇ ਤਰੱਕੀਆਂ ਕਰੇਗੀ।

ਇਸ ਤੋਂ ਪਹਿਲਾਂ ਕਲੱਬ ਦੇ ਮੈਂਬਰ ਡਾ. ਸੁਖਦੇਵ ਸਿੰਘ ਨੇ ਆਪਣੇ ਸੰਬੋਧਨ ਵਿੱਚ ਟੀਪੀਏਆਰ ਕਲੱਬ ਦੇ ਇਤਿਹਾਸ, ਇਸ ਦੀਆਂ ਵੱਖ-ਵੱਖ ਸਰਗ਼ਰਮੀਆਂ ਤੇ ਪ੍ਰਾਪਤੀਆਂ ਬਾਰੇ ਸੰਖੇਪ ਜ਼ਿਕਰ ਕੀਤਾ ਅਤੇ ਆਸ ਪ੍ਰਗਟ ਕੀਤੀ ਕਿ ਇਹ ਕਲੱਬ ਭਵਿੱਖ ਵਿੱਚ ਹੋਰ ਬੁਲੰਦੀਆਂ ਛੋਹੇਗੀ। ਕਲੱਬ ਦੇ ਸੱਭ ਤੋਂ ਸੀਨੀਅਰ ਮੈਂਬਰ ਇੰਜੀ. ਈਸ਼ਰ ਸਿੰਘ ਨੇ ਸਮੂਹ ਮੈਂਬਰਾਂ ਨੂੰ ਆਸ਼ੀਰਵਾਦ ਦਿੰਦਿਆਂ ਹੋਇਆਂ ਜਿੱਥੇ ਪਿਛਲੇ ਸਾਲ 2024 ਦੌਰਾਨ ਹੋਈਆਂ ਪ੍ਰਾਪਤੀਆਂ ਉੱਪਰ ਤਸੱਲੀ ਦਾ ਪ੍ਰਗਟਾਵਾ ਕੀਤਾ, ਉੱਥੇ ਉਨ੍ਹਾਂ ਨੇ ਇਸ ਸਾਲ 2025 ਲਈ ਕਲੱਬ ਦੀ ਚੜ੍ਹਦੀ ਕਲਾ ਦੀ ਵੀ ਕਾਮਨਾ ਕੀਤੀ। ਕਲੱਬ ਦੇ ਸਰਗ਼ਰਮ ਮੈਂਬਰ ਮਨਜੀਤ ਸਿੰਘ ਨੋਟਾ ਵੱਲੋਂ ਕਲੱਬ ਨੂੰ ਸਪਾਂਸਰਾਂ ਵੱਲੋਂ ਸਮੇਂ-ਸਮੇਂ ਮਿਲੇ ਸਹਿਯੋਗ ਦਾ ਧੰਨਵਾਦ ਕੀਤਾ ਗਿਆ। ਅਖ਼ੀਰ ਵਿੱਚ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਤੇ ਸੀਨੀਅਰ ਮੈਂਬਰ ਪਰਮਿੰਦਰ ਸਿੰਘ ਵੱਲੋਂ ਆਏ ਮਹਿਮਾਨਾਂ, ਸਮੂਹ ਮੈਂਬਰਾਂ ਤੇ ਬੁਲਾਰਿਆਂ ਦਾ ਧੰਨਵਾਦ ਕੀਤਾ ਗਿਆ। ਸਮਾਗ਼ਮ ਦੀ ਸਮੁੱਚੀ ਕਾਰਵਾਈ ਕਲੱਬ ਦੇ ਬੁਲਾਰੇ ਗੈਰੀ ਗਰੇਵਾਲ ਵੱਲੋਂ ਬਾਖ਼ੂਬੀ ਨਿਭਾਈ ਗਈ। ਇਸ ਦੌਰਾਨ ਵੱਖ-ਵੱਖ ਤਰ੍ਹਾਂ ਦੇ ਸਨੈਕਸ, ਚਾਹ-ਕਾਫ਼ੀ ਤੇ ਪਾਣੀ-ਧਾਣੀ ਦਾ ਸਿਲਸਿਲਾ ਨਿਰੰਤਰ ਚੱਲਦਾ ਰਿਹਾ। ਅਖ਼ੀਰ ਵਿੱਚ ਸਾਰਿਆਂ ਨੇ ਮਿਲ ਕੇ ਰਾਤ ਦੇ ਖਾਣੇ ਦਾ ਭਰਪੂਰ ਅਨੰਦ ਮਾਣਿਆਂ।

# ਭ੍ਰਿਸ਼ਟਾਚਾਰ ਦੇ ਆਰੋਪਾਂ ਤਹਿਤ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਯੂਨ ਸੁਕ-ਯੋਲ ਨੂੰ ਪੁਲਿਸ ਨੇ ਕੀਤਾ ਗ੍ਰਿਫ਼ਤਾਰ

ਦੱਖਣੀ ਕੋਰੀਆ ਦੇ ਰਾਸ਼ਟਰਪਤੀ ਯੂਨ ਸੁਕ-ਯੋਲ ਨੂੰ ਆਖ਼ਰਕਾਰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਤੁਹਾਨੂੰ ਦੱਸ ਦੇਈਏ ਕਿ ਜਦੋਂ ਪੁਲਿਸ ਮਹਾਦੋਸ਼ ਦਾ ਸਾਹਮਣਾ ਕਰ ਰਹੇ ਯੋਲ ਨੂੰ ਗ੍ਰਿਫ਼ਤਾਰ ਕਰਨ ਆਈ ਤਾਂ ਉਸ ਦੇ ਸਮਰਥਕਾਂ ਅਤੇ ਸੁਰੱਖਿਆ ਕਰਮਚਾਰੀਆਂ ਨੇ ਉ ਸਨੂੰ ਗ੍ਰਿਫ਼ਤਾਰ ਨਹੀਂ ਹੋਣ ਦਿੱਤਾ। ਪੁਲਿਸ ਵਿਰੁਧ ਰੋਸ ਪ੍ਰਦਰਸ਼ਨ ਹੋਇਆ। ਹੰਗਾਮੇ ਕਾਰਨ ਉਸ ਦੀ ਗ੍ਰਿਫ਼ਤਾਰੀ ਨੂੰ ਟਾਲਿਆ ਜਾ ਰਿਹਾ ਸੀ। ਪਰ ਪੁਲਿਸ ਨੇ ਘਰ ਦੇ ਅੰਦਰ ਪੌੜੀਆਂ ਲਗਾ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਤਰ੍ਹਾਂ ਯੋਲ ਦੱਖਣੀ ਕੋਰੀਆ ਦੇ ਪਹਿਲੇ ਰਾਸ਼ਟਰਪਤੀ ਬਣੇ ਜਿਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਯੋਲ ਕਈ ਦਿਨਾਂ ਤੋਂ ਨਿੱਜੀ ਸੁਰੱਖਿਆ ਕਰਮਚਾਰੀਆਂ ਨਾਲ ਆਪਣੇ ਨਿਵਾਸ ਸਥਾਨ 'ਤੇ ਠਹਿਰਿਆ ਹੋਇਆ ਸੀ।

ਮਿਲੀ ਜਾਣਕਾਰੀ ਅਨੁਸਾਰ, ਜਾਂਚ ਏਜੰਸੀਆਂ ਨੇ ਯੋਲ ਦੇ ਨਿਵਾਸ ਵਿੱਚ ਦਾਖ਼ਲ ਹੋਣ ਲਈ ਇੱਕ ਪੌੜੀ ਦੀ ਵਰਤੋਂ ਕੀਤੀ। ਪੁਲਿਸ ਪੌੜੀਆਂ ਚੜ੍ਹ ਕੇ ਯੋਲ ਦੇ ਘਰ ਵਿੱਚ ਦਾਖ਼ਲ ਹੋਈ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਦੱਖਣੀ ਕੋਰੀਆ ਵਿੱਚ ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਰਾਸ਼ਟਰਪਤੀ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ, ਜਿਸ ਵਿੱਚ ਸਿਓਲ ਅਦਾਲਤ ਨੇ ਭ੍ਰਿਸ਼ਟਾਚਾਰ ਜਾਂਚ ਦਫ਼ਤਰ (ਸੀਆਈਓ) ਦੇ ਸੀਨੀਅਰ ਅਧਿਕਾਰੀਆਂ ਨੂੰ ਜਾਂਚ ਕਰਨ ਦਾ ਹੁਕਮ ਦਿੱਤਾ ਸੀ। ਪਰ ਵਾਰ-ਵਾਰ ਸੰਮਨ ਭੇਜੇ ਜਾਣ ਦੇ ਬਾਵਜੂਦ ਯੋਲ ਪੇਸ਼ ਨਹੀਂ ਹੋਇਆ।

# ਇਕ-ਇਕ ਕਰ ਕੇ ਮੈਦਾਨ ਛੱਡਣ ਲੱਗੇ ਲਿਬਰਲ ਸਿਆਸਤਦਾਨ

ਔਟਵਾ : ਜਸਟਿਨ ਟਰੂਡੋ ਦੀ ਥਾਂ ਨਵਾਂ ਆਗੂ ਚੁਣਨ ਲਈ ਆਰੰਭ ਹੋਈ ਲੀਡਰਸ਼ਿਪ ਦੌੜ ਦੇ ਸੰਭਾਵਤ ਉਮੀਦਵਾਰਾਂ ਦੀ ਗਿਣਤੀ ਘਟਦੀ ਜਾ ਰਹੀ ਹੈ ਅਤੇ ਇਕ-ਇਕ ਕਰ ਕੇ ਮੈਦਾਨ ਛੱਡਣ ਵਾਲੇ ਵਧਦੇ ਜਾ ਰਹੇ ਹਨ। ਤਾਜ਼ਾ ਘਟਨਾਕ੍ਰਮ ਦੌਰਾਨ ਕ੍ਰਿਸਟੀ ਕਲਾਰਕ ਅਤੇ ਫਰਾਂਸਵਾ ਫ਼ਿਲਿਪ ਸ਼ੈਂਪੇਨ ਵੱਲੋਂ ਵੀ ਪਿੱਛੇ ਹਟਣ ਦਾ ਐਲਾਨ ਕਰ ਦਿਤਾ ਗਿਆ।

ਦੂਜੇ ਪਾਸੇ ਲਿਬਰਲ ਪਾਰਟੀ ਵੱਲੋਂ ਲੀਡਰਸ਼ਿਪ ਦੌੜ ਵਾਸਤੇ ਖਰਚੇ ਨਾਲ ਸਬੰਧਤ ਨਿਯਮ ਐਲਾਨ ਦਿਤੇ ਗਏ। ਮੀਡੀਆ ਰਿਪੋਰਟਾਂ ਮੁਤਾਬਕ ਸਾਢੇ ਤਿੰਨ ਲੱਖ ਡਾਲਰ ਦੀ ਐਂਟਰੀ ਫੀਸ ਨੇ ਕਈ ਸੰਭਾਵਤ ਉਮੀਦਵਾਰਾਂ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿਤਾ।



### ਕ੍ਰਿਸਟੀ ਕਲਾਰਕ ਅਤੇ ਸ਼ੈਂਪੇਨ ਵੱਲੋਂ ਵੀ ਲੀਡਰਸ਼ਿਪ ਦੌੜ 'ਚ ਸ਼ਾਮਲ ਹੋਣ ਤੋਂ ਨਾਂਹ

ਇਸ ਤੋਂ ਪਹਿਲਾਂ ਟ੍ਰਾਂਸਪੋਰਟੇਸ਼ਨ ਮੰਤਰੀ ਅਨੀਤਾ ਆਨੰਦ ਅਤੇ ਵਿੱਤ ਮੰਤਰੀ ਡੌਮੀਨਿਕ ਲਾਬਲੈਂਕ ਵੀ ਦੌੜ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਚੁੱਕੇ ਹਨ। ਭਾਰਤੀ ਮੀਡੀਆ ਰਿਪੋਰਟਾਂ ਵਿਚ ਅਨੀਤਾ ਆਨੰਦ ਨੂੰ ਕੈਨੇਡਾ ਦੀ ਹੋਣ ਵਾਲੀ ਪ੍ਰਧਾਨ ਮੰਤਰੀ ਤੱਕ ਦੱਸ ਦਿਤਾ ਗਿਆ ਪਰ ਲੀਡਰਸ਼ਿਪ ਦੌੜ ਵਿਚ ਸ਼ਾਮਲ ਨਾ ਹੋਣ ਦੇ ਐਲਾਨ ਮਗਰੋਂ ਕੋਈ ਟਿੱਪਣੀ ਸਾਹਮਣੇ ਨਾ ਆਈ। ਹੁਣ ਮੁੱਖ ਮੁਕਾਬਲਾ ਕ੍ਰਿਸਟੀਆ ਫਰੀਲੈਂਡ, ਮਾਰਕ ਕਾਰਨੀ ਅਤੇ ਕਰੀਨਾ ਗੂਲਡ ਦਰਮਿਆਨ ਹੋਣ ਦੇ ਆਸਾਰ ਹਨ ਜਿਨ੍ਹਾਂ ਵੱਲੋਂ ਜਲਦ ਹੀ ਉਮੀਦਵਾਰੀ ਦਾ ਐਲਾਨ ਕੀਤਾ ਜਾ ਸਕਦਾ ਹੈ। ਉਧਰ ਬੀ.ਸੀ. ਦੀ ਸਾਬਕਾ ਪ੍ਰੀਮੀਅਰ ਨੇ ਆਪਣੇ ਹਮਾਇਤੀਆਂ ਨੂੰ ਭੇਜੀ ਜਜ਼ਬਾਤੀ ਈਮੇਲ ਵਿਚ ਕਿਹਾ ਕਿ ਪ੍ਰਚਾਰ ਵਾਸਤੇ ਬਹੁਤ ਘੱਟ ਸਮਾਂ ਰਹਿ ਗਿਆ ਹੈ ਅਤੇ ਫਰੈਂਚ ਭਾਸ਼ਾ ਪੂਰੀ ਤਰ੍ਹਾਂ ਨਾ ਆਉਂਦੀ ਹੋਣ ਕਾਰਨ ਵੱਡੀ ਗਿਣਤੀ ਵਿਚ ਕੈਨੇਡੀਅਨਜ਼ ਨਾਲ ਰਾਬਤਾ ਕਾਇਮ ਕਰਨਾ ਔਖਾ ਹੋ ਜਾਵੇਗਾ। ਕ੍ਰਿਸਟੀ ਕਲਾਰਕ ਨੇ ਇਹ ਵੀ ਕਿਹਾ ਕਿ ਕੁਝ ਲੋਕ ਇਕ ਸਾਲ ਤੋਂ ਲੀਡਰਸ਼ਿਪ ਦੌੜ ਦੀ ਤਿਆਰੀ ਕਰ ਰਹੇ ਸਨ ਅਤੇ ਅਜਿਹੇ ਵਿਚ ਉਨ੍ਹਾਂ ਦਾ ਮੁਕਾਬਲਾ ਕਰਨ ਵਿਚ ਦਿੱਕਤਾਂ ਆ ਸਕਦੀਆਂ ਹਨ।

### ਲਿਬਰਲ ਪਾਰਟੀ ਨੇ ਐਲਾਨੇ ਖਰਚੇ ਨਾਲ ਸਬੰਧਤ ਨਿਯਮ

ਚੇਤੇ ਰਹੇ ਕਿ ਕ੍ਰਿਸਟੀ ਕਲਾਰਕ ਵੱਲੋਂ ਲੀਡਰਸ਼ਿਪ ਦੌੜ ਵਿਚ ਸ਼ਮੂਲੀਅਤ ਦਾ ਐਲਾਨ ਕਰਦਿਆਂ ਹੀ ਕੰਜ਼ਰਵੇਟਿਵ ਪਾਰਟੀ ਨੇ ਰੌਲਾ ਪਾ ਦਿਤਾ ਕਿ ਉਨ੍ਹਾਂ ਨੂੰ ਕ੍ਰਿਸਟੀ ਕਲਾਰਕ ਦੀ ਟੋਰੀ ਮੈਂਬਰਸ਼ਿਪ ਦੇ ਦਸਤਾਵੇਜ਼ ਮੌਜੂਦ ਹਨ।

ਇਸ ਦੇ ਉਲਟ ਕ੍ਰਿਸਟੀ ਕਲਾਰਕ ਦਾਅਵਾ ਕਰ ਚੁੱਕੇ ਹਨ ਕਿ ਉਨ੍ਹਾਂ ਨੇ ਕਦੇ ਵੀ ਕੰਜ਼ਰਵੇਟਿਵ ਪਾਰਟੀ ਦੀ ਮੈਂਬਰਸ਼ਿਪ ਹਾਸਲ ਨਹੀਂ ਕੀਤੀ। ਇਸੇ ਦੌਰਾਨ ਉਦਯੋਗ ਮੰਤਰੀ ਫਰਾਂਸਵਾ ਫਿਲਿਪ ਸ਼ੈਂਪੇਨ ਨੇ ਕਿਹਾ ਕਿ ਉਹ ਆਪਣੀ ਤਾਕਤ ਕੈਨੇਡਾ ਅਤੇ ਕੈਨੇਡਾ ਵਾਸੀਆਂ ਦੀ ਹਿਫ਼ਾਜ਼ਤ 'ਤੇ ਖਰਚ ਕਰਨਾ ਚਾਹੁੰਦੇ ਹਨ। ਲੀਡਰਸ਼ਿਪ ਦੌੜ ਵਿਚ ਸ਼ਾਮਲ ਨਾ ਹੋਣ ਦਾ ਫੈਸਲਾ ਉਨ੍ਹਾਂ ਦੀ ਜ਼ਿੰਦਗੀ ਦੇ ਬੇਹੱਦ ਮੁਸ਼ਕਲ ਫੈਸਲਿਆਂ ਵਿਚੋਂ ਇਕ ਹੈ। ਸ਼ੈਂਪੇਨ ਵੱਲੋਂ ਡੌਨਲਡ ਟਰੰਪ ਦੇ ਸਹੁੰ ਚੁੱਕ ਸਮਾਗਮ ਵਿਚ ਸ਼ਾਮਲ ਹੋਣ ਦੀ ਯੋਜਨਾ ਦਾ ਜ਼ਿਕਰ ਵੀ ਕੀਤਾ ਗਿਆ। ਦੱਸ ਦੇਈਏ ਕਿ ਸ਼ੈਂਪੇਨ 2015 ਵਿਚ ਪਹਿਲੀ ਵਾਰ ਐਮ.ਪੀ. ਚੁਣੇ ਗਏ ਅਤੇ ਦੋ ਸਾਲ ਬਾਅਦ ਉਨ੍ਹਾਂ ਨੂੰ ਕੈਬਨਿਟ ਮੰਤਰੀ ਬਣਾ ਦਿਤਾ ਗਿਆ। ਹੁਣ ਤੱਕ ਉਹ ਵਿਦੇਸ਼ ਮੰਤਰਾਲੇ ਸਣੇ ਕਈ ਮਹਿਕਮਿਆਂ ਵਿਚ ਸੇਵਾਵਾਂ ਨਿਭਾਅ ਚੁੱਕੇ ਹਨ।

ਉਧਰ ਲਿਬਰਲ ਪਾਰਟੀ ਵੱਲੋਂ ਐਲਾਨੇ ਖਰਚੇ ਨਾਲ ਸਬੰਧਤ ਨਿਯਮਾਂ ਮੁਤਾਬਕ ਹਰ ਉਮੀਦਵਾਰ 50 ਲੱਖ ਡਾਲਰ ਤੱਕ ਖਰਚ ਕਰ ਸਕਦਾ ਹੈ ਪਰ ਕਰਜ਼ਾ ਲੈਣ ਦੀ ਹੱਦ ਸਿਰਫ਼ 2 ਲੱਖ ਡਾਲਰ ਤੱਕ ਸੀਮਤ ਰੱਖੀ ਗਈ ਹੈ। ਇਸ ਤੋਂ ਇਲਾਵਾ ਐਂਟਰੀ ਫ਼ੀਸ ਦੇ ਸਾਢੇ ਤਿੰਨ ਲੱਖ ਡਾਲਰ ਵਿਚੋਂ 50 ਹਜ਼ਾਰ ਡਾਲਰ ਦੀ ਮੋੜਨਯੋਗ ਰਕਮ 23 ਜਨਵਰੀ ਤੱਕ ਜਮ੍ਹਾਂ ਕਰਵਾਉਣੀ ਹੈ ਜਦਕਿ 50 ਹਜ਼ਾਰ ਡਾਲਰ ਦੀ ਨਾਮੋੜਨਯੋਗ ਰਕਮ 30 ਜਨਵਰੀ ਤੱਕ ਜਮ੍ਹਾਂ ਕਰਵਾਉਣ ਦੀ ਹਦਾਇਤ ਦਿਤੀ ਗਈ ਹੈ।

ਸਵਾ ਲੱਖ ਡਾਲਰ ਦੀ ਨਾਮੋੜਨਯੋਗ ਰਕਮ 7 ਫ਼ਰਵਰੀ ਤੱਕ ਜਮ੍ਹਾਂ ਕਰਵਾਉਣੀ ਹੋਵੇਗੀ ਅਤੇ ਸਵਾ ਲੱਖ ਡਾਲਰ ਦੀ ਨਾਮੋੜਨਯੋਗ ਰਕਮ 17 ਫਰਵਰੀ ਤੱਕ ਜਮ੍ਹਾਂ ਕਰਵਾਉਣ ਵਾਸਤੇ ਆਖਿਆ ਗਿਆ ਹੈ। ਨਵੇਂ ਲੀਡਰ ਦੀ ਚੋਣ ਲਈ ਵੋਟਾਂ 9 ਮਾਰਚ ਨੂੰ ਪੈਣਗੀਆਂ ਅਤੇ ਉਸੇ ਦਿਨ ਦੇਰ ਸ਼ਾਮ ਤੱਕ ਨਵੇਂ ਆਗੂ ਦਾ ਐਲਾਨ ਕਰ ਦਿਤਾ ਜਾਵੇਗਾ।

# ਲਾਸ ਏਂਜਲਸ 'ਚ ਅੱਗ ਕਾਰਨ ਹੋਈ ਤਬਾਹੀ ਨੂੰ ਦੇਖ ਕੇ ਭਾਵੁਕ ਹੋਈ ਪ੍ਰਿਅੰਕਾ ਚੋਪੜਾ

## ਕਿਹਾ- ਮੇਰੇ ਦੋਸਤਾਂ ਨੇ ਬਹੁਤ ਕੁਝ ਗੁਆ ਦਿੱਤਾ




ਅਮਰੀਕਾ ਦੇ ਲਾਸ ਏਂਜਲਸ ਦੇ ਕਈ ਇਲਾਕਿਆਂ ਵਿਚ ਜੰਗਲ ਦੀ ਭਿਆਨਕ ਅੱਗ ਨੇ ਸ਼ਹਿਰ ਵਿਚ ਤਬਾਹੀ ਮਚਾਈ ਹੋਈ ਹੈ। ਇਸ ਅੱਗ ਕਾਰਨ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। 25 ਲੋਕਾਂ ਦੀ ਮੌਤ ਹੋ ਚੁੱਕੀ ਹੈ। 40,600 ਏਕੜ ਤੋਂ ਵੱਧ ਰਕਬਾ ਨੁਕਸਾਨਿਆ ਗਿਆ ਹੈ। ਕਈ ਮਸ਼ਹੂਰ ਹਸਤੀਆਂ ਦੇ ਘਰ ਸੜ ਕੇ ਸੁਆਹ ਹੋ ਗਏ ਹਨ। ਇਸ ਭਿਆਨਕ ਘਟਨਾ ਨੂੰ ਲੈ ਕੇ ਹੁਣ ਤੱਕ ਕਈ ਮਸ਼ਹੂਰ ਹਸਤੀਆਂ ਨੇ ਸੋਸ਼ਲ ਮੀਡੀਆ 'ਤੇ ਆਪਣੀ ਚਿੰਤਾ ਜ਼ਾਹਰ ਕੀਤੀ ਹੈ। ਹੁਣ ਪ੍ਰਿਅੰਕਾ ਚੋਪੜਾ ਨੇ ਕਿਹਾ ਕਿ ਇਹ ਸਭ ਦੇਖ ਕੇ ਉਨ੍ਹਾਂ ਦਾ ਦਿਲ ਬਹੁਤ ਭਰਿਆ ਪਿਆ ਹੈ। ਪਤਾ ਲੱਗਾ ਹੈ ਕਿ ਪ੍ਰਿਯੰਕਾ ਦਾ ਲ਼ਅ ਵਿੱਚ ਇੱਕ ਆਲੀਸ਼ਾਨ ਘਰ ਵੀ ਹੈ। ਕੈਲੀਫ਼ੋਰਨੀਆ ਵਿਚ ਭਿਆਨਕ ਅੱਗ ਅਜੇ ਵੀ ਤਬਾਹੀ ਮਚਾ ਰਹੀ ਹੈ। ਇਸ ਕਾਰਨ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ ਹਨ ਅਤੇ ਅਣਗਿਣਤ ਘਰ ਸੜ ਕੇ ਸੁਆਹ ਹੋ ਗਏ ਹਨ।

ਲਾਸ ਏਂਜਲਸ 'ਚ ਆਪਣੇ ਪਰਿਵਾਰ ਨਾਲ ਰਹਿ ਰਹੀ ਪ੍ਰਿਅੰਕਾ ਚੋਪੜਾ ਨੇ ਸੋਸ਼ਲ ਮੀਡੀਆ 'ਤੇ ਆਪਣਾ ਦੁੱਖ ਜ਼ਾਹਰ ਕੀਤਾ ਅਤੇ ਪ੍ਰਭਾਵਿਤ ਲੋਕਾਂ ਨੂੰ ਆਪਣਾ ਸਮਰਥਨ ਦਿੱਤਾ। ਤਬਾਹੀ ਦੀਆਂ ਤਸਵੀਰਾਂ ਸਾਂਝੀਆਂ ਕਰਦੇ ਹੋਏ ਪ੍ਰਿਅੰਕਾ ਨੇ ਅੱਗ ਬੁਝਾਉਣ ਵਾਲੇ ਕਰਮਚਾਰੀਆਂ ਦਾ ਧੰਨਵਾਦ ਕੀਤਾ।

ਪ੍ਰਿਅੰਕਾ ਚੋਪੜਾ ਨੇ ਲਿਖਿਆ, 'ਮੇਰਾ ਦਿਲ ਲ਼ਅ ਲਈ ਬਹੁਤ ਦੁਖੀ ਹੈ। ਜਦੋਂ ਕਿ ਮੈਂ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਬਹੁਤ ਸ਼ੁਕਰਗੁਜ਼ਾਰ ਹਾਂ। ਸਾਡੇ ਬਹੁਤ ਸਾਰੇ ਦੋਸਤ, ਸਹਿਕਰਮੀ, ਅਤੇ ਸਾਥੀ ਐਂਜਲੇਨਸ ਬਹੁਤ ਕੁਝ ਗੁਆ ਚੁੱਕੇ ਹਨ।

ਇਸ ਅੱਗ ਨੇ ਅਣਗਿਣਤ ਪਰਿਵਾਰਾਂ ਨੂੰ ਉਜਾੜ ਦਿੱਤਾ ਹੈ ਅਤੇ ਸਾਰੇ ਭਾਈਚਾਰਿਆਂ ਨੂੰ ਤਬਾਹ ਕਰ ਦਿੱਤਾ ਹੈ, ਜਿਸ ਨਾਲ ਮੁਰੰਮਤ ਅਤੇ ਸਹਾਇਤਾ ਦੀ ਸਖ਼ਤ ਲੋੜ ਹੈ। ਅੱਗ ਬੁਝਾਉਣ ਵਾਲੇ ਕਰਮਚਾਰੀਆਂ ਨੇ ਆਪਣੀ ਜਾਨ ਜੋਖ਼ਮ ਵਿੱਚ ਪਾ ਕਿ ਸਾਡੀ ਜਾਨ ਬਚਾਈ, ਇਹ ਅਸਲ ਹੀਰੋ ਹਨ। ਪ੍ਰਿਅੰਕਾ ਨੇ ਆਪਣੇ ਪੈਰੋਕਾਰਾਂ ਨੂੰ ਰਾਹਤ ਕਾਰਜਾਂ ਲਈ ਦਾਨ ਦੇਣ ਦੀ ਅਪੀਲ ਵੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਰਪਾ ਕਰਕੇ ਉਨ੍ਹਾਂ ਲੋਕਾਂ ਨੂੰ ਦਾਨ ਕਰੋ ਜਿਨ੍ਹਾਂ ਨੇ ਆਪਣਾ ਸਭ ਕੁਝ ਗੁਆ ਦਿੱਤਾ ਹੈ। ਉਨ੍ਹਾਂ ਲਿਖਿਆ ਕਿ 'ਹਰ ਯੋਗਦਾਨ, ਭਾਵੇਂ ਕਿੰਨਾ ਵੀ ਵੱਡਾ ਹੋਵੇ, ਅਸਲ ਵਿੱਚ ਮਦਦ ਕਰਦਾ ਹੈ।

ਤੁਹਾਨੂੰ ਦੱਸ ਦੇਈਏ ਕਿ ਜੰਗਲ ਦੀ ਅੱਗ ਨੇ ਲਾਸ ਏਂਜਲਸ ਅਤੇ ਇਸ ਦੇ ਆਸਪਾਸ ਦੇ ਇਲਾਕਿਆਂ ਵਿਚ ਕਾਫ਼ੀ ਤਬਾਹੀ ਮਚਾਈ ਹੈ, ਜਿਸ ਨਾਲ ਕਈ ਹਾਲੀਵੁੱਡ ਮਸ਼ਹੂਰ ਹਸਤੀਆਂ ਸਮੇਤ ਹਜ਼ਾਰਾਂ ਪਰਿਵਾਰ ਪ੍ਰਭਾਵਿਤ ਹੋਏ ਹਨ।

# ਬੰਗਲਾਦੇਸ਼: ਭ੍ਰਿਸ਼ਟਾਚਾਰ ਮਾਮਲੇ 'ਚ ਸਾਬਕਾ ਪ੍ਰਧਾਨ ਮੰਤਰੀ ਖ਼ਾਲਿਦਾ ਜ਼ਿਆ ਬਰੀ



ਢਾਕਾ : ਬੰਗਲਾਦੇਸ਼ ਸੁਪਰੀਮ ਕੋਰਟ ਨੇ ਅੱਜ ਸਾਬਕਾ ਪ੍ਰਧਾਨ ਮੰਤਰੀ ਅਤੇ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀਐੱਨਪੀ) ਦੀ ਚੇਅਰਪਰਸਨ ਖ਼ਾਲਿਦਾ ਜ਼ਿਆ ਨੂੰ ਭ੍ਰਿਸ਼ਟਾਚਾਰ ਮਾਮਲੇ ਵਿੱਚ ਹਾਈ ਕੋਰਟ ਵੱਲੋਂ ਦਿੱਤੀ ਗਈ 10 ਸਾਲ ਕੈਦ ਦੀ ਸਜ਼ਾ ਪਲਟਦਿਆਂ ਬਰੀ ਕਰ ਦਿੱਤਾ ਹੈ। 'ਢਾਕਾ ਟ੍ਰਿਬਿਊਨ' ਦੀ ਰਿਪੋਰਟ ਅਨੁਸਾਰ ਹਾਈ ਕੋਰਟ ਦੇ ਫੈਸਲੇ ਖ਼ਿਲਾਫ਼ ਜ਼ਿਆ (79) ਦੀ ਅਪੀਲ ਦੀ ਸਮੀਖਿਆ ਕਰਨ ਮਗਰੋਂ ਚੀਫ਼ ਜਸਟਿਸ ਡਾ. ਸਈਦ ਰੇਫਾਤ ਅਹਿਮਦ ਦੀ ਅਗਵਾਈ ਵਾਲੇ ਬੈਂਚ ਨੇ ਇਹ ਫੈਸਲਾ ਸੁਣਾਇਆ।

ਰਿਪੋਰਟ ਅਨੁਸਾਰ ਸੁਪਰੀਮ ਕੋਰਟ ਨੇ ਜ਼ਿਆ, ਪਾਰਟੀ ਦੇ ਕਾਰਜਕਾਰੀ ਪ੍ਰਧਾਨ ਤਾਰਿਕ ਰਹਿਮਾਨ ਅਤੇ ਹੋਰ ਸਾਰੇ ਮਸ਼ਕੂਕਾਂ ਨੂੰ ਜ਼ਿਆ ਅਨਾਥ ਆਸ਼ਰਮ ਟਰੱਸਟ ਭ੍ਰਿਸ਼ਟਾਚਾਰ ਮਾਮਲੇ ਵਿੱਚ ਉਨ੍ਹਾਂ ਦੀ ਅਪੀਲ 'ਤੇ ਬਰੀ ਕਰ ਦਿੱਤਾ। ਅਪੀਲੀ ਡਿਵੀਜ਼ਨ ਨੇ ਕਿਹਾ ਕਿ ਇਹ ਮਾਮਲਾ ਬਦਲੇ ਦੀ ਭਾਵਨਾ ਤੋਂ ਪ੍ਰੇਰਿਤ ਸੀ। 8 ਫਰਵਰੀ 2018 ਨੂੰ ਢਾਕਾ ਦੀ ਵਿਸ਼ੇਸ਼ ਜੱਜ ਅਦਾਲਤ-5 ਨੇ ਜ਼ਿਆ ਅਨਾਥ ਆਸ਼ਰਮ ਟਰੱਸਟ ਦੇ ਨਾਮ 'ਤੇ ਸਰਕਾਰੀ ਫੰਡਾਂ ਦੇ ਕਥਿਤ ਗਬਨ ਦੇ ਦੋਸ਼ ਹੇਠ ਜ਼ਿਆ ਨੂੰ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਸੀ।

BUY I SELL I INVEST
TEAM GILL



Amarjit Sangha
Sales Representative
905-874-9600

Shamsher Gill
Sales Representative
905-744-4400

Simrat Grewal
Sales Representative
416-414-2878

DIR.: 905-744-4400
FREE MARKET EVALUATION OF YOUR PROPERTY
* ਨਵਾਂ ਘਰ ਦੇਖ ਰਹੇ ਹੋ ਜਾਂ ਇੰਨਵੈਸਟਮੈਂਟ ਪ੍ਰੌਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜ਼ਰਬੇਕਾਰ Real Estate Team ਲੱਭ ਰਹੇ ਹੋ?
WE CAN HELP YOU FIND YOUR DREAM PROPERTY IN
GTA & WATERLOO REGION:
Mississauga, Brampton, Caledon,
Cambridge, Kitchener, Waterloo & Guelph Area
ROYAL LEPAGE
Flower City Realty Inc.
BROKERAGE, INDEPENDENTLY OWNED & OPERATED
MLS MULTIPLE LISTING SERVICE
INCOME GENERATING
INVESTMENT PROPERTIES

ਟਰੱਕ ਯਾਰਡ ਜਾਂ ਹੋਟਲ, ਮੋਟਲ, ਲੈਂਡ, ਜਾਂ ਪਲਾਜ਼ਾ ਖਰੀਦਣ ਵੇਚਣ ਲਈ ਸੰਪਰਕ ਕਰੋ



ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸੀਅਲ ਤੇ ਕਮਰਸ਼ੀਅਲ ਪ੍ਰੋਪਰਟੀ ਖਰੀਦਣ ਤੇ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ
HOMELIFE SILVERCITY
REALTY INC.,BROKERAGE
HIGHER STANDARDS
Contact for all your residential & commercial real estate services
www.baljindersekha.com
ਬਲਜਿੰਦਰ ਸਰਾ
Salesperson
416-509-6200




STUDENT VISA
Fulfill your dreams in
CANADA



* Study Permits
* Express Entry
* PNP * Spousal Category
* Fast Admission Process
* Top Ranking Colleges/Universities
* Min. Qualification Grade 12 (+2)
* Low service Charges
ਅਸੀਂ LMIA ਲੈਣ ਵਿੱਚ ਵੀ ਮਦਦ ਕਰਦੇ ਹਾਂ
ICC
CANADA IMMIGRATION SOLUTIONS INC.
Ripudaman Dhillon
Manu Datta
Ph:- 905-461-2424
iccrc crcic
#1137 Derry Road East, Mississauga, ON. L5T 1P3 Email:- info@iccimmigration.ca

# HMPV ਤੋਂ ਬਾਅਦ ਹੁਣ Marburg ਵਾਇਰਸ ਨੇ ਮਚਾਈ ਤਬਾਹੀ!

## ਤਨਜ਼ਾਨੀਆ ਵਿੱਚ 8 ਲੋਕਾਂ ਦੀ ਮੌਤ




ਐਚਐਮਪੀਵੀ ਵਾਇਰਸ ਕਾਰਨ ਹੋਏ ਹਾਲ ਹੀ ਦੇ ਕਹਿਰ ਤੋਂ ਬਾਅਦ, ਹੁਣ ਮਾਰਬਰਗ ਵਾਇਰਸ ਨੇ ਦੁਨੀਆ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਤਨਜ਼ਾਨੀਆ ਵਿੱਚ ਇਸ ਖ਼ਤਰਨਾਕ ਵਾਇਰਸ ਕਾਰਨ 8 ਲੋਕਾਂ ਦੀ ਮੌਤ ਹੋ ਗਈ ਹੈ। ਵਿਸ਼ਵ ਸਿਹਤ ਸੰਗਠਨ (WHO) ਨੇ ਇਸ ਘਟਨਾ ਨੂੰ ਬਹੁਤ ਗੰਭੀਰ ਦੱਸਿਆ ਹੈ ਅਤੇ ਇਸਨੂੰ ਅੰਤਰਰਾਸ਼ਟਰੀ ਸਿਹਤ ਸੁਰੱਖਿਆ ਲਈ ਖ਼ਤਰਾ ਦੱਸਿਆ ਹੈ। WHO ਦੇ ਅਧਿਕਾਰੀਆਂ ਨੇ ਮਾਰਬਰਗ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਤੁਰੰਤ ਕਾਰਵਾਈ ਦੀ ਲੋੜ 'ਤੇ ਜ਼ੋਰ ਦਿੱਤਾ ਹੈ।

ਮਾਰਬਰਗ ਵਾਇਰਸ ਇੱਕ ਦੁਰਲੱਭ ਪਰ ਘਾਤਕ ਵਾਇਰਸ ਹੈ, ਜੋ ਮਾਰਬਰਗ ਅਤੇ ਈਬੋਲਾ ਵਾਇਰਸ ਪਰਿਵਾਰ ਨਾਲ ਸਬੰਧਤ ਹੈ। ਇਹ ਵਾਇਰਸ ਮਨੁੱਖਾਂ ਵਿੱਚ ਗੰਭੀਰ ਅਤੇ ਘਾਤਕ ਖ਼ੂਨੀ ਬੁਖਾਰ ਦਾ ਕਾਰਨ ਬਣਦਾ ਹੈ। ਇਹ ਵਾਇਰਸ ਪਹਿਲੀ ਵਾਰ 1967 ਵਿੱਚ ਜਰਮਨੀ ਅਤੇ ਸਰਬੀਆ ਵਿੱਚ ਪ੍ਰਗਟ ਹੋਇਆ ਸੀ। ਇਹ ਚਮਗਿੱਦੜਾਂ ਤੋਂ ਮਨੁੱਖਾਂ ਵਿੱਚ ਫੈਲਦਾ ਹੈ ਅਤੇ ਫਿਰ ਸੰਕਰਮਿਤ ਵਿਅਕਤੀ ਦੇ ਸੰਪਰਕ ਰਾਹੀਂ ਦੂਜਿਆਂ ਤੱਕ ਪਹੁੰਚਦਾ ਹੈ।

### ਲੱਛਣ ਅਤੇ ਪ੍ਰਭਾਵ

ਮਾਰਬਰਗ ਵਾਇਰਸ ਨਾਲ ਸੰਕਰਮਿਤ ਵਿਅਕਤੀ ਨੂੰ ਤੇਜ਼ ਬੁਖਾਰ, ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਉਲਟੀਆਂ, ਦਸਤ ਅਤੇ ਅੰਦਰੂਨੀ ਖ਼ੂਨ ਵਹਿਣ ਵਰਗੇ ਲੱਛਣ ਮਹਿਸੂਸ ਹੁੰਦੇ ਹਨ। ਇਹ ਵਾਇਰਸ ਇੰਨਾ ਘਾਤਕ ਹੈ ਕਿ ਇਸ ਦੇ ਸੰਕਰਮਣ ਨਾਲ ਮੌਤ ਦਰ 80% ਤੱਕ ਹੋ ਸਕਦੀ ਹੈ।

### ਤਨਜ਼ਾਨੀਆ ਵਿੱਚ ਸਥਿਤੀ

ਤਨਜ਼ਾਨੀਆ ਵਿੱਚ ਮਾਰਬਰਗ ਵਾਇਰਸ ਦੇ ਫੈਲਣ ਨੇ ਸਿਹਤ ਸੇਵਾਵਾਂ ਨੂੰ ਅਲਰਟ 'ਤੇ ਰੱਖ ਦਿੱਤਾ ਹੈ। ਹੁਣ ਤਕ 8 ਮੌਤਾਂ ਦੀ ਪੁਸ਼ਟੀ ਹੋ ਚੁੱਕੀ ਹੈ, ਅਤੇ ਕਈ ਹੋਰਾਂ ਦੇ ਸੰਕਰਮਿਤ ਹੋਣ ਦਾ ਖਦਸ਼ਾ ਹੈ। ਹੂ ਟੀਮ ਤਨਜ਼ਾਨੀਆ ਪਹੁੰਚ ਗਈ ਹੈ ਅਤੇ ਵਾਇਰਸ ਦੇ ਫੈਲਣ ਨੂੰ ਕੰਟਰੋਲ ਕਰਨ ਅਤੇ ਪ੍ਰਭਾਵਿਤ ਲੋਕਾਂ ਦੇ ਇਲਾਜ ਲਈ ਉਪਾਅ ਕਰ ਰਹੀ ਹੈ। ਸੰਕਰਮਿਤ ਇਲਾਕਿਆਂ ਵਿੱਚ ਸਿਹਤ ਸੇਵਾਵਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ, ਅਤੇ ਸਥਾਨਕ ਨਿਵਾਸੀਆਂ ਨੂੰ ਸੰਕਰਮਣ ਤੋਂ ਬਚਣ ਲਈ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਗਈ ਹੈ।

### WHO ਨੇ ਚਿੰਤਾ ਕਿਉਂ ਪ੍ਰਗਟਾਈ?

WHO ਦੇ ਅਨੁਸਾਰ, ਮਾਰਬਰਗ ਵਾਇਰਸ ਦਾ ਪ੍ਰਕੋਪ ਦੁਨੀਆ ਲਈ ਇੱਕ ਵੱਡੀ ਚੇਤਾਵਨੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਵਾਇਰਸ ਨਾ ਸਿਰਫ਼ ਤੇਜ਼ੀ ਨਾਲ ਫੈਲ ਸਕਦਾ ਹੈ, ਸਗੋਂ ਇਸ ਨਾਲ ਜਾਨ-ਮਾਲ ਦਾ ਵੀ ਵੱਡਾ ਨੁਕਸਾਨ ਹੋ ਸਕਦਾ ਹੈ। ਹੂ ਨੇ ਵਾਇਰਸ ਨੂੰ ਦੂਰ ਕਰਨ ਲਈ ਅੰਤਰਰਾਸ਼ਟਰੀ ਸਹਿਯੋਗ ਦੀ ਲੋੜ 'ਤੇ ਜ਼ੋਰ ਦਿੱਤਾ ਹੈ।

### ਆਪਣੇ ਆਪ ਨੂੰ ਕਿਵੇਂ ਸੁਰੱਖਿਅਤ ਕਰੀਏ?

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਮਾਰਬਰਗ ਵਾਇਰਸ ਤੋਂ ਬਚਣ ਲਈ ਸਫ਼ਾਈ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਸੰਕਰਮਿਤ ਵਿਅਕਤੀ ਤੋਂ ਦੂਰੀ ਬਣਾਈ ਰੱਖੋ ਅਤੇ ਜੇਕਰ ਕੋਈ ਸ਼ੱਕੀ ਲੱਛਣ ਦਿਖਾਈ ਦਿੰਦੇ ਹਨ ਤਾਂ ਤੁਰੰਤ ਡਾਕਟਰੀ ਸਹਾਇਤਾ ਲਓ। ਸੰਕਰਮਿਤ ਖੇਤਰਾਂ ਵਿੱਚ ਜਾਣ ਤੋਂ ਬਚੋ ਅਤੇ ਚੌਕਸੀ ਬਣਾਈ ਰੱਖੋ।

# ਕੈਨੇਡਾ ਦੇ ਹੈਲੀਫੈਕਸ ਸ਼ਹਿਰ 'ਚ 3 ਬੱਚਿਆਂ ਦੀ ਦਰਦਨਾਕ ਮੌਤ

ਹੈਲੀਫੈਕਸ : ਕੈਨੇਡਾ ਦੇ ਨੋਵਾ ਸਕੋਸ਼ੀਆ ਸੂਬੇ ਦੇ ਇਕ ਘਰ ਵਿਚ ਅੱਗ ਲੱਗਣ ਕਾਰਨ ਤਿੰਨ ਬੱਚਿਆਂ ਦੀ ਦਰਦਨਾਕ ਮੌਤ ਦਾ ਮਾਮਲਾ ਸਾਹਮਣੇ ਆਇਆ ਹੈ। ਮੁਢਲੇ ਤੌਰ 'ਤੇ ਛੇ ਸਾਲ ਦੀ ਇਕ ਬੱਚੀ ਦੇ ਦਮ ਤੋੜਨ ਦੀ ਰਿਪੋਰਟ ਆਈ ਪਰ ਹਸਪਤਾਲ ਵਿਚ ਦਾਖਲ ਪੰਜ ਸਾਲ ਅਤੇ 9 ਸਾਲ ਦੇ ਬੱਚੇ ਵੀ ਜ਼ਖਮਾਂ ਦੀ ਤਾਬ ਨਾਲ ਝਲਦਿਆਂ ਦਮ ਤੋੜ ਗਏ। ਗਲੋਬਲ ਨਿਊਜ਼ ਦੀ ਰਿਪੋਰਟ ਮੁਤਾਬਕ ਪੀੜਤ ਪਰਵਾਰ ਦੀ ਨਜ਼ਦੀਕੀ ਦੋਸਤ ਐਲਿਜ਼ਾ ਮਾਰਟਿਨ ਨੇ ਦੱਸਿਆ ਕਿ ਅੱਗ ਲੱਗਣ ਵੇਲੇ ਪੰਜ ਬੱਚਿਆਂ ਸਣੇ 7 ਜਣੇ ਘਰ ਵਿਚ ਮੌਜੂਦ ਸਨ।

## ਸੜਦੇ ਘਰ ਵਿਚੋਂ ਨਿਕਲਣ ਵਿਚ ਸਫ਼ਲ ਰਹੇ 2 ਬੱਚੇ ਅਤੇ ਇਕ ਔਰਤ

37 ਸਾਲ ਦੀ ਇਕ ਔਰਤ ਅਤੇ ਦੋ ਬੱਚੇ ਆਪਣੀ ਜਾਨ ਬਚਾ ਕੇ ਬਾਹਰ ਨਿਕਲਣ ਵਿਚ ਸਫ਼ਲ ਰਹੇ। ਫਾਇਰ ਫਾਈਟਰਜ਼ ਵੱਲੋਂ ਪੰਜ ਸਾਲ, ਛੇ ਸਾਲ ਅਤੇ 9 ਸਾਲ ਦੇ ਤਿੰਨ ਬੱਚਿਆਂ ਤੋਂ ਇਲਾਵਾ 40 ਸਾਲ ਦੇ ਇਕ ਸ਼ਖਸ ਨੂੰ ਬਾਹਰ ਕੱਢਿਆ ਗਿਆ ਜਿਨ੍ਹਾਂ ਵਿਚੋਂ ਇਕ ਬੱਚੇ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਦੋ ਬੱਚਿਆਂ ਨੇ ਹਸਪਤਾਲ ਵਿਚ ਆਖਰੀ ਸਾਹ ਲਏ। ਡਿਪਟੀ ਫ਼ਾਇਰ ਚੀਫ਼ ਡੇਵਿਡ ਮੈਲਡ੍ਰਮ ਨੇ ਦੱਸਿਆ ਕਿ ਅੱਗ ਲੱਗਣ ਦੇ ਕਾਰਨਾਂ ਦੀ ਪੜਤਾਲ ਕੀਤੀ ਜਾ ਰਹੀ ਹੈ ਪਰ ਮਾਮਲਾ ਸ਼ੱਕੀ ਮਹਿਸੂਸ ਨਹੀਂ ਹੁੰਦਾ। ਪੁਲਿਸ ਵੱਲੋਂ ਮਾਮਲਾ ਸ਼ੱਕੀ ਹੋਣ ਤੋਂ ਇਨਕਾਰ ਪਰਵਾਰ ਦੇ ਬਚ ਗਏ ਜੀਆਂ ਦੀ ਮਦਦ ਵਾਸਤੇ ਗੋਫੰਡਮੀ ਪੇਜ ਸਥਾਪਤ ਕੀਤਾ ਗਿਆ ਹੈ। ਦੱਸ ਦੇਈਏ ਕਿ ਛੋਟੇ-ਛੋਟੇ ਬੱਚਿਆਂ ਦੀ ਮੌਤ ਕਾਰਨ ਹੈਲੀਫੈਕਸ ਦੇ ਰਿਵਰਸਾਈਡ ਇਲਾਕੇ ਵਿਚ ਸੋਗ ਦਾ ਮਾਹੌਲ ਹੈ ਅਤੇ ਲੋਕਾਂ ਵੱਲੋਂ ਹਸਪਤਾਲ ਵਿਚ ਦਾਖਲ 40 ਸਾਲਾ ਸ਼ਖਸ ਦੀ ਸਿਹਤਯਾਬੀ ਵਾਸਤੇ ਅਰਦਾਸ ਕੀਤੀ ਜਾ ਰਹੀ ਹੈ।

# ਜਗਜੀਤ ਡੱਲੇਵਾਲ ਦੇ ਮਰਨ ਵਰਤ 'ਤੇ ਬੋਲੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ



ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਾਂਗਰਸ 'ਤੇ ਤੰਜ਼ ਕੱਸਦਿਆਂ ਕਿਹਾ ਕਿ ਜਦੋਂ ਕਾਂਗਰਸ ਨਵੇਂ ਦਫ਼ਤਰ ਦਾ ਉਦਘਾਟਨ ਕਰ ਰਹੀ ਸੀ ਤਾਂ ਉਸ ਵੇਲੇ ਪੰਜਾਬ ਦੇ ਕਾਂਗਰਸੀ ਆਗੂ ਕਿੱਥੇ ਸਨ। ਉਨ੍ਹਾਂ ਕਿਹਾ ਕਿ ਅੱਜ ਕਿਸੇ ਨੇ ਕਾਂਗਰਸ ਦਫ਼ਤਰ ਦੇ ਬਾਹਰ ਬੋਰਡ ਲਗਾ ਦਿੱਤਾ ਕਿ ਇਸ ਦਾ ਨਾਂਅ ਮਰਹੂਮ ਡਾ.ਮਨਮੋਹਨ ਸਿੰਘ ਦੇ ਨਾਂਅ 'ਤੇ ਰੱਖਿਆ ਜਾਵੇ ਕਿਉਂਕਿ ਉਨ੍ਹਾਂ ਦੇ ਦਿਹਾਂਤ ਤੋਂ ਬਾਅਦ ਸਭ ਤੋਂ ਵੱਧ ਮੰਗ ਪੰਜਾਬ ਦੇ ਕਾਂਗਰਸੀ ਆਗੂ ਹੀ ਕਰ ਰਹੇ ਸਨ ਕਿ ਉਨ੍ਹਾਂ ਦੀ ਯਾਦ ਵਿਚ ਕਿਸੇ ਢੁਕਵੀਂ ਜਗ੍ਹਾ 'ਤੇ ਯਾਦਗਾਰ ਬਣਾਈ ਜਾਵੇ, ਇਸ ਲਈ ਅੱਜ ਵਧੀਆ ਮੌਕਾ ਸੀ ਕਿ ਕਾਂਗਰਸ ਆਪਣੇ ਨਵੇਂ ਦਫ਼ਤਰ ਦਾ ਨਾਂ ਡਾ.ਮਨਮੋਹਨ ਸਿੰਘ ਦੇ ਨਾਂਅ ਰੱਖ ਦਿੰਦੀ।

ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਅੱਜ ਕਾਂਗਰਸ ਵਿਚ ਪ੍ਰਵਾਰਵਾਦ ਪੂਰੀ ਤਰ੍ਹਾਂ ਭਾਰੂ ਹੈ ਕਿਉਂਕਿ ਉਦਘਾਟਨ ਸਮੇਂ ਦੂਜੇ ਨੰਬਰ 'ਤੇ ਸੋਨੀਆ ਗਾਂਧੀ, ਤੀਜੇ ਨੰਬਰ 'ਤੇ ਮਲਿਕਾਰਜੁਨ ਖੜਗੇ ਤੇ ਚੌਥੇ ਨੰਬਰ ਤੇ ਰਾਹੁਲ ਗਾਂਧੀ ਦਾ ਨਾਂ ਸੀ।

ਕਿਸਾਨਾਂ ਬਾਰੇ ਬੋਲਦਿਆਂ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਇਸ ਮਾਮਲੇ 'ਤੇ ਹਰ ਕੋਈ ਬਹੁਤ ਚਿੰਤਤ ਹੈ, ਅੱਜ 111 ਲੋਕ ਭੁੱਖ ਹੜਤਾਲ 'ਤੇ ਬੈਠੇ ਹਨ, ਸੁਪਰੀਮ ਕੋਰਟ ਇਸ ਪੂਰੇ ਮਾਮਲੇ 'ਤੇ ਲਗਾਤਾਰ ਨਜ਼ਰ ਰੱਖ ਰਹੀ ਹੈ, ਸੁਪਰੀਮ ਕੋਰਟ ਜਗਜੀਤ ਡੱਲੇਵਾਲ ਦੀ ਸਿਹਤ 'ਤੇ ਨਜ਼ਰ ਰੱਖ ਰਹੀ ਹੈ। ਸਰਕਾਰ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਕੰਮ ਕਰ ਰਹੀ ਹੈ, ਸੁਪਰੀਮ ਕੋਰਟ ਇਸ ਮਾਮਲੇ ਵਿੱਚ ਕੀ ਦਖਲਅੰਦਾਜ਼ੀ ਕਰਦੀ ਹੈ ਅਤੇ ਕੀ ਫ਼ੈਸਲਾ ਲੈਂਦੀ ਹੈ, ਇਹ ਸੁਪਰੀਮ ਕੋਰਟ 'ਤੇ ਨਿਰਭਰ ਕਰਦਾ ਹੈ। ਉਨ੍ਹਾਂ ਕਿਹਾ ਕਿ ਮੈਂ ਆਪ ਇਕ ਕਿਸਾਨ ਹਾਂ। ਮੈਂ ਕਿਸਾਨਾਂ ਨੂੰ 6 ਮਹੀਨਿਆਂ ਤੋਂ ਕਹਿੰਦਾ ਰਿਹਾ ਕਿ ਮੈਨੂੰ ਗੱਲਬਾਤ ਲਈ ਬੁਲਾਓ ਤਾਂ ਸਹੀ, ਮੈਂ ਨੰਗੇ ਪੈਰੀ ਆ ਜਾਣਾ ਪਰ ਮੈਨੂੰ ਕਿਸੇ ਵੱਲੋਂ ਗੱਲਬਾਤ ਲਈ ਸੰਪਰਕ ਨਹੀਂ ਕੀਤਾ ਗਿਆ। ਕੋਈ ਗੱਲ ਨਹੀਂ ਹੋਈ। ਹੁਣ ਮੇਰੇ ਹੱਥ ਗੱਲ ਨਹੀਂ ਰਹੀ। ਹੁਣ ਸੁਪਰੀਮ ਕੋਰਟ ਵਿਚ ਇਸ ਦੀ ਸੁਣਵਾਈ ਚੱਲ ਰਹੀ ਹੈ। MP ਅੰਮ੍ਰਿਤਪਾਲ ਸਿੰਘ ਦੀ ਨਵੀਂ ਬਣੀ ਪਾਰਟੀ 'ਤੇ ਰਵਨੀਤ ਬਿੱਟੂ ਨੇ ਬੋਲਦਿਆਂ ਕਿਹਾ ਕਿ ਪਹਿਲਾਂ ਅੰਮ੍ਰਿਤਪਾਲ ਦੇ ਮਾਪਿਆਂ ਨੇ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਜੇਕਰ ਤੁਸੀਂ ਅੰਮ੍ਰਿਤਪਾਲ ਨੂੰ MP ਬਣਾ ਦਿਉਂਗੇ ਤਾਂ ਉਹ ਜੇਲ੍ਹ ਤੋਂ ਬਾਹਰ ਆ ਜਾਵੇਗਾ। ਇਸ ਕਰ ਕੇ ਲੋਕਾਂ ਨੇ ਉਸ ਨੂੰ ਵੋਟਾਂ ਪਾ ਕੇ MP ਬਣਾਇਆ। ਹੁਣ ਉਨ੍ਹਾਂ ਨੇ ਨਵੀਂ ਪਾਰਟੀ ਬਣਾਈ ਹੈ। ਇੰਨੀ ਛੇਤੀ ਪਾਰਟੀਆਂ ਨਹੀਂ ਬਣਦੀਆਂ ਹੁੰਦੀਆਂ। ਪਾਰਟੀਆਂ ਬਣਾਉਣਾ ਕੋਈ ਖੇਡ ਨਹੀਂ, ਪਾਰਟੀਆਂ ਪਿਛੇ ਬਹੁਤ ਸੰਘਰਸ਼ ਕਰਨਾ ਪੈਂਦਾ ਹੈ।

# ਚਰਨਜੀਤ ਸਿੰਘ ਅਟਵਾਲ ਦੀ ਧੀ ਕੈਨੇਡਾ ਦੀ ਕੌਮੀ ਸਿਆਸਤ 'ਚ ਅਜਮਾਏਗੀ ਕਿਸਮਤ

## ਤ੍ਰਿਪਤਜੀਤ ਕੌਰ ਨੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਫਲੀਟਵੁੱਟ-ਪੋਰਟਕੈਲਸ ਸੰਸਦੀ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਲਈ ਨਾਮਜ਼ਦਗੀ ਚੋਣ ਲੜਨ ਦਾ ਕੀਤਾ ਐਲਾਨ



ਭਾਰਤ ਦੀ ਲੋਕ ਸਭਾ ਦੇ ਸਾਬਕਾ ਡਿਪਟੀ ਸਪੀਕਰ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਰ ਰਹੇ ਡਾ. ਚਰਨਜੀਤ ਸਿੰਘ ਅਟਵਾਲ ਦੀ ਕੈਨੇਡਾ ਰਹਿੰਦੀ ਧੀ ਤ੍ਰਿਪਤਜੀਤ ਕੌਰ 'ਤ੍ਰਿਪਤ' ਅਟਵਾਲ ਕੈਨੇਡਾ ਦੀ ਕੌਮੀ ਸਿਆਸਤ ਵਿਚ ਕਿਸਮਤ ਅਜਮਾਉਣ ਲੱਗੀ ਹੈ। ਤ੍ਰਿਪਤਜੀਤ ਕੌਰ ਨੇ ਕੈਨੇਡਾ ਦੀਆਂ ਆਉਂਦੀਆਂ ਸੰਸਦੀ ਚੋਣਾਂ ਲਈ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਫਲੀਟਵੁੱਡ-ਪੋਰਟਕੈਲਸ ਸੰਸਦੀ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਵਜੋਂ ਨਾਮਜ਼ਦਗੀ ਚੋਣ ਲੜਨ ਦਾ ਐਲਾਨ ਕੀਤਾ।

ਲੁਧਿਆਣਾ ਦੇ ਗੌਰਮਿੰਟ ਕਾਲਜ ਫ਼ਾਰ ਵੂਮੈਨ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਉੱਚ ਸਿੱਖਿਆ ਪ੍ਰਾਪਤ ਤ੍ਰਿਪਤਜੀਤ ਕੌਰ ਇੰਗਲੈਂਡ ਵਿਚ ਕਾਨੂੰਨ ਦੀ ਪੜ੍ਹਾਈ ਕਰ ਰਹੀ ਹੈ ਤੇ ਇਹ ਉਸ ਦਾ ਆਖ਼ਰੀ ਸਮੈਸਟਰ ਹੈ। ਜ਼ਿਲ੍ਹਾ ਲੁਧਿਆਣਾ ਦੇ ਰਾੜ੍ਹਾ ਸਾਹਿਬ ਨੇੜਲੇ ਪਿੰਡ ਘਲੋਟੀ ਦੇ ਜੰਮਪਲ ਤੇ ਉੱਘੇ ਟਰਾਂਸਪੋਰਟਰ ਸੁਖਮਿੰਦਰ ਸਿੰਘ ਸੁੱਖ ਪੰਧੀਰ ਤੇ ਮਲੋਟ ਦੇ ਜੰਮਪਲ ਤੇ ਨਾਮਵਰ ਰੀਐਲਟਰ ਕਰਤਾਰ ਸਿੰਘ ਵੀ ਇਸ ਨਾਮਜ਼ਦਗੀ ਚੋਣ ਵਿਚ ਆਪਣੀ ਕਿਸਮਤ ਅਜਮਾ ਰਹੇ ਹਨ। ਆਉਂਦੇ ਕੁਝ ਦਿਨਾਂ ਵਿਚ ਪਤਾ ਲਗ ਜਾਵੇਗਾ ਕਿ ਫਲੀਟਵੁੱਟ-ਪੋਰਟਕੈਲਸ ਸੰਸਦੀ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਦਾ ਉਮੀਦਵਾਰ ਕੌਣ ਹੋਵੇਗਾ।

# ਟਰੰਪ ਅਤੇ ਬਾਈਡੇਨ ਦੋਹਾਂ ਨੇ ਲਿਆ ਗਾਜ਼ਾ ਜੰਗਬੰਦੀ ਸਮਝੌਤੇ ਦਾ ਸਿਹਰਾ




ਵਾਸ਼ਿੰਗਟਨ:- ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੋਵੇਂ ਹੀ ਬੁੱਧਵਾਰ ਨੂੰ ਗਾਜ਼ਾ ਵਿੱਚ ਇਜ਼ਰਾਈਲ ਅਤੇ ਹਮਾਸ ਵਿਚਕਾਰ ਹੋਏ ਜੰਗਬੰਦੀ ਸਮਝੌਤੇ ਦਾ ਸਿਹਰਾ ਲੈ ਰਹੇ ਹਨ। ਵ੍ਹਾਈਟ ਹਾਊਸ (ਅਮਰੀਕੀ ਰਾਸ਼ਟਰਪਤੀ ਦਾ ਨਿਵਾਸ ਅਤੇ ਦਫ਼ਤਰ) ਨੇ ਟਰੰਪ ਦੇ ਪੱਛਮੀ ਏਸ਼ੀਆ ਰਾਜਦੂਤ ਨੂੰ ਮਹੀਨਿਆਂ ਤੋਂ ਚੱਲ ਰਹੀ ਗੱਲਬਾਤ ਵਿੱਚ ਸ਼ਾਮਲ ਕੀਤਾ ਸੀ। ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਦਫ਼ਤਰ ਅਨੁਸਾਰ, ਟਰੰਪ ਨੇ ਬਿਨਾਂ ਸਮਾਂ ਬਰਬਾਦ ਕੀਤੇ ਇਹ ਦਾਅਵਾ ਕੀਤਾ ਕਿ ਉਹ ਇਸ ਸਮਝੌਤੇ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ, ਜਿਸਦੇ ਅੰਤਿਮ ਵੇਰਵਿਆਂ ਨੂੰ ਅਜੇ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ।

ਇਸ ਦੌਰਾਨ, ਬਾਈਡੇਨ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਸਮਝੌਤਾ ਮਈ ਦੇ ਅਖੀਰ ਵਿੱਚ ਉਨ੍ਹਾਂ ਦੁਆਰਾ ਰੱਖੀ ਗਈ ਯੋਜਨਾ ਦੀ ਸਪੱਸ਼ਟ ਰੂਪਰੇਖਾ ਦੇ ਤਹਿਤ ਕੀਤਾ ਗਿਆ। ਟਰੰਪ ਨੇ ਸੋਸ਼ਲ ਮੀਡੀਆ 'ਤੇ ਲਿਖਿਆ, "ਇਹ ਜੰਗਬੰਦੀ ਸਮਝੌਤਾ ਨਵੰਬਰ ਵਿੱਚ ਸਾਡੀ ਇਤਿਹਾਸਕ ਜਿੱਤ ਦੇ ਨਤੀਜੇ ਵਜੋਂ ਹੀ ਸੰਭਵ ਹੋਇਆ, ਕਿਉਂਕਿ ਸਾਡੀ ਜਿੱਤ ਨੇ ਪੂਰੀ ਦੁਨੀਆ ਨੂੰ ਸੰਕੇਤ ਦਿੱਤਾ ਕਿ ਮੇਰਾ ਪ੍ਰਸ਼ਾਸਨ ਸ਼ਾਂਤੀ ਚਾਹੁੰਦਾ ਹੈ ਅਤੇ ਸਾਰੇ ਅਮਰੀਕੀਆਂ ਅਤੇ ਸਾਡੇ ਸਹਿਯੋਗੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਮਝੌਤਿਆਂ 'ਤੇ ਗੱਲਬਾਤ ਕਰੇਗਾ।" ਉਨ੍ਹਾਂ ਕਿਹਾ, "ਮੈਨੂੰ ਬਹੁਤ ਖੁਸ਼ੀ ਹੈ ਕਿ ਅਮਰੀਕੀ ਅਤੇ ਇਜ਼ਰਾਈਲੀ ਬੰਧਕ ਆਪਣੇ ਪਰਿਵਾਰਾਂ ਅਤੇ ਅਜ਼ੀਜ਼ਾਂ ਕੋਲ ਵਾਪਸ ਆ ਜਾਣਗੇ।" ਟਰੰਪ ਨੇ ਕਿਹਾ ਕਿ ਦੋਹਾ, ਕਤਰ ਵਿੱਚ ਗੱਲਬਾਤ ਵਿੱਚ ਹਿੱਸਾ ਲੈਣ ਵਾਲੇ ਉਨ੍ਹਾਂ ਦੇ ਨਵ ਚੁਣੇ ਗਏ ਪੱਛਮੀ ਏਸ਼ੀਆ ਰਾਜਦੂਤ ਸਟੀਵ ਵਿਟਕੋਫ ਇਜ਼ਰਾਈਲ ਅਤੇ ਸਾਡੇ ਸਹਿਯੋਗੀਆਂ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖਣਗੇ।" ਉਥੇ ਹੀ ਬਾਈਡੇਨ ਨੇ ਕਿਹਾ ਕਿ "ਇਸ ਕੰਮ ਨੂੰ ਪੂਰਾ ਕਰਨ ਦੀ ਕੋਸ਼ਿਸ਼ ਵਿੱਚ ਮੇਰੇ ਕੂਟਨੀਤਕ ਯਤਨ ਕਦੇ ਨਹੀਂ ਰੁਕੇ।" ਉਨ੍ਹਾਂ ਕਿਹਾ, 'ਇਹ ਨਾ ਸਿਰਫ਼ ਹਮਾਸ 'ਤੇ ਪੈ ਰਹੇ ਦਬਾਅ ਅਤੇ ਲੇਬਨਾਨ ਵਿੱਚ ਜੰਗਬੰਦੀ ਅਤੇ ਈਰਾਨ ਦੇ ਕਮਜ਼ੋਰ ਹੋਣ ਦੇ ਬਾਅਦ ਖੇਤਰੀ ਸਮੀਕਰਨਾਂ ਦਾ ਨਤੀਜਾ ਹੈ, ਸਗੋਂ ਇਹ ਦ੍ਰਿੜ ਅਤੇ ਮਿਹਨਤੀ ਅਮਰੀਕੀ ਕੂਟਨੀਤੀ ਦਾ ਵੀ ਨਤੀਜਾ ਹੈ।'

# H-1B ਵੀਜ਼ਾ 'ਤੇ ਟਰੰਪ ਦੀ ਨੀਤੀ ਨੇ ਭਾਰਤੀਆਂ ਦੇ ਸੁਪਨਿਆਂ ਨੂੰ ਕੀਤਾ ਚਕਨਾਚੂਰ




ਅਮਰੀਕਾ: ਹਜ਼ਾਰਾਂ ਭਾਰਤੀਆਂ ਦਾ ਐੱਚ-1ਬੀ ਵੀਜ਼ਾ ਪ੍ਰਾਪਤ ਕਰਨ ਦਾ ਸੁਪਨਾ ਹੈ। ਇਹ ਤੁਹਾਡੇ ਸੁਪਨੇ ਨੂੰ ਸਾਕਾਰ ਕਰਨ ਲਈ ਇੱਕ ਟਿਕਟ ਹੈ। ਹੁਣ ਡੋਨਾਲਡ ਟਰੰਪ ਦੀ ਅਗਵਾਈ ਵਾਲੇ ਅਮਰੀਕੀ ਪ੍ਰਸ਼ਾਸਨ ਹੇਠ ਬਹੁਤ ਸਾਰੇ ਭਾਰਤੀਆਂ ਦੇ ਸੁਪਨੇ ਚਕਨਾਚੂਰ ਹੋ ਸਕਦੇ ਹਨ। ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਵਿੱਚ ਲੋਕਾਂ ਦੀਆਂ ਨੌਕਰੀਆਂ ਦੀਆਂ ਪੇਸ਼ਕਸ਼ਾਂ ਰੱਦ ਕਰ ਦਿੱਤੀਆਂ ਗਈਆਂ ਹਨ, ਅਤੇ ਪੇਸ਼ਕਸ਼ਾਂ ਵਾਪਸ ਲਈਆਂ ਜਾ ਰਹੀਆਂ ਹਨ। 20 ਜਨਵਰੀ ਨੂੰ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਪਹਿਲਾਂ ਹੀ, ਭਾਰਤੀਆਂ ਨੂੰ ਅੱਗੇ ਕੀ ਹੋਣ ਵਾਲਾ ਹੈ, ਇਸ ਦੀ ਝਲਕ ਮਿਲ ਸਕਦੀ ਹੈ। ਨੌਕਰੀ ਦੀਆਂ ਪੇਸ਼ਕਸ਼ਾਂ ਨੂੰ ਰੱਦ ਕਰਨ ਤੋਂ ਲੈ ਕੇ ਅਮਰੀਕਾ ਵਿੱਚ ਪੜ੍ਹਾਈ ਕਰਨ ਬਾਰੇ ਅਨਿਸ਼ਚਿਤਤਾ ਤੱਕ, H-1B ਵੀਜ਼ਾ ਬਹਿਸ ਬਹੁਤ ਸਾਰੇ ਭਾਰਤੀਆਂ ਦੇ ਜੀਵਨ ਨੂੰ ਉਥਲ-ਪੁਥਲ ਕਰ ਰਹੀ ਹੈ ਜੋ ਅਮਰੀਕਾ ਵਿੱਚ ਰੋਜ਼ੀ-ਰੋਟੀ ਕਮਾਉਣ ਦਾ ਸੁਪਨਾ ਦੇਖਦੇ ਹਨ ਅਤੇ ਜੋ ਪਹਿਲਾਂ ਹੀ ਉੱਥੇ ਰਹਿ ਰਹੇ ਹਨ। H-1B ਵੀਜ਼ਾ ਪ੍ਰੋਗਰਾਮ ਸੰਯੁਕਤ ਰਾਜ ਅਮਰੀਕਾ ਵਿੱਚ ਵਿਦੇਸ਼ੀਆਂ ਲਈ ਸਭ ਤੋਂ ਵੱਡਾ ਅਸਥਾਈ ਵਰਕ ਵੀਜ਼ਾ ਹੈ। ਇਹ ਮਾਲਕਾਂ ਨੂੰ "ਯੋਗਤਾ ਅਤੇ ਯੋਗਤਾ" ਦੇ ਆਧਾਰ 'ਤੇ ਵਿਦੇਸ਼ੀ ਕਾਮਿਆਂ ਨੂੰ ਨੌਕਰੀ 'ਤੇ ਰੱਖਣ ਦੀ ਆਗਿਆ ਦਿੰਦਾ ਹੈ। 2023 ਦੀ ਪਿਊ ਰਿਸਰਚ ਰਿਪੋਰਟ ਦਰਸਾਉਂਦੀ ਹੈ ਕਿ ਅਮਰੀਕਾ ਵਿੱਚ ਇਮੀਗ੍ਰੇਸ਼ਨ ਵਿੱਚ 1.6 ਮਿਲੀਅਨ ਦਾ ਵਾਧਾ ਹੋਇਆ ਹੈ, ਜੋ ਕਿ ਪਿਛਲੇ ਦੋ ਦਹਾਕਿਆਂ ਵਿੱਚ ਸਭ ਤੋਂ ਵੱਡਾ ਵਾਧਾ ਹੈ। ਇਸ ਪਿੱਛੇ ਬਹੁਤ ਸਾਰੇ ਅਮਰੀਕੀਆਂ ਦਾ ਗੁੱਸਾ ਹੋ ਸਕਦਾ ਹੈ। ਉਦਾਹਰਣ ਵਜੋਂ, ਇਸ ਤੋਂ ਬਾਅਦ, ਸਥਾਨਕ ਲੋਕਾਂ ਦੇ ਅਨੁਸਾਰ ਨੀਤੀਆਂ ਬਣਾਈਆਂ ਜਾ ਰਹੀਆਂ ਹਨ। ਟਰੰਪ ਨੇ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਲਾਗੂ ਕਰਨ ਅਤੇ ਹੋਰ ਅਮਰੀਕੀਆਂ ਨੂੰ ਨੌਕਰੀ 'ਤੇ ਰੱਖਣ ਦਾ ਵਾਅਦਾ ਕੀਤਾ ਹੈ। ਇਮੀਗ੍ਰੇਸ਼ਨ ਪ੍ਰਣਾਲੀ 'ਤੇ ਬਹਿਸ ਭਾਰਤੀਆਂ ਲਈ ਮੁਸ਼ਕਲਾਂ ਲਿਆਉਂਦੀ ਹੈ, ਜੋ ਕਿ ਅਮਰੀਕਾ ਵਿੱਚ ਸਭ ਤੋਂ ਵੱਧ ਐਚ-1ਬੀ ਵੀਜ਼ਾ ਧਾਰਕ ਹਨ। ਅਮਰੀਕਾ ਜਾਣ ਦੇ ਚਾਹਵਾਨ ਬਹੁਤ ਸਾਰੇ ਲੋਕਾਂ ਦੇ ਸੁਪਨੇ ਚਕਨਾਚੂਰ ਹੋ ਗਏ। ਆਸ਼ੀਸ਼ ਚੌਹਾਨ, ਜਿਸ ਕੋਲ ਐਮਬੀਏ ਦੀ ਡਿਗਰੀ ਸੀ, ਪੜ੍ਹਾਈ ਲਈ ਅਮਰੀਕਾ ਜਾਣਾ ਚਾਹੁੰਦਾ ਸੀ।

"ਇਹ ਮੇਰੇ ਦਿਮਾਗ ਵਿੱਚ ਟਿਕਿਆ ਹੋਇਆ ਹੈ," ਉਸਨੇ ਬੀਬੀਸੀ ਨੂੰ ਦੱਸਿਆ। ਆਸ਼ੀਸ਼ ਦਾ ਸੁਪਨਾ ਕਿਸੇ ਅਮਰੀਕੀ ਯੂਨੀਵਰਸਿਟੀ ਤੋਂ ਐਮਬੀਏ ਕਰਨ ਤੋਂ ਬਾਅਦ ਸ਼ੁਰੂ ਹੋਵੇਗਾ, ਪਰ ਟਰੰਪ ਸਮਰਥਕਾਂ ਦੁਆਰਾ ਐਚ-1ਬੀ ਵੀਜ਼ਾ 'ਤੇ ਬਹਿਸ ਤੇਜ਼ ਹੋਣ ਨਾਲ, ਉਸਨੂੰ ਲੱਗਦਾ ਹੈ ਕਿ ਉਸਦੇ ਪਲਾਨ ਅਸਫਲ ਹੋ ਜਾਣਗੇ। ਐੱਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਹੁਨਰਮੰਦ ਕਾਮਿਆਂ ਨੂੰ ਸੰਯੁਕਤ ਰਾਜ ਅਮਰੀਕਾ ਲਿਆਉਣ ਲਈ ਤਿਆਰ ਕੀਤਾ ਗਿਆ ਸੀ। ਟਰੰਪ ਸਮਰਥਕਾਂ ਵਿੱਚ ਇਹ ਬਹਿਸ ਹੈ ਕਿ ਇਹ ਇੱਕ ਅਜਿਹਾ ਪ੍ਰੋਗਰਾਮ ਹੈ ਜੋ ਅਮਰੀਕੀ ਕਾਮਿਆਂ ਨੂੰ ਕਮਜ਼ੋਰ ਕਰਦਾ ਹੈ। ਇਸ ਪ੍ਰੋਗਰਾਮ ਵਿੱਚ ਭਾਰਤੀ ਲੋਕਾਂ ਦਾ ਦਬਦਬਾ ਹੈ, ਜਿਨ੍ਹਾਂ ਨੇ 72% H-1B ਵੀਜ਼ਾ ਪ੍ਰਾਪਤ ਕੀਤੇ ਹਨ, ਜਦੋਂ ਕਿ ਚੀਨੀ ਨਾਗਰਿਕਾਂ ਲਈ ਇਹ 12% ਹੈ। ਜ਼ਿਆਦਾਤਰ ਵੀਜ਼ਾ ਧਾਰਕ ਸ਼ਠਓ ਖੇਤਰਾਂ ਵਿੱਚ ਕੰਮ ਕਰਦੇ ਹਨ, ਖਾਸ ਕਰਕੇ ਕੰਪਿਊਟਰ ਨਾਲ ਸਬੰਧਤ ਨੌਕਰੀਆਂ, ਪਰ ਭਾਰਤੀ H-1B ਵੀਜ਼ਾ ਧਾਰਕਾਂ ਨੂੰ ਵੱਧਦੀ ਜਾਂਚ ਅਤੇ ਪ੍ਰਤੀਕਿਰਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚਿੰਤਾਵਾਂ ਸਿਰਫ਼ ਉਨ੍ਹਾਂ ਲੋਕਾਂ ਤੱਕ ਸੀਮਤ ਨਹੀਂ ਹਨ ਜੋ ਸਿਰਫ਼ ਅਮਰੀਕਾ ਜਾਣ ਦੇ ਸੁਪਨੇ ਦੇਖ ਰਹੇ ਹਨ; ਸਭ ਤੋਂ ਵੱਡੀ ਚਿੰਤਾ ਉੱਥੇ ਰਹਿਣ ਵਾਲੇ ਉਨ੍ਹਾਂ ਲੋਕਾਂ ਲਈ ਹੈ ਜਿਨ੍ਹਾਂ ਨੂੰ ਆਪਣੀਆਂ ਨੌਕਰੀਆਂ ਗੁਆਉਣ ਦਾ ਖ਼ਤਰਾ ਹੈ।

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ

PUNJAB STAR TV

IPTV
ROKU
eBaba Ent
webtv

ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ

ਪੰਜਾਬ ਸਟਾਰ ਟੀਵੀ

ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ
ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666

NOW WIDELY AVAILABLE IN AMERICA & CANADA
For informatin call Lakhwinder Sandhu
905-673-7666

YUPPTV
GET IT ON Google Play
Shava tv
Jadoo tv
Cruze tv
amazon fireTV

ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਚਿੰਤਨ

# ਬਦਲ ਰਿਹਾ ਪੰਜਾਬ ਦਾ ਸੱਭਿਆਚਾਰਕ ਢਾਂਚਾ ?




ਵਿਸ਼ਵੀਕਰਨ ਤੇ ਕਾਰਪੋਰੇਟੀ ਹਮਲਿਆਂ ਦੇ ਕਾਰਨ ਪੰਜਾਬ ਦੇ ਬਦਲ ਰਹੇ ਸੱਭਿਆਚਾਰਕ ਢਾਂਚੇ ਨੂੰ ਸਮਝਣਾ ਟੇਡੀ ਖੀਰ ਬਣ ਗਿਆ ਹੈ। ਵਿਸ਼ਵ ਮੰਡੀ ਦੇ ਆਉਣ ਤੋਂ ਪਹਿਲਾਂ ਜਿਸ ਤਰ੍ਹਾਂ ਪੰਜਾਬ ਦੇ ਅਰਥ ਸਾਸ਼ਤਰੀਆਂ, ਸਿੱਖਿਆ ਸਾਸ਼ਤਰੀਆਂ,ਸਮਾਜ ਸ਼ਾਸਤਰੀਆਂ, ਖੇਤੀ ਵਿਗਿਆਨੀਆਂ ਤੇ ਯੂਨੀਵਰਸਿਟੀਆਂ ਦੇ ਵਿਦਵਾਨਾਂ ਨੇ ਵਿਸ਼ਵੀਕਰਨ ਦੇ ਫਾਇਦੇ ਗਣਾਏ ਸਨ, ਉਹ ਤੀਹ ਸਾਲ ਵਿੱਚ ਉਲਟ ਪੁਲਟ ਗਏ । ਇਸ ਉਲਟ ਪੁਲਟ ਵਿੱਚ ਹੁਣ ਉਹ ਸਾਰੇ ਹੀ ਸਾਸ਼ਤਰੀ ਤੇ ਵਿਦਵਾਨ ਪੰਜਾਬ ਦੇ ਵਿੱਚੋਂ ਪਰਵਾਰਾਂ ਸਮੇਤ ਗਾਇਬ ਹੋ ਗਏ ਹਨ। ਪੰਜਾਬ ਹੁਣ ਨਾ ਬਾਬੇ ਨਾਨਕ ਵਾਲਾ, ਨਾ ਮਿਸਲਾਂ ਵਾਲਾ, ਨਾ ਰਿਆਸਤਾਂ ਵਾਲਾ, ਨਾ ਅੰਗਰੇਜ਼ਾਂ ਵਾਲਾ, ਨਾ ਸੰਤਾਲੀ ਵਾਲਾ, ਨਾ ਛਿਆਹਟ ਵਾਲਾ, ਨਾ ਉਨੀ ਸੌ ਚੌਰਾਸੀ ਵਾਲਾ ਹੈ ਤੇ ਪੰਜਾਬ ਹੁਣ ਵੀਹ ਸੌ ਵਾਈ ਵਾਲਾ ਹੈ । ਜੋ ਹੁਣ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ, ਬੇਰੁਜ਼ਗਾਰੀ, ਗੈਂਗਸਟਰ, ਚਿੱਟਾ, ਕਰਜ਼ਾ, ਧਰਨਿਆਂ ਤੇ ਮੁਹਜਾਰਿਆਂ ਦਾ ਨਿੱਤ ਸਾਹਮਣਾ ਕਰ ਰਿਹਾ ਹੈ । ਪੰਜਾਬ ਦੀ ਬੌਧਿਕ ਸ਼ਕਤੀ ਤੇ ਸਰਮਾਇਆ ਪਰਵਾਸ ਕਰ ਰਿਹਾ ਹੈ । ਪੰਜਾਬ ਦੇ ਇਹਨਾਂ ਪ੍ਰਮੁੱਖ ਸੰਕਟਾਂ ਨੂੰ ਹੱਲ ਕਰਨ ਦੇ ਜਿਥੇ ਸਾਨੂੰ ਨਵੀਆਂ ਨੀਤੀਆਂ ਦੀ ਲੋੜ ਹੈ, ਪਰ ਅਸੀਂ ਪੁਰਾਤਨ ਪੰਜਾਬ ਨੂੰ ਯਾਦ ਕਰਕੇ ਨਵੇਂ ਪੰਜਾਬ ਨੂੰ ਉਸਾਰਨ ਦੀ ਵਜਾਏ ਨਵੇਂ ਸੰਕਟਾਂ ਵਿੱਚ ਉਲਝ ਰਹੇ ਹਾਂ । ਹੁਣ ਕੋਈ ਪੰਜਾਬ ਨੂੰ ਵਾਰਿਸ ਦੀ ਹੀਰ ਰਾਹੀ ਸਮਝ ਰਿਹਾ ਹੈ ਤੇ ਕੋਈ ਵਾਰਿਸ ਪੰਜਾਬ ਨੂੰ ਵਹੀਰ ਬਣਾ ਰਿਹਾ ਹੈ, ਖੱਬੇ ਪੱਖੀ ਤੇ ਅੱਧੇ ਖੱਬੇ ਪੱਖੀ ਇਸਨੂੰ ਪੁਰਾਣੇ ਚੌਖਟਿਆਂ ਵਿੱਚ ਰੱਖ ਕੇ ਦੇਖ ਸਮਝ ਤੇ ਸਮਝਾ ਰਹੇ ਹਨ। ਵਿਸ਼ਵੀਕਰਨ ਦੇ ਤਿੱਖੇ ਹਮਲੇ ਕਰਕੇ ਸਾਰੇ ਦੇਸ਼ਾਂ ਵਿੱਚ ਆਰਥਿਕ ਮੰਦੀ ਦਾ ਸੰਕਟ ਹੈ, ਬਹੁਗਿਣਤੀ ਲੋਕ ਇਕ ਦੂਜੇ ਦੇਸ਼ਾਂ ਵੱਲ ਪਰਵਾਸ ਕਰ ਰਹੇ ਹਨ । ਇਸੇ ਸੰਕਟਾਂ ਦੇ ਕਾਰਨ ਕਈ ਦੇ ਘਰੇਲੂ ਯੁੱਧ ਦਾ ਸ਼ਿਕਾਰ ਹੋ ਗਏ ਹਨ । ਦੁਨੀਆਂ ਦਾ ਧਾਕੜ ਅਮਰੀਕਾ ਵੀ ਇਸ ਸੰਕਟ ਵਿੱਚ ਫਸਿਆ ਹੋਇਆ ਹੈ । ਲੋਕ ਜਾਨਾਂ ਬਚਾ ਕੇ ਦੂਜੇ ਦੇਸ਼ਾਂ ਵਿੱਚ ਸ਼ਰਨ ਲੈ ਰਹੇ ਹਨ । ਜਿਹੜਾ ਵੀ ਕੋਈ ਮਨੁੱਖ ਦੂਜੇ ਰਾਜ ਤੇ ਦੇਸ਼ ਵਿੱਚ ਜਾਂਦਾ ਹੈ, ਉਹ ਆਪਣੇ ਨਾਲ ਆਪਣੀ ਭਾਸ਼ਾ, ਸੱਭਿਆਚਾਰ ਤੇ ਸੱਭਿਅਤਾ ਲੈ ਕੇ ਜਾਂਦਾ ਹੈ । ਇਸੇ ਕਰਕੇ ਵੱਖ ਵੱਖ ਦੇਸ਼ਾਂ ਵਿੱਚ ਨਸਲੀ ਘਟਨਾਵਾਂ ਵਾਪਰਦੀਆਂ ਹਨ। ਹਰ ਕੋਈ ਆਪਣੇ ਆਪ ਨੂੰ ਦੇਸ਼, ਰਾਜ ਤੇ ਖਿੱਤੇ ਦਾ ਮਾਲਕ ਸਮਝਦਾ ਹੈ। ਜਦਕਿ ਕੋਈ ਵੀ ਮਨੁੱਖ ਕਿਸੇ ਰਾਜ ਤੇ ਇਲਾਕੇ ਦਾ ਮਾਲਕ ਨਹੀਂ ਤੇ ਸਭ ਪਰਵਾਸੀ ਹਨ। ਅੰਗਰੇਜ਼ਾਂ ਨੇ ਵੀ ਦੂਜੇ ਦੇਸ਼ਾਂ ਵਿੱਚ ਆਪਣੀ ਭਾਸ਼ਾ ਤੇ ਸੱਭਿਆਚਾਰ ਲਿਆ ਕੇ ਪੁਰਾਣੀਆਂ ਭਾਸ਼ਾਵਾਂ ਤੇ ਸੱਭਿਆਚਾਰਾਂ ਨੂੰ ਤਬਾਹ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ । ਹੁਣ ਪੰਜਾਬ ਵਿੱਚ ਕਈ ਤਰ੍ਹਾਂ ਦੇ ਸੰਕਟ ਸੂਲਾਂ ਵਾਂਗੂੰ ਉਗ ਰਹੇ ਹਨ, ਇਹਨਾਂ ਸੰਕਟਾਂ ਤੋਂ ਨਿਵਰਤੀ ਪਾਉਣ ਲਈ ਉਨ੍ਹਾਂ ਨੂੰ ਹਰ ਕੋਈ ਆਪਣੇ ਤਰੀਕੇ ਛਾਂਗ ਰਿਹਾ ਹੈ । ਹੁਣ ਮੁੱਖ ਮਸਲਾ ਰੁਜ਼ਗਾਰ ਤੇ ਆਪਣੀ ਹੋਂਦ ਨੂੰ ਬਚਾਈ ਰੱਖਣ ਦਾ ਬਣਿਆ ਹੋਇਆ ਹੈ ਪਰ ਵਿਸ਼ਵੀਕਰਨ ਦੀ ਹਨੇਰੀ ਸਭ ਕੁੱਝ ਨੂੰ ਉਜਾੜ ਰਹੀ ਹੈ। ਪਿੰਡਾਂ ਤੋਂ ਸ਼ਹਿਰਾਂ ਵੱਲ ਤੇ ਫੇਰ ਦੂਜੇ ਰਾਜਾਂ ਤੇ ਦੇਸ਼ਾਂ ਨੂੰ ਲੋਕ ਪਰਵਾਸ ਕਰ ਰਹੇ ਹਨ । ਹਰ ਥਾਂ ਤੇ ਸੱਭਿਆਚਾਰਕ ਸੰਕਟ ਪੈਦਾ ਹੁੰਦਾ ਹੈ । ਦੋ ਸੱਭਿਅਤਾ ਆਪਸ ਵਿੱਚ ਸਮਾਉਣ ਦੀ ਵਜਾਏ ਟਕਰਾਅ ਪੈਦਾ ਕਰਦੀਆਂ ਹਨ ਤੇ ਜਿਸ ਨਾਲ ਹਿੰਸਾ ਪੈਦਾ ਹੁੰਦੀ ਹੈ, ਜਿਸ ਨਾਲ ਜਾਨੀ ਤੇ ਮਾਲੀ ਨੁਕਸਾਨ ਹੁੰਦਾ ਹੈ। ਸਿਆਸੀ ਲੋਕ ਇਸ ਹਿੰਸਾ ਦੇ ਵਿੱਚੋਂ ਵੋਟਾਂ ਵਟੋਰਦੇ ਹਨ । ਹੁਣ ਪੰਜਾਬ ਅੰਦਰ ਵੀ ਇਹੋ ਸੰਕਟ ਪੈਦਾ ਹੋ ਰਿਹਾ ਹੈ । ਪੰਜਾਬ ਦੇ ਵਿੱਚ ਬਾਹਰੀ ਰਾਜਾਂ ਤੋਂ ਆਏ ਲੋਕਾਂ ਨੇ ਪੰਜਾਬ ਦੀ ਦਸਤਕਾਰੀ ਅਤੇ ਵੱਖ ਵੱਖ ਕਿੱਤਿਆਂ ਉਪਰ ਉਨ੍ਹਾਂ ਦੀ ਪਕੜ ਦਿਨੋਂ ਦਿਨ ਮਜ਼ਬੂਤ ਹੋ ਰਹੀ ਹੈ। ਉਨ੍ਹਾਂ ਲੋਕਾਂ ਦੀ ਹੱਥੀਂ ਕਿਰਤ ਕਰਨ ਦੀ ਰੀਝ ਨੇ ਉਨ੍ਹਾਂ ਦੇ ਹਰ ਪਾਸੇ ਹਾਵੀ ਹੋਣ ਵਿੱਚ ਵੱਡਾ ਯੋਗਦਾਨ ਪਾਇਆ ਹੈ। ਪੰਜਾਹ ਸਾਲ ਪਹਿਲਾਂ ਜਿਹੜੇ ਪਰਵਾਸੀ ਮਜ਼ਦੂਰ ਹਾੜੀ ਤੇ ਸਾਉਣੀ ਦੀ ਫਸਲ ਸਾਂਭਣ ਵੇਲ਼ੇ ਸਾਲ 'ਚ ਦੋ ਮਹੀਨੇ ਪੰਜਾਬ ਆਉਂਦੇ ਸਨ ਤੇ ਫੇਰ ਕੰਮ ਨਬੇੜ ਕੇ ਵਾਪਸ ਪਰਤ ਜਾਂਦੇ ਸਨ, ਪਰ ਉਨ੍ਹਾਂ ਨੇ ਹੁਣ ਪੰਜਾਬ ਵਿੱਚ ਹੀ ਪੱਕਾ ਵਸੇਬਾ ਕਰ ਲਿਆ ਹੈ । ਪੰਜਾਬ ਦੇ ਕਾਰਖਾਨਿਆਂ ਵਿੱਚ ਮਜ਼ਦੂਰੀ ਅਤੇ ਕਾਰੀਗਰੀ ਦੇ ਜ਼ਿਆਦਾਤਰ ਕੰਮ ਇਹਨਾਂ ਨੇ ਸੰਭਾਲ ਲਏ ਹਨ ਅਤੇ ਉੱਚੇ ਪ੍ਰਬੰਧਕੀ ਅਹੁਦਿਆਂ ਤੇ ਵੀ ਇਹੋ ਲੋਕ ਬਿਰਾਜਮਾਨ ਹੋ ਗਏ ਹਨ । ਪੰਜਾਬੀਆਂ ਦੀ ਹੱਥੀਂ ਕਿਰਤ ਕਰਨ ਦੀ ਰੁਚੀ ਪਿਛਲੇ ਚਾਲ਼ੀ ਸਾਲਾਂ ਦੌਰਾਨ ਲਗਾਤਾਰ ਘਟਦੀ ਗਈ ਹੈ। ਇਸੇ ਕਰਕੇ ਹੁਣ ਇਹਨਾਂ ਪਰਵਾਸੀ ਮਜ਼ਦੂਰਾਂ ਨੇ ਇਮਾਰਤਸਾਜ਼ੀ, ਰੋਟੀ ਟੁੱਕ ਪਕਾਉਣ ਵਾਲ਼ੇ ਕਿੱਤੇ, ਫਲਾਂ ਅਤੇ ਸਬਜ਼ੀਆਂ ਦੇ ਕਾਰੋਬਾਰ ਆਪਣੇ ਹੱਥ ਲੈ ਲਏ ਹਨ । ਸ਼ਹਿਰਾਂ ਨਾਲ਼ ਲਗਦੇ ਪਿੰਡਾਂ ਵਿੱਚ ਇਹਨਾਂ ਮਜ਼ਦੂਰਾਂ ਨੇ ਪੱਕੀਆਂ ਠਾਹਰਾਂ ਬਣਾ ਲਈਆਂ ਹਨ । ਪੰਜਾਬ ਦੀ ਰਹਿਤਲ ਦੀ ਦਸ਼ਾ ਤੇ ਦਿਸ਼ਾ ਵਿੱਚ ਜਿਸ ਕਦਰ ਲਗਾਤਾਰ ਤਬਦੀਲੀ ਹੋ ਰਹੀ ਹੈ, ਲਗਦਾ ਹੈ ਹੁਣ ਉਹ ਦਿਨ ਦੂਰ ਨਹੀਂ ਰਿਹਾ ਜਦੋਂ ਪੰਜਾਬ ਇਕ ਬਹੁ-ਭਾਸ਼ਾਈ ਤੇ ਬਹੁ-ਸੱਭਿਆਚਾਰਾਂ ਦਾ ਮਿਲਗੋਭਾ ਜਿਹਾ ਬਣ ਜਾਵੇਗਾ। ਪੰਜਾਬ ਦੀ ਜਵਾਨੀ ਲਗਾਤਾਰ ਪਰਵਾਸ ਕਰ ਰਹੀ ਹੈ । ਉਸ ਵਿੱਚ ਆਪਣੀ ਜਨਮ ਭੋਇੰ ਵਿਚ ਰਹਿਕੇ ਆਪਣੇ ਪਿਤਾ ਪੁਰਖੀ ਕੰਮ ਕਰਨ ਨਾਲੋਂ ਵਿਦੇਸ਼ਾਂ ਵਿੱਚ ਕੋਈ ਵੀ ਨਿੱਕਾ ਮੋਟਾ ਕੰਮ ਕਰਨ ਦੀ ਦੌੜ ਲੱਗੀ ਹੋਈ ਹੈ । ਉਹ ਇੱਥੋਂ ਜ਼ਮੀਨਾਂ ਵੇਚ ਵੱਟ ਕੇ ਵਿਦੇਸ਼ਾਂ ਵੱਲ ਜਾ ਰਹੇ ਹਨ । ਪੰਜਾਬ ਦੀਆਂ ਸਿਆਸੀ ਪਾਰਟੀਆਂ ਅੰਦਰ ਵਧ ਰਹੇ ਭ੍ਰਿਸ਼ਟਾਚਾਰ ਅਤੇ ਪਰਿਵਾਰਵਾਦ ਨੇ ਲੋਕਾਂ ਨੂੰ ਬੇਹੱਦ ਨਿਰਾਸ਼ ਕੀਤਾ ਹੈ। ਪੰਜਾਬ ਦਾ ਸਭਿਆਚਾਰਕ ਤਾਣਾ ਬਾਣਾ ਬੁਰੀ ਤਰ੍ਹਾਂ ਖਿੱਲਰ-ਪੁੱਲਰ ਗਿਆ ਹੈ । ਪੰਜਾਬ ਦੇ ਸਰਕਾਰੀ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਦੂਸਰਿਆਂ ਰਾਜਾਂ ਦੇ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਮੋਹਾਲੀ ਤੇ ਚੰਡੀਗੜ੍ਹ ਦੇ ਆਸਪਾਸ ਦੇ ਪਿੰਡਾਂ ਤੇ ਨੀਮ ਸ਼ਹਿਰੀ ਕਲੋਨੀਆਂ ਵਿੱਚ ਇਹ ਵਰਤਾਰਾ ਵਰਤਦਾ ਦੇਖਿਆ ਜਾ ਸਕਦਾ ਹੈ । ਚੰਡੀਗੜ੍ਹ, ਮੋਹਾਲੀ, ਖਰੜ, ਜ਼ੀਰਕਪੁਰ, ਕੁਰਾਲ਼ੀ, ਪੰਚਕੂਲਾ ਵਗੈਰਾ ਕਸਬਿਆਂ ਦੀਆਂ ਸੜਕਾਂ ਉਪਰ ਤੁਹਾਨੂੰ ਦੇਸ਼ ਦੇ ਹਰ ਰਾਜ ਦੇ ਨੰਬਰ ਵਾਲ਼ੀ ਗੱਡੀ ਵੇਖਣ ਨੂੰ ਮਿਲ ਜਾਵੇਗੀ । ਦੂਜੇ ਪਾਸੇ ਨਿੱਜੀ ਸਕੂਲਾਂ ਅਤੇ ਕਾਲਜਾਂ ਵਿੱਚ ਆਮ ਤਬਕਿਆਂ ਦੇ ਵਿਦਿਆਰਥੀਆਂ ਦੀ ਵੱਡੀ ਗਿਣਤੀ ਸਿੱਖਿਆ ਲੈ ਰਹੀ ਹੈ। ਸਿਰਫ਼ ਧਰਮ ਹੀ ਨਹੀਂ, ਮਿਆਰੀ ਸਿੱਖਿਆ ਦੇ ਖੇਤਰ ਵਿੱਚ ਵੀ ਪੰਜਾਬ ਨਿਖਿੱਧ ਸਾਬਤ ਹੋਇਆ ਹੈ ਭਾਂਵੇਂ ਕਿ ਆਂਕੜਿਆਂ ਦਾ ਹੇਰਫੇਰ ਕਰਕੇ ਉਸਨੂੰ ਸਾਜ਼ਿਸ਼ ਤਹਿਤ ਅਗਾਂਹਵਧੂ ਵਿਖਾਇਆ ਜਾਂਦਾ ਹੈ । ਪੰਜਾਬੀਆਂ ਦੀ ਆਪਣੀ ਮਾਂ ਬੋਲੀ, ਸਭਿਆਚਾਰ, ਸਮਾਜੀ ਤਾਣੇ ਬਾਣੇ, ਧਰਮ ਤੇ ਸਿਆਸਤ ਪ੍ਰਤੀ ਵਧ ਰਹੀ ਉਦਾਸੀਨਤਾ ਨੇ ਪੰਜਾਬ ਲਈ ਨਵੇਂ ਸੰਕਟਾਂ ਦਾ ਰਾਹ ਖੋਲ੍ਹ ਦਿੱਤਾ ਹੈ। ਪੰਜਾਬ ਇਕ ਖੇਤੀਬਾੜੀ ਪ੍ਰਧਾਨ ਸੂਬਾ ਸੀ ਪਰ ਹਰਿਆਂ, ਚਿੱਟਿਆਂ ਤੇ ਨੀਲਿਆਂ ਇਨਕਲਾਬਾਂ ਨੇ ਇਸਨੂੰ ਹਰ ਪੱਖੋਂ ਬਰਬਾਦ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਹੈ। ਹਰੇ ਇਨਕਲਾਬ ਨੇ ਪੰਜਾਬੀਆਂ ਨੂੰ ਚਿੱਟਾ ਖਾਣ ਦਾ ਭੁਸ ਪਾ ਦਿੱਤਾ ਹੈ। ਅੱਜ ਪੰਜਾਬੀ ਗੱਭਰੂ ਸਹਿਕ ਸਹਿਕ ਕੇ ਮਰ ਰਹੇ ਹਨ ਤੇ ਗੈਰ ਰਾਜਾਂ ਤੋਂ ਦਿਹਾੜੀਆਂ ਕਰਨ ਆਏ ਲੋਕ ਤਰੱਕੀ ਕਰ ਰਹੇ ਹਨ । ਪੰਜਾਬ ਦੇ ਸੱਭਿਆਚਾਰਕ ਮਾਹੌਲ ਵਿੱਚ ਆਏ ਵਿਗਾੜ ਨੇ ਪੰਜਾਬੀਆਂ ਨੂੰ ਕੁਰਾਹੇ ਪਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬ ਵਿੱਚ ਵਸਦੇ ਬਾਹਰੀ ਰਾਜਾਂ ਦੇ ਲੋਕਾਂ ਨੇ ਜਿੱਥੇ ਆਪਣੀ ਭਾਸ਼ਾ ਅਤੇ ਸੱਭਿਆਚਾਰ ਨੂੰ ਘੁੱਟ ਕੇ ਫੜ੍ਹਿਆ ਹੋਇਆ ਹੈ ਉੱਥੇ ਨਾਲ਼ ਹੀ ਉਨ੍ਹਾਂ ਦੇ ਪਰਿਵਾਰਾਂ ਨੇ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨੂੰ ਵੀ ਅਪਨਾਉਣ ਦਾ ਜਤਨ ਕੀਤਾ ਹੈ । ਦੂਸਰੇ ਰਾਜਾਂ ਤੋਂ ਲੁਧਿਆਣੇ ਆ ਵੱਸੇ ਲੋਕ ਆਪਣੀ ਅਗਲੀ ਪੀੜ੍ਹੀ ਨੂੰ ਆਪਣੀ ਮਾਤ ਭੂਮੀ ਦੇ ਸੱਭਿਆਚਾਰ ਨਾਲ਼ ਜੋੜੀ ਰੱਖਣ ਲਈ ਲੋਕਗੀਤਾਂ ਅਤੇ ਹੋਰ ਵੰਨਗੀਆਂ ਦੀ ਪੇਸ਼ਕਾਰੀ ਕਰਵਾਉਂਦੇ ਹਨ। ਇਸ ਮਕਸਦ ਲਈ ਉਹ ਆਪਣੇ ਇਲਾਕੇ ਦੇ ਗਾਇਕਾਂ, ਕਲਾਕਾਰਾਂ ਨੂੰ ਉਵੇਂ ਹੀ ਸੱਦ ਰਹੇ ਹਨ ਜਿਵੇਂ ਪੰਜਾਬੀ ਗਾਇਕ, ਰਾਗੀ, ਢਾਡੀ, ਪ੍ਰਚਾਰਕ ਤੇ ਕਵੀ ਵਿਦੇਸ਼ਾਂ ਨੂੰ ਉੱਡੇ ਜਾਂਦੇ ਹਨ । ਸ਼ਹਿਰਾਂ ਨੇੜੇ ਲੱਗੇ ਕਾਰਖਾਨਿਆਂ ਵਿੱਚ ਸਵੇਰੇ ਸ਼ਾਮ ਆਉਂਦੇ ਜਾਂਦੇ ਇਹਨਾਂ ਪਰਵਾਸੀ ਕਾਮਿਆਂ ਦੀਆਂ ਹੇੜਾਂ ਨੂੰ ਦੇਖਿਆ ਜਾ ਸਕਦਾ ਹੈ। ਯੂਪੀ ਤੇ ਬਿਹਾਰ ਦੇ ਲੋਕ 'ਛਠ ਪੂਜਾ' ਦਾ ਤਿਉਹਾਰ ਮਨਾਉਂਦੇ ਹਨ। ਜਦੋਂ ਉਹ ਦੇਵੀ ਦੇਵਤਿਆਂ ਦੇ ਬੁੱਤਾਂ ਨੂੰ ਨਹਿਰਾਂ ਅਤੇ ਦਰਿਆਵਾਂ ਵਿੱਚ ਜਲ ਪ੍ਰਵਾਹ ਕਰਨ ਜਾਂਦੇ ਹਨ ਤਾਂ ਉਨ੍ਹਾਂ ਦੇ ਚਿਹਰਿਆਂ ਦਾ ਜਲੌਅ ਦੇਖਣ ਵਾਲ਼ਾ ਹੁੰਦਾ ਹੈ। ਬਹੁਗਿਣਤੀ ਬਾਹਰੀ ਰਾਜਾਂ ਦੇ ਲੋਕ ਹੁਣ ਵਧੀਆ ਪੰਜਾਬੀ ਬੋਲ ਤੇ ਸਮਝ ਲੈਂਦੇ ਹਨ, ਜਦੋਂਕਿ ਇੱਥੋਂ ਦੇ ਅਸਲੀ ਪੰਜਾਬੀ ਉਨ੍ਹਾਂ ਨਾਲ਼ ਇੱਕ ਬਹੁ-ਭਾਸ਼ਾਈ ਖਿਚੜੀ ਜਿਹੀ ਪਕਾ ਕੇ ਲੱਲ੍ਹੀਆਂ ਲਾਉਂਦੇ ਹਨ । ਪੰਜਾਬ ਦੀ ਸਿੱਖਿਆ, ਰਾਜਨੀਤੀ, ਧਰਮ ਤੇ ਸਾਹਿਤ ਵਿੱਚ ਆਏ ਨਿਘਾਰ ਨੇ ਪੰਜਾਬੀਆਂ ਦਾ ਸਿਰ ਨੀਵਾਂ ਕੀਤਾ ਹੈ । ਰਿਸ਼ਵਤ ਲੈਣ ਅਤੇ ਨਸ਼ੇ ਵੇਚਣ ਦੇ ਜੁਰਮਾਂ ਹੇਠ ਫੜ੍ਹੇ ਜਾਂਦੇ ਪੰਜਾਬੀ ਪੁਲਿਸ ਅਫਸਰਾਂ ਅਤੇ ਸਿਆਸਤਦਾਨਾਂ ਦੀਆਂ ਆਏ ਦਿਨ ਛਪਦੀਆਂ ਤੇ ਨਸ਼ਰ ਹੁੰਦੀਆਂ ਖ਼ਬਰਾਂ ਕਾਰਨ ਪੰਜਾਬੀ ਮਜ਼ਾਕ ਦਾ ਪਾਤਰ ਬਣ ਰਹੇ ਹਨ। ਮਹਾਂ ਪੰਜਾਬ ਤੋਂ ਪੰਜਾਬੀ ਸੂਬੀ ਵਿੱਚ ਤਬਦੀਲ ਹੋਣ ਮਗਰੋਂ ਸਿਆਸੀ ਆਗੂਆਂ ਦੀ ਰਾਜਸੀ ਤਮ੍ਹਾਂ ਅਤੇ ਮਚਾਈ ਅੰਨ੍ਹੀਂ ਆਰਥਕ ਲੁੱਟ ਨੇ ਪੰਜਾਬ ਨੂੰ ਕੱਖੋਂ ਹੌਲ਼ਿਆਂ ਕਰ ਦਿੱਤਾ ਹੈ। ਹੁਣ ਜਿਸ ਤਰ੍ਹਾਂ ਦੇ ਹਾਲਾਤ ਬਣ ਗਏ ਹਨ ਤਾਂ ਲਗਦਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਪੰਜਾਬੀਆਂ ਉਪਰ ਬਾਹਰਲਿਆਂ ਨੇ ਕੋਈ ਇਤਬਾਰ ਨਹੀਂ ਕਰਨਾ। ਪੰਜਾਬ ਵਿੱਚ ਕੇਂਦਰੀ ਸਰਕਾਰਾਂ ਨੇ ਗੁੱਝੀਆਂ ਸਾਜ਼ਿਸ਼ਾਂ ਰਚ ਕੇ ਜਿਹੜੀਆਂ ਲਹਿਰਾਂ ਪਹਿਲਾਂ ਆਪੇ ਹੀ ਪੈਦਾ ਤੇ ਫਿਰ ਖਤਮ ਕੀਤੀਆਂ ਹਨ, ਉਨ੍ਹਾਂ ਵਿੱਚ ਸ਼ਾਮਲ ਹੁੰਦੇ ਰਹੇ ਸਿਆਸਤਦਾਨਾਂ, ਪੁਲਿਸ ਅਤੇ ਸਿਵਲ ਪ੍ਰਸਾਸ਼ਨ ਦੇ ਅਫਸਰਾਂ ਦੇ ਪੋਲ ਵੀ ਤਕਰੀਬਨ ਖੁੱਲ੍ਹ ਗਏ ਹਨ । ਹੁਣ ਇਹ ਬਦਲ ਚੁੱਕਿਆ ਪੰਜਾਬ ਕਈ ਭਾਸ਼ਾਵਾਂ ਤੇ ਸੱਭਿਆਚਾਰਾਂ ਦਾ ਮਿਲਗੋਭਾ ਬਣ ਗਿਆ ਹੈ । ਜਿਹੜੇ ਲੋਕ ਬਾਹਰਲੇ ਰਾਜਾਂ ਦੇ ਲੋਕਾਂ ਨੂੰ ਮੰਦੇ ਬੋਲ ਬੋਲਦੇ ਹਨ, ਉਨ੍ਹਾਂ ਨੂੰ ਪਹਿਲਾਂ ਆਪਣੀ ਪੀੜ੍ਹੀ ਹੇਠਾਂ ਸੋਟਾ ਫੇਰਨ ਦੀ ਲੋੜ ਹੈ । ਉਹ ਸਵੈ ਪੜਚੋਲ ਕਰਕੇ ਦੱਸਣ ਕਿ ਉਨ੍ਹਾਂ ਨੇ ਆਪਣਾ ਪਿਤਾ ਪੁਰਖੀ ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਵਾਲ਼ਾ ਬਾਬੇ ਨਾਨਕ ਦਾ ਦਿੱਤਾ ਸਿਧਾਂਤ ਕਿਉਂ ਤਿਆਗਿਆ ਹੈ? ਅਸਲ ਸੱਚਾਈ ਇਹ ਹੈ ਕਿ ਅੱਜ ਇਹ ਬਾਹਰਲੇ ਲੋਕ ਪੰਜਾਬ ਦੀ ਲੋੜ ਬਣ ਗਏ ਹਨ ਕਿਉਂਕਿ ਪੰਜਾਬੀਆਂ ਨੇ ਨਿੱਕੇ ਮੋਟੇ ਤੇ ਔਖੇ ਸਮਝੇ ਜਾਂਦੇ ਕੰਮ ਕਰਨੇ ਛੱਡ ਦਿੱਤੇ ਹਨ ਜਿਵੇਂ ਕਹਿੰਦੇ ਹਨ ਕਿ ਕੋਈ ਵੀ ਕੰਮ ਵੱਡਾ ਛੋਟਾ ਨਹੀਂ ਹੁੰਦਾ ਸਗੋਂ ਬੰਦੇ ਦੀ ਸੋਚ ਹੀ ਵੱਡੀ ਜਾਂ ਛੋਟੀ ਹੁੰਦੀ ਹੈ । ਪੰਜਾਬ ਦੇ ਵਿਦਵਾਨਾਂ ਤੇ ਲੇਖਕਾਂ ਬਹੁਗਿਣਤੀ ਸਿੱਖਿਆ ਨਾਲ ਸਬੰਧਤ ਹੈ ਤੇ ਉਨ੍ਹਾਂ ਨੇ ਵੱਡੇ ਸ਼ਹਿਰਾਂ ਦੇ ਵਿੱਚ ਆਪਣੇ ਮੱਠ ਉਸਾਰ ਲਏ ਹਨ । ਉਹ ਏਸੀ ਕਮਰਿਆਂ ਦੇ ਬਹਿ ਕੇ ਵੈਬੀਨਾਰ, ਸੈਮੀਨਾਰ ਤੇ ਕਵੀ ਦਰਬਾਰ ਕਰਦੇ ਹਨ । ਪੰਜਾਬੀ ਦੇ ਕਿਸੇ ਭਾਸ਼ਾ ਵਿਗਿਆਨੀ ਜਾਂ ਵਿਦਵਾਨ ਨੇ ਕਦੇ ਆਮ ਲੋਕਾਂ ਨਾਲ ਸੰਵਾਦ ਰਚਾਉਣ ਦੀ ਕੋਸ਼ਿਸ਼ ਨਹੀਂ ਕੀਤੀ । ਬਹੁਗਿਣਤੀ ਵਿਦਵਾਨ ਸੱਤਾ ਦੇ ਦਲਾਲ ਬਣ ਬੈਠੇ ਹਨ ਤੇ ਆਪਣਿਆਂ ਨੂੰ ਪੁਰਸਕਾਰ ਦੇ ਕੇ ਫੰਡ ਉਜਾੜ ਰਹੇ ਹਨ । ਅੱਜ ਤੇਜੀ ਨਾਲ ਬਦਲ ਰਹੇ ਪੰਜਾਬ ਨੇ ਭਵਿੱਖ ਵਿੱਚ ਕਿੱਧਰ ਨੂੰ ਮੋੜ ਕੱਟਣਾ ਹੈ, ਹੁਣ ਇਹ ਅੰਦਾਜ਼ਾ ਲਾਉਣਾ ਮੁਸ਼ਕਿਲ ਨਹੀਂ ਰਹਿ ਗਿਆ। ਸੱਚ ਬਹੁਤ ਨੇੜੇ ਆਣ ਢੁੱਕਿਆ ਹੈ । ਬਦਲ ਰਹੇ ਪੰਜਾਬ ਅੰਦਰ ਕਿੰਨੀਆਂ ਕੁ ਬੋਲੀਆਂ ਤੇ ਸੱਭਿਆਚਾਰਾਂ ਨੇ ਆਪਣੇ ਪੈਰ ਜਮਾਂ ਲਏ ਹਨ, ਇਹ ਖੋਜ ਦਾ ਵਿਸ਼ਾ ਹੈ । ਪੰਜਾਬ ਦਾ ਆਉਣ ਵਾਲਾ ਸੱਚ ਕੰਧ ਤੇ ਲਿਖਿਆ ਜਾ ਚੁੱਕਿਆ ਹੈ, ਪਰ ਪੰਜਾਬੀ ਹੜੱਪਾ ਮੁਹਿੰਜੋਦੜੋ ਦੀ ਲਿਪੀ ਵਾਂਗੂੰ ਇਸਨੂੰ ਪੜ੍ਹਨੋਂ ਅਸਮਰਥ ਹਨ। ਲਗਦਾ ਹੈ ਪੰਜਾਬ ਉਸ ਪ੍ਰਾਚੀਨ ਸੱਭਿਅਤਾ ਦੀ ਅਗਲੀ ਕੜੀ ਬਣਨ ਵੱਲ ਵਧ ਰਿਹਾ ਹੈ। ਇਸ ਸੱਚ ਨੂੰ ਹੁਣ ਸਵੀਕਾਰ ਕਰਨਾ ਹੀ ਪਵੇਗਾ। ਬਾਬਾ ਨਾਨਕ ਨੇ ਪੱਚੀ ਸਾਲ ਆਮ ਤੇ ਖਾਸ ਲੋਕਾਂ ਨਾਲ ਸੰਵਾਦ ਰਚਾਇਆ ਸੀ ਪਰ ਅੱਜ ਦਾ ਕਵੀ ਘਰ ਵਿੱਚ ਬਹਿ ਕੇ ਲੋਕਾਂ ਦਾ ਹਿਤੈਸ਼ੀ ਹੋਣ ਦਾ ਆਪੇ ਖਿਤਾਬ ਲੈ ਰਿਹਾ ਹੈ, ਬਹੁਗਿਣਤੀ ਨੌਜਵਾਨ ਸਾਹਿਤ ਤੇ ਸੱਭਿਆਚਾਰ ਨਾਲੋਂ ਦੂਰ ਜਾ ਰਹੇ ਹਨ । ਇਨਕਲਾਬੀ ਲਹਿਰ ਉਸਾਰਨ ਦੀ ਵਜਾਏ ਅਗਾਂਹਵਧੂ ਧਿਰਾਂ ਦਰਬਾਰੀ ਕਵੀ ਨੂੰ ਲੋਕ ਕਵੀ ਬਣਾਉਣ ਲਈ ਪੱਬਾਂ ਭਾਰ ਹੋਈਆਂ ਹਨ। ਪੰਜਾਬ ਦੇ ਅੰਦਰ ਇਕ ਵਾਰ ਫੇਰ ਮੂਲਵਾਦ ਦੇ ਨਾਮ ਹੇਠਾਂ ਨਵਾਂ ਸੰਕਟ ਪੈਦਾ ਹੋਣ ਦੇ ਉਸਾਰ ਵੱਧ ਗਏ ਹਨ । ਪੰਜਾਬ ਦੇ ਬਦਲ ਰਹੇ ਮੁਹਾਂਦਰੇ ਨੂੰ ਸਮਝਣ ਲਈ ਮੁਹੱਬਤ ਦੀ ਲਹਿਰ ਚਲਾਉਣ ਦੀ ਲੋੜ ਹੈ ਜਿਵੇਂ ਪੰਜਾਬੀ ਦੇ ਵਿੱਚ ਬਹੁਗਿਣਤੀ ਭਾਸ਼ਾਵਾਂ ਦੇ ਸ਼ਬਦ ਸਮਾਅ ਗਏ ਹਨ, ਇਸੇ ਹੀ ਤਰ੍ਹਾਂ ਸਾਨੂੰ ਬਦਲ ਰਹੇ ਪੰਜਾਬ ਨੂੰ ਅਪਣਾਉਣ ਲਈ ਦਿਲ ਵੱਡੇ ਤੇ ਘਰਾਂ ਦੇ ਖੋਲ੍ਹਣ ਦੀ ਲੋੜ ਹੈ। ਲੋਕ ਸਭਾ ਦੀਆਂ ਚੋਣਾਂ ਨੇ ਪੰਜਾਬ ਦੀ ਏਕਤਾ ਨੂੰ ਲੀਰੋ ਲੀਰ ਕਰ ਦਿੱਤਾ ਹੈ। ਉਹਨਾਂ ਨੇ ਸਭ ਨੂੰ ਆਪਣੇ ਤਰੀਕੇ ਨਾਲ ਵਰਤਿਆ ਹੈ। ਭਵਿੱਖ ਵਿੱਚ ਵੀ ਵਰਤੇ ਜਾਵੇਗੇ ਜੇਕਰ ਅਸੀਂ ਫੁਕਰਪੁਣਾ ਤੇ ਜਾਤ ਪ੍ਰਣਾਲੀ ਦਾ ਖਹਿੜਾ ਨਾ ਛੱਡਿਆ। ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਲੋੜ ਹੈ। ਬਾਬੇ ਬਕਾਲੇ ਤਾਂ ਬਾਈ ਮੰਜੀਆਂ ਸਨ, ਹੁਣ ਪਿੰਡ ਪਿੰਡ ਮੰਜੀਆਂ ਲਾ ਕੇ ਬੈਠੇ ਹਨ। ਸਿੱਖ ਸੱਭਿਆਚਾਰ ਆਪਣੇ ਅਤੀਤ ਨੂੰ ਭੁੱਲ ਗਿਆ ਹੈ। ਅੱਗੇ ਅੱਗੇ ਕੀ ਹੋਵੇਗਾ, ਤੁਸੀਂ ਆਪ ਹੀ ਦੱਸੋ?



ਬੁੱਧ ਸਿੰਘ ਨੀਲੋਂ
94643 70823

# ਕੀ ਖੁਦਕੁਸ਼ੀ ਲਈ ਮਜ਼ਬੂਰ ਕਰਨ ਲਈ ਸਾਡਾ ਸਮਾਜ ਦੋਸ਼ੀ ਹੈ??



ਖੁਦਕੁਸ਼ੀ ਦਾ ਰਾਹ ਇਨਸਾਨ ਨੂੰ ਕਿਉਂ ਅਪਨਾਉਣਾ ਪੈ ਰਿਹਾ ਹੈ, ਹਰ ਸਾਲ ਖੁਦਕੁਸ਼ੀਆਂ ਵਿੱਚ ਵਾਧਾ ਹੋ ਰਿਹਾ ਹੈ, ਇਸ ਦੇ ਵਿੱਚ ਆਮ ਲੋਕ ਹੀ ਨਹੀਂ ਅਮੀਰ ਲੋਕ ਉੱਚੇ ਘਰਾਣਿਆਂ ਦੇ ਲੋਕ ਉੱਚੀਆਂ ਪਦਵੀਆਂ ਦੇ ਲੋਕ ਵੀ ਕਰ ਰਹੇ ਹਨ। ਖੁਦਕੁਸ਼ੀ ਸ਼ਬਦ ਬੋਲਣ ਨੂੰ ਬਹੁਤ ਛੋਟਾ ਹੈ ਪਰ ਇਸ ਦੇ ਨਤੀਜੇ ਬਹੁਤ ਘਾਤਕ ਹਨ। ਇੱਕ ਪਰਿਵਾਰ ਦੀ ਪੂਰੀ ਨੀਂਵ ਹਿੱਲ ਜਾਂਦੀ ਹੈ। ਗਰੀਬੀ, ਬੇਰੁਜਗਾਰੀ, ਆਰਥਿਕ ਗੈਰਬਰਾਬਰੀ, ਵਧਦੀ ਮਹਿੰਗਾਈ ਆਦਿ ਬਾਰੇ ਮੁੱਖਧਾਰਾ ਦੇ ਅਰਥਸ਼ਾਸਤਰੀ ਕਾਫੀ ਚਰਚਾ ਕਰਦੇ ਹਨ। ਸਗੋਂ ਇਕੱਲੀ ਚਰਚਾ ਹੀ ਨਹੀਂ, ਅਲੋਚਨਾ ਕਰਦੇ ਹੋਏ ਇਹਨਾਂ ਸਮੱਸਿਆਵਾਂ ਦਾ ਇਸੇ ਢਾਂਚੇ ਵਿੱਚ "ਹੱਲ" ਵੀ ਪੇਸ਼ ਕਰਦੇ ਹਨ। ਉਪਰੋਕਤ ਅਲਾਮਤਾਂ ਦੀ ਮਾਰ ਜਿਆਦਾਤਰ ਮਜਦੂਰ ਜਮਾਤ ਨੂੰ ਝੱਲਣੀ ਪੈਂਦੀ ਹੈ। ਇਸਦੇ ਨਾਲ਼ ਹੀ ਕਿਰਤੀ ਲੋਕ ਵੀ ਇਸ ਦੀ ਪੀੜ ਵਿੱਚੋਂ ਲੰਘਦੇ ਹਨ। ਮੁਨਾਫੇ 'ਤੇ ਟਿਕਿਆ ਸਰਮਾਏਦਾਰਾ ਢਾਂਚਾ ਇਕੱਲੀਆਂ ਆਰਥਿਕ ਸਮੱਸਿਆਵਾਂ ਹੀ ਨਹੀਂ ਪੈਦਾ ਕਰਦਾ, ਸਗੋਂ ਸਮਾਜਿਕ ਸਮੱਸਿਆਵਾਂ ਨੂੰ ਵੀ ਧੜਾਧੜ ਜਨਮ ਦਿੰਦਾ ਰਹਿੰਦਾ ਹੈ। ਇਹਨਾਂ ਸਮੱਸਿਆਵਾਂ ਤੋਂ ਮੁੱਖਧਾਰਾ ਦੇ ਅਲੋਚਕ ਵਾਕਫ਼ ਤਾਂ ਹਨ, ਪਰ ਹੱਲ ਉਹਨਾਂ ਕੋਲ਼ ਨਹੀਂ ਹੈ!

ਅਜਿਹੀ ਹੀ ਇੱਕ ਸਮਾਜਿਕ ਸਮੱਸਿਆ ਨੂੰ ਇਸ ਲੇਖ ਦਾ ਵਿਸ਼ਾ ਬਣਾਇਆ ਗਿਆ ਹੈ- ਖੁਦਕੁਸ਼ੀਆਂ! ਖੁਦਕੁਸ਼ੀਆਂ ਦੇ ਮਾਮਲੇ ਇਕੱਲੇ ਮਜਦੂਰ ਜਮਾਤ ਨਾਲ਼ ਸਬੰਧਤ ਨਾ ਹੋ ਕੇ ਸਗੋਂ ਹਰ ਵਰਗ ਨੂੰ ਆਪਣੇ ਵਿੱਚ ਲਪੇਟ ਲੈਂਦੇ ਹਨ। ਕਿਸਾਨ, ਖੇਤ ਮਜਦੂਰ, ਵਿਦਿਆਰਥੀ, ਉੱਚ ਮੱਧਵਰਗ ਦੇ ਲੋਕ, ਫਿਲਮੀ ਜਗਤ ਨਾਲ਼ ਜੁੜੇ ਲੋਕ ਆਦਿ ਤੱਕ ਇਸ ਸਮਾਜਿਕ ਅਲਾਮਤ ਦੀ ਮਾਰ ਹੇਠ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ ਸਾਲ 2024 ਵਿੱਚ ਭਾਰਤ ਵਿੱਚ ਕੁੱਲ ਖੁਦਕੁਸ਼ੀਆਂ ਵਿੱਚ 2 ਫੀਸਦੀ ਵਾਧਾ ਹੋਇਆ ਅਤੇ ਵਿਦਿਆਰਥੀਆਂ ਦੀਆਂ ਖੁਦਕੁਸ਼ੀਆਂ ਵਿੱਚ 4 ਫੀਸਦੀ ਵਾਧਾ ਹੋਇਆ ਹੈ। ਸਾਲ 2022 ਵਿੱਚ ਭਾਰਤ ਵਿੱਚ 1,71,000 ਲੋਕਾਂ ਨੇ ਆਪਣੀ ਜਿੰਦਗੀ ਖਤਮ ਕਰ ਲਈ ਸੀ। 'ਟਾਇਮਜ ਆਫ ਇੰਡੀਆਂ' ਅਖ਼ਬਾਰ ਦੀ ਇੱਕ ਖਬਰ ਅਨੁਸਾਰ ਮਹਾਰਾਸ਼ਟਰ ਸੂਬੇ ਵਿੱਚ ਸਭ ਤੋਂ ਵੱਧ (ਕੁੱਲ ਦਾ 14 ਫੀਸਦੀ) ਵਿਦਿਆਰਥੀ ਖੁਦਕੁਸ਼ੀ ਕਰਦੇ ਹਨ ਅਤੇ ਇਸ ਤੋਂ ਬਾਅਦ ਤਮਿਲਨਾਡੂ (ਕੁੱਲ ਦਾ 11 ਫੀਸਦੀ) ਆਉਂਦਾ ਹੈ। ਇਸੇ ਰਿਪੋਰਟ ਅਨੁਸਾਰ ਪਿਛਲੇ 20 ਸਾਲਾਂ ਵਿੱਚ ਖੁਦਕੁਸ਼ੀਆਂ ਦੀ ਗਿਣਤੀ ਵਿੱਚ ਦੁੱਗਣਾ ਵਾਧਾ ਹੋਇਆ ਹੈ।

ਸੁਨਹਿਰੇ ਭਵਿੱਖ ਦਾ ਸੁਪਨਾ ਦਿਖਾਉਣ ਵਾਲ਼ੀਆਂ ਵਪਾਰਕ ਸਿੱਖਿਆ ਸੰਸਥਾਵਾਂ, ਕੋਚਿੰਗ ਕੇਂਦਰਾਂ ਤੋਂ ਆਏ ਦਿਨ ਖੁਦਕੁਸ਼ੀ ਦੀਆਂ ਖਬਰਾਂ ਆਉਂਦੀਆਂ ਹਨ। ਇੱਥੋਂ ਤੱਕ ਕਿ 10 ਵੀਂ, 12 ਵੀਂ ਦੇ ਸਕੂਲੀ ਵਿਦਿਆਰਥੀ ਮੁਕਾਬਲੇ ਵਿੱਚ ਪਛੜ ਜਾਣ 'ਤੇ ਖੁਦਕੁਸ਼ੀ ਕਰਦੇ ਹਨ। ਸਮਾਜ ਨੂੰ ਚਲਾਉਣ ਵਾਲ਼ਿਆਂ ਨੇ ਸਫਲਤਾ ਅਤੇ ਅਸਫਲਤਾ ਦੇ ਜੋ ਪੈਮਾਨੇ ਬਣਾਏ ਅਤੇ ਮੀਡੀਆ ਰਾਹੀਂ ਸਾਡੇ ਸੋਚਣ ਢੰਗ ਵਿੱਚ ਉਸੇ ਨੂੰ ਹੀ ਇੱਕ ਸੱਚ ਵਜੋਂ ਸਮੋ ਦਿੱਤਾ ਗਿਆ ਹੈ। ਜੋ ਪਹਿਲੇ ਨੰਬਰ 'ਤੇ ਹੈ, ਉਹੀ ਚੰਗਾ ਹੈ, ਜੋ ਮੁਕਾਬਲਾ ਪ੍ਰੀਖਿਆ ਵਿੱਚ ਮੋਹਰੀ ਹੈ ਉਹੀ ਯੋਗ ਹੈ, ਬਾਕੀ ਬਚੇ ਨਕਾਰਾ ਹਨ, ਜੋ ਖੁਦ ਦੀ ਅਯੋਗਤਾ ਕਾਰਨ ਪਿੱਛੇ ਰਹਿ ਗਏ ਹਨ। ਜਦੋਂ ਨੌਜਵਾਨ ਮੁੰਡੇ ਕੁੜੀਆਂ ਦੇ ਖੁਦਕੁਸ਼ੀ ਨੋਟ ਮਿਲ਼ਦੇ ਹਨ ਉਸ ਵਿੱਚ ਆਮ ਹੀ ਇਹ ਲਿਖਿਆ ਹੁੰਦਾ ਹੈ ਕਿ 'ਮੇਰੇ ਤੋਂ ਨਹੀਂ ਹੋ ਰਿਹਾ'! ਨੌਜਵਾਨ ਪੀੜੀ ਬਹੁਤ ਜਲਦੀ ਉਪਰਲੀ ਪੌੜੀ ਨੂੰ ਹੱਥ ਪਾਉਣਾ ਚਾਹੁੰਦੇ ਹਨ, ਬਹੁਤ ਜਲਦੀ ਹਾਰ ਮੰਨ ਜਾਂਦੇ ਹਨ। ਹਾਰ ਵਿਦਿਆਰਥੀ ਉਦੋਂ ਮੰਨਦਾ ਹੈ ਜਦੋਂ ਮੁਕਾਬਲੇਬਾਜ਼ੀ ਦੇ ਵਿੱਚ ਪੈ ਜਾਂਦਾ ਹੈ। ਬੱਚਿਆਂ ਨੂੰ ਬਚਪਨ ਤੋਂ ਹੀ ਮੁਕਾਬਲੇਬਾਜ਼ੀ ਵਿੱਚ ਪਾਇਆ ਜਾਂਦਾ ਹੈ। ਬੱਚੇ ਨੂੰ ਸੰਘਰਸ਼ ਕਰਨਾ ਬਹੁਤ ਔਖਾ ਲੱਗਦਾ ਹੈ।

ਅੰਨ੍ਹੀ ਮੁਕਾਬਲੇਬਾਜੀ, ਸਮਾਜ ਵਿੱਚ ਟਿਕੇ ਰਹਿਣ ਲਈ ਅਰੁੱਕ ਗਲ਼ਘੋਟੂ ਸੰਘਰਸ਼ ਇਸ ਆਰਥਿਕ ਸਮਾਜਕ ਪ੍ਰਬੰਧ ਦੀ ਦੇਣ ਹੈ। ਇਸੇ ਸਮਾਜਕ ਸੰਦਰਭ ਨੂੰ ਸਮਝਦੇ ਹੋਏ ਅਸੀਂ ਖੁਦਕੁਸ਼ੀ ਦੇ ਕਾਰਨ ਨੂੰ ਸਮਝ ਸਕਦੇ ਹਾਂ, ਉਹਨਾਂ ਲੋਕਾਂ ਦੀ ਮਨੋਸਥਿਤੀ ਸਮਝ ਸਕਦੇ ਹਾਂ, ਜੋ ਮੌਤ ਨੂੰ ਗਲ਼ ਲਾ ਚੁੱਕੇ ਹਨ। ਅਲੱਗ-ਅਲੱਗ ਖੁਦਕੁਸ਼ੀ ਮਾਮਲਿਆਂ ਵਿੱਚ ਜੋ ਕਾਰਨ ਉੱਭਰ ਕੇ ਸਾਹਮਣੇ ਆਉਂਦੇ ਹਨ, ਉਹ ਇੱਕ ਲੰਬੀ ਚੌੜੀ ਸੂਚੀ ਹੈ। ਉਹ ਸੂਚੀ ਇਸ ਮੁਨਾਫੇ 'ਤੇ ਟਿਕੇ ਢਾਂਚੇ ਦੀਆਂ ਅਲਾਮਤਾਂ ਦੀ ਹੀ ਸੂਚੀ ਹੈ ਜਿਵੇਂ ਕਿ-

- ਸਿੱਖਿਆ ਦੇ ਖੇਤਰ ਵਿੱਚ ਮੁਕਾਬਲੇਬਾਜੀ,
- ਇੱਛਾ ਤੋਂ ਬਗੈਰ ਕਿੱਤੇ ਦੀ ਚੋਣ ਕਰਨੀ,
- ਰੁਜਗਾਰ ਲਈ ਵਧਦੀ ਮੁਕਾਬਲੇਬਾਜੀ, ਬੇਰੁਜਗਾਰੀ।
- ਭੇਦਭਾਵ (ਲਿੰਗ, ਜਾਤ ਆਦਿ)
- ਆਰਥਿਕ ਤੰਗੀਆਂ, ਗਰੀਬੀ,- ਕਰਜਾ- ਇਕੱਲਤਾ
- ਸਫਲਤਾ-ਅਸਫਲਤਾ ਦੇ ਸਰਮਾਏਦਾਰਾ ਸਮਾਜਿਕ ਪੈਮਾਨਿਆ ਨਾਲ਼ ਖੁਦ ਦੀ ਤੁਲਨਾ ਕਰਕੇ ਦੇਖਣੀ ਅਤੇ ਹੀਣ ਭਾਵਨਾ ਦਾ ਸ਼ਿਕਾਰ ਹੋਣਾ।
- ਔਰਤਾਂ ਦੇ ਮਾਮਲਿਆਂ ਵਿੱਚ ਜਿਨਸੀ ਸੋਸ਼ਣ, ਘਰੇਲੂ ਹਿੰਸਾ, ਪਿੱਤਰਸੱਤਾ ਪ੍ਰਧਾਨ ਘਰੇਲੂ ਅਤੇ ਸਮਾਜਕ ਦਬਾਅ ਆਦਿ।

ਅਲੱਗ-ਅਲੱਗ ਰਿਪੋਰਟਾਂ ਵੀ ਇਹਨਾਂ ਕਾਰਨਾਂ ਦੀ ਨਿਸ਼ਾਨਦੇਹੀ ਕਰਦੀਆਂ ਹਨ। ਕਿਉਂਕਿ 'ਖੁਦਕੁਸ਼ੀ ਨੋਟ' ਇਹਨਾਂ ਸਭ ਕਾਰਨਾਂ ਨੂੰ ਓਹਲੇ ਹੋਣ ਦਾ ਕੋਈ ਮੌਕਾ ਨਹੀਂ ਦਿੰਦੇ!

ਸੱਚ ਤਾਂ ਇਹ ਹੈ ਕਿ ਖੁਦਕੁਸ਼ੀ ਖੁਦ ਇਸ ਬਿਮਾਰ ਢਾਂਚੇ ਦਾ ਇੱਕ ਲੱਛਣ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਨਿਰਾਸ਼ਾ ਦੇ ਪਲਾਂ ਵਿੱਚ ਹਾਰ ਮੰਨ ਲੈਣਾ ਅਤੇ ਸੰਘਰਸ਼ ਤੋਂ ਮੂੰਹ ਮੋੜ ਕੇ ਜਿੰਦਗੀ ਨੂੰ ਖਤਮ ਕਰ ਲੈਣ ਦਾ ਰਾਹ ਕਿਸੇ ਵੀ ਤਰੀਕੇ ਸਹੀ ਨਹੀਂ ਹੈ ਪਰ ਖੁਦਕੁਸ਼ੀਆਂ ਨੂੰ ਇਸ ਹੱਦ ਤੱਕ ਘਟਾ ਦੇਣਾ ਅਸਲ ਵਿਚ ਖੁਦਕੁਸ਼ੀ ਕਰਨ ਵਾਲ਼ੇ ਨੂੰ ਹੀ ਇਸਦਾ ਦੋਸ਼ੀ ਐਲਾਨਣਾ ਹੈ। ਇਸ ਦੀ ਅਸਲ ਜੜ੍ਹ ਇਹ ਲੋਟੂ ਢਾਂਚਾ ਹੈ ਜਿਸ ਵਿੱਚੋਂ ਹੀ ਅਜਿਹੇ ਹਲਾਤ ਪੈਦਾ ਹੁੰਦੇ ਰਹਿੰਦੇ ਹਨ, ਜਿਸ ਕਾਰਨ ਕਈ ਇਨਸਾਨ ਇਹ ਗੈਰਕੁਦਰਤੀ ਘਟਨਾ ਨੂੰ ਨੇਪਰੇ ਚਾੜ ਦਿੰਦੇ ਹਨ। ਇਸੇ ਢਾਂਚੇ ਵਿੱਚ ਇਨਸਾਨ ਦੇ ਉਪਯੋਗੀ ਹੋਣ ਦਾ ਪੈਮਾਨਾ ਉਸ ਦੁਆਰਾ ਕਮਾਏ ਗਏ ਪੈਸਿਆਂ ਦੀ ਮਾਤਰਾ ਨਾਲ਼ ਦੇਖਿਆ ਜਾਂਦਾ ਹੈ। ਜੋ ਮਹੀਨੇ ਦੇ ਵੱਧ ਪੈਸੇ ਕਮਾਉਂਦਾ ਹੈ, ਉਹ ਵੱਧ ਉਪਯੋਗੀ, ਜੋ ਘੱਟ ਕਮਾਉਂਦਾ ਹੈ ਜਾਂ ਜੋ ਪੈਸੇ ਕਮਾਉਣ ਲਈ ਟੱਕਰਾਂ ਮਾਰ ਰਿਹਾ ਹੈ ਉਹ ਨਕਾਰਾ! ਇਹ ਮੁਨਾਫੇ ਨੂੰ ਕੇਂਦਰ ਵਿੱਚ ਰੱਖਣ ਵਾਲ਼ਿਆਂ ਦਾ ਵਿਚਾਰ ਹੈ। ਇਸ ਵਿਚਾਰ ਨੂੰ ਹਾਕਮ ਜਮਾਤਾਂ ਰਾਹੀਂ ਲੁੱਟ, ਜਬਰ ਦਾ ਸ਼ਿਕਾਰ ਲੋਕਾਂ ਦਾ ਵੀ ਵਿਚਾਰ ਬਣਾ ਦਿੱਤਾ ਗਿਆ ਹੈ! ਇੱਥੋਂ ਹੀ ਉਹ ਹੀਣ ਭਾਵਨਾ ਜਨਮ ਲੈਂਦੀ ਹੈ ਕਿ ਖੁਦ ਇਨਸਾਨ ਹੀ ਆਪਣੀ ਘੱਟ ਯੋਗਤਾ ਕਾਰਨ ਦੋਸ਼ੀ ਹੈ।

ਸਰਮਾਏਦਾਰਾ ਢਾਂਚੇ ਵਿੱਚ ਕੰਮ ਕਰਦੇ ਕਾਮੇ ਭਾਵੇਂ ਕੋਈ ਹੇਠਲੇ ਦਰਜੇ ਦਾ ਕਾਮਾ ਹੈ ਜਾਂ ਉੱਪਰਲੇ ਦਰਜੇ ਦਾ ਕਾਮਾ, ਲਗਾਤਾਰ ਵਿੱਤੋਂ ਵੱਧ ਕੰਮ ਕਰਨ ਦਾ ਦਬਾਅ ਉਹਨਾਂ ਉੱਤੇ ਲਗਾਤਾਰ ਬਣਿਆ ਰਹਿੰਦਾ ਹੈ। ਨਿੱਜੀ ਕੰਪਨੀਆਂ ਵਿੱਚ, ਨਿੱਤ ਨਵੇਂ ਨਿਸ਼ਾਨੇ ਦਿੱਤੇ ਜਾਂਦੇ ਹਨ, ਜਿਹਨਾਂ ਨੂੰ ਪੂਰਾ ਕਰਦਾ ਮੁਲਾਜਮ ਆਪਣੀ ਜਾਨ ਖਪਾ ਦਿੰਦਾ ਹੈ! ਮਨੁੱਖ ਨੂੰ ਮਨੁੱਖ ਨਾ ਸਮਝ ਕੇ, ਮੁਨਾਫ਼ਾ ਕਮਾਉਣ ਵਾਲ਼ੀ ਮਸ਼ੀਨ ਵਾਂਗ ਵਿਹਾਰ ਕੀਤਾ ਜਾਂਦਾ ਹੈ। ਕੰਮ ਹੌਲ਼ੀ ਜਾਂ ਗਲਤ ਹੋਣ ਦੀ ਹਾਲਤ ਵਿੱਚ ਅਣਮਨੁੱਖੀ ਵਿਹਾਰ, ਨੌਕਰੀ ਜਾਣ ਦਾ ਖਤਰਾ ਆਦਿ ਬਣਿਆ ਰਹਿੰਦਾ ਹੈ।

ਔਰਤਾਂ ਦੇ ਮਾਮਲੇ ਦੀ ਗੱਲ ਕਰੀਏ ਤਾਂ ਮਰਦ ਪ੍ਰਧਾਨ ਸਮਾਜ ਵਿੱਚ, ਉਹਨਾਂ ਦੀ ਪਰਵਰਿਸ਼ ਕੁੱਝ ਇਸ ਤਰੀਕੇ ਨਾਲ਼ ਹੁੰਦੀ ਹੈ ਕਿ, ਦੱਬੂਪੁਣਾ, ਕਮਜੋਰ ਵਿਅਕਤੀਤਵ, ਘਰ ਦੀ, ਜਾਣ-ਪਛਾਣ ਵਾਲ਼ੇ ਲੋਕਾਂ ਦੀ "ਇੱਜਤ" ਦਾ ਸਾਰਾ ਭਾਰ ਉਸਦੇ ਮੋਢਿਆਂ ਉੱਤੇ ਪਾ ਦਿੱਤਾ ਜਾਂਦਾ ਹੈ। ਅਕਸਰ ਘਰੇਲੂ ਹਿੰਸਾ, ਜਿਨਸੀ ਸੋਸ਼ਣ ਦਾ ਸ਼ਿਕਾਰ ਹੋਣ ਦੇ ਜਿਆਦਾਤਰ ਮਾਮਲਿਆਂ ਵਿੱਚ ਚੁੱਪ-ਚਾਪ ਸਹਿੰਦੇ ਰਹਿਣਾ, ਮਾਨਸਿਕ ਪ੍ਰੇਸ਼ਾਨੀਆਂ ਵਿੱਚੋਂ ਲੰਘਣਾ ਆਦਿ ਔਰਤਾਂ ਦੇ ਹਿੱਸੇ ਆਉਂਦਾ ਹੈ। ਕੁੱਝ ਔਰਤਾਂ ਜਿਆਦਾ ਬੁਰੇ ਹਲਾਤਾਂ ਵਿੱਚੋਂ ਲੰਘਦੇ ਹੋਏ ਹੱਲ ਦੇ ਤੌਰ 'ਤੇ ਆਖਰੀ ਬੁਰੇ ਰਾਹ ਖੁਦਕੁਸ਼ੀ ਨੂੰ ਅਪਣਾ ਲੈਂਦੀਆਂ ਹਨ।

ਅਜਿਹੇ ਹੀ ਸਮਾਜਕ ਸੰਦਰਭ ਹਨ, ਜਿਹਨਾਂ ਨੂੰ ਸਮਝ ਕੇ ਅਸੀਂ ਖੁਦਕੁਸ਼ੀ ਦੇ ਕਾਰਨਾਂ ਅਤੇ ਖੁਦਕੁਸ਼ੀ ਕਰਨ ਵਾਲ਼ਿਆਂ ਦੀ ਮਨੋਸਥਿਤੀ ਸਮਝ ਸਕਦੇ ਹਾਂ। ਇਹ ਗੱਲ ਸੱਚ ਹੈ ਜਦੋਂ ਤੱਕ ਖੁਦਕੁਸ਼ੀਆਂ ਨੂੰ ਪੈਦਾ ਕਰਨ ਵਾਲ਼ੇ ਹਲਾਤ ਰਹਿਣਗੇ, ਓਦੋਂ ਤੱਕ ਖੁਦਕੁਸ਼ੀਆਂ ਦਾ ਸਿਲਸਿਲਾ ਇਸ ਤਰ੍ਹਾਂ ਹੀ ਚੱਲਦਾ ਰਹੇਗਾ। ਇਸ ਦਾ ਪੱਕਾ ਹੱਲ ਇਸ ਮੁਨਾਫੇ 'ਤੇ ਟਿਕੇ ਢਾਂਚੇ ਨੂੰ ਬਦਲ ਕੇ ਹੀ ਹਾਸਲ ਕੀਤਾ ਜਾ ਸਕਦਾ ਹੈ। ਇਹ ਢਾਂਚਾ ਮਨੁੱਖੀ ਲੋੜਾਂ ਤੋਂ ਵੀ ਅੱਗੇ ਭਰਪੂਰ ਜਿੰਦਗੀ ਜਿਉਣ ਦੇ ਸੁਪਨੇ ਤਾਂ ਦਿਖਉਂਦਾ ਹੈ, ਪਰ ਉਹਨਾਂ ਨੂੰ ਪੂਰਾ ਕਰਨ ਲਈ ਇਹ ਢਾਂਚਾ ਖੁਦ ਹੀ ਅਯੋਗ ਹੈ। ਭਰਪੂਰ ਜਿੰਦਗੀ ਹਰ ਮਨੁੱਖ ਨੂੰ ਮਿਲ਼ਣੀ ਚਾਹੀਦੀ ਹੈ, ਚੰਗਾ ਸਮਾਜ, ਚੰਗਾ ਆਲ਼ਾ-ਦੁਆਲ਼ਾ ਹਰ ਮਨੁੱਖ ਦਾ ਹੱਕ ਹੈ। ਪਰ ਜਿਸ ਢਾਂਚੇ ਵਿੱਚ ਕਿਰਤੀ ਲੋਕਾਂ ਲਈ ਆਰਥਿਕ ਸਮਾਜਕ ਅਸੁਰੱਖਿਆ ਪੋਰ-ਪੋਰ ਵਿੱਚ ਰਚੀ ਹੋਵੇ, ਜਿੱਥੇ ਸਿਹਤਮੰਦ ਮਨ ਵਾਲ਼ੇ ਲੋਕ ਵਧਣ-ਫੁੱਲਣ ਦੀ ਜਮੀਨ ਹੀ ਬੰਜਰ ਹੋਵੇ ਉੱਥੇ ਮਾਨਸਿਕ ਰੋਗ, ਉਦਾਸੀ ਰੋਗ, ਖੁਦਕੁਸ਼ੀਆਂ ਮਨੁੱਖ ਦੀ ਬੁਰੀ ਹੋਣੀ ਹਨ!

ਇਸ ਸੱਚ ਨੂੰ ਸਵਕਾਰਦੇ ਹੋਏ ਇਸ ਢਾਂਚੇ ਨੂੰ ਬਦਲਣ ਦੀ ਜੱਦੋ ਜਹਿਦ ਦਾ ਹਿੱਸਾ ਬਣਨ ਅਤੇ ਆਪਣੇ ਆਲ਼ੇ-ਦੁਆਲ਼ੇ ਦੀਆਂ ਮਨੁੱਖੀ ਜਿੰਦਗੀਆਂ ਪ੍ਰਤੀ ਜਿਆਦਾ ਚੁਕੰਨੇ, ਜਿਆਦਾ ਸੰਵੇਦਨਸ਼ੀਲ ਹੋਣ ਦੀ ਲੋੜ ਨੂੰ ਸਮਝੀਏ ਅਤੇ ਸਮਾਜ ਨੂੰ ਬਦਲਣ ਵਿੱਚ ਬਣਦਾ ਹਿੱਸਾ ਪਾਈਏ।



ਦਵਿੰਦਰ ਕੌਰ ਖੁਸ਼ ਧਾਲੀਵਾਲ, ਖੋਜ ਕਰਤਾ, ਧੂਰਕੋਟ
ਮੋਗਾ 8847227740

CANADIAN TRUCK TRAINING CENTRE






ਤਸੱਲੀਬਕਸ਼ ਸੇਵਾਵਾਂ ਲਈ

ਹਰਪਾਲ ਸਿੰਘ ਮਾਨ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES



CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਮੁੱਖ ਮੰਤਰੀ ਭਗਵੰਤ ਮਾਨ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਫਰੀਦਕੋਟ ਵਿਖੇ ਲਹਿਰਾਉਣਗੇ ਕੌਮੀ ਝੰਡਾ



ਚੰਡੀਗੜ੍ਹ: ਸਾਲ 2025 ਦੇ ਗਣਤੰਤਰ ਦਿਵਸ ਮੌਕੇ ਪੰਜਾਬ ਦਾ ਸੂਬਾ ਪੱਧਰੀ ਸਮਾਗਮ ਲੁਧਿਆਣਾ ਵਿਖੇ ਹੋਵੇਗਾ। ਇੱਥੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ 26 ਜਨਵਰੀ ਨੂੰ ਕੌਮੀ ਝੰਡਾ ਲਹਿਰਾਉਣਗੇ। ਦੂਜੇ ਪਾਸੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਫਰੀਦਕੋਟ ਵਿਖੇ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਜਾਵੇਗੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅਤੇ ਡਿਪਟੀ ਸਪੀਕਰ ਜੈ ਕਿਸ਼ਨ ਰੋੜੀ ਵੱਲੋ ਰੂਪਨਗਰ ਵਿਖੇ ਕੌਮੀ ਝੰਡਾ ਲਹਿਰਾਇਆ ਜਾਵੇਗਾ। ਇਸ ਤੋਂ ਇਲਾਵਾ ਵਿੱਤ, ਪਲਾਨਿੰਗ ਅਤੇ ਕਰ ਤੇ ਆਬਾਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਸੰਗਰੂਰ, ਨਵੇਂ ਤੇ ਨਵਿਆਉਣਯੋਗ ਊਰਜਾ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ ਅਮਨ ਅਰੋੜਾ ਵੱਲੋਂ ਜਲੰਧਰ, ਸਮਾਜਿਕ ਨਿਆਂ ਅਤੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਵੱਲੋਂ ਬਰਨਾਲਾ, ਐਨ.ਆਰ.ਆਈ, ਅਫ਼ੇਅਰਜ਼ ਅਤੇ ਪ੍ਰਬੰਧਕੀ ਸੁਧਾਰ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਗੁਰਦਾਸਪੁਰ, ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਮੋਗਾ, ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਬਠਿੰਡਾ, ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਅਤੇ ਜੰਗਲਾਤ ਮੰਤਰੀ ਲਾਲ ਚੰਦ ਵੱਲੋਂ ਸ੍ਰੀ ਮੁਕਤਸਰ ਸਾਹਿਬ ਅਤੇ ਟਰਾਸਪੋਰਟ ਅਤੇ ਜੇਲਾਂ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਫਾਜ਼ਿਲਕਾ ਵਿਖੇ ਝੰਡਾ ਕੌਮੀ ਝੰਡਾ ਲਹਿਰਾਇਆ ਜਾਵੇਗਾ।

ਇਸ ਤੋਂ ਇਲਾਵਾ ਸਕੂਲ ਸਿੱਖਿਆ, ਉਚੇਰੀ ਸਿੱਖਿਆ ਅਤੇ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਹੁਸ਼ਿਆਰਪੁਰ, ਊਰਜਾ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਵੱਲੋਂ ਫਿਰੋਜ਼ਪੁਰ, ਜਲ ਸਰੋਤ, ਖਾਣਾਂ ਅਤੇ ਭੂ-ਵਿਗਿਆਨ, ਭੂਮੀ ਅਤੇ ਪਾਣੀ ਦੀ ਸੰਭਾਲ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਪਟਿਆਲਾ, ਸੈਰ ਸਪਾਟਾ ਅਤੇ ਸਭਿਆਚਾਰਾਕ ਮਾਮਲੇ, ਨਿਵੇਸ਼ ਪ੍ਰੋਤਸਾਹਨ ਕਿਰਤ, ਪ੍ਰਾਹੁਣਚਾਰੀ, ਉਦਯੋਗ ਤੇ ਵਣਜ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਅੰਮ੍ਰਿਤਸਰ, ਸਥਾਨਕ ਸਰਕਾਰ ਅਤੇ ਸੰਸਦੀ ਮਾਮਲੇ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਮਲੇਰਕੋਟਲਾ, ਖੇਤੀਬਾੜੀ ਅਤੇ ਪਸ਼ੂ-ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਤਰਨ-ਤਾਰਨ ਅਤੇ ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆਂ ਅਤੇ ਬਾਗਬਾਨੀ ਮੰਤਰੀ ਮਹਿੰਦਰ ਭਗਤ ਵੱਲੋਂ ਸ਼ਹੀਦ ਭਗਤ ਸਿੰਘ ਨਗਰ ਵਿਖੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਜਾਵੇਗੀ।

# ਬਾਪੂ ਸੂਰਤ ਸਿੰਘ ਖ਼ਾਲਸਾ ਦਾ ਹੋਇਆ ਦਿਹਾਂਤ

## ਉਨ੍ਹਾਂ ਨੇ 91 ਸਾਲ ਦੀ ਉਮਰ 'ਚ ਲਏ ਆਖ਼ਰੀ ਸਾਹ ਲਏ



ਬਾਪੂ ਸੂਰਤ ਸਿੰਘ ਖ਼ਾਲਸਾ ਦਾ ਦਿਹਾਂਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਉਨ੍ਹਾਂ ਨੇ ਬੰਦੀ ਸਿੰਘਾਂ ਲਈ ਲੰਮੀ ਲੜਾਈ ਲੜੀ ਸੀ। ਉਨ੍ਹਾਂ ਨੇ 91 ਸਾਲ ਦੀ ਉਮਰ 'ਚ ਲਏ ਆਖ਼ਰੀ ਸਾਹ ਲਏ।

**ਕੌਣ ਸੀ ਬਾਪੂ ਸੂਰਤ ਸਿੰਘ ਖ਼ਾਲਸਾ?**

ਬਾਪੂ ਸੂਰਤ ਸਿੰਘ ਖਾਲਸਾ ਵਜੋਂ ਜਾਣੇ ਜਾਂਦੇ ਸਿੱਖ ਕਾਰਕੁੰਨ ਦਾ ਮਰਨ ਵਰਤ ਪੰਜਾਬ ਦੇ ਇਤਿਹਾਸ ਦਾ ਹੁਣ ਤੱਕ ਦਾ ਸਭ ਤੋਂ ਲੰਬਾ ਮਰਨ ਵਰਤ ਮੰਨਿਆ ਜਾਂਦਾ ਹੈ। ਬੰਦੀ ਸਿੰਘਾਂ ਦੀ ਰਿਹਾਈ ਲਈ ਉਨ੍ਹਾਂ ਨੇ 16 ਜਨਵਰੀ, 2015 ਨੂੰ 82 ਸਾਲ ਦੀ ਉਮਰ ਵਿੱਚ ਆਪਣਾ ਸੰਘਰਸ਼ ਸ਼ੁਰੂ ਕੀਤਾ ਸੀ ਅਤੇ 14 ਜਨਵਰੀ, 2023 ਨੂੰ ਉਨ੍ਹਾਂ ਨੇ ਆਪਣਾ ਵਰਤ ਤੋੜਿਆ।

ਇਸ ਸਮੇਂ ਦੌਰਾਨ, ਉਨ੍ਹਾਂ ਨੂੰ ਇੱਕ ਨੱਕ ਰਾਹੀਂ ਹੀ ਭੋਜਨ ਦਿੱਤਾ ਗਿਆ ਜਿਵੇਂ ਮਣੀਪੁਰ ਦੀ ਇਰੋਮ ਸ਼ਰਮੀਲਾ ਨੂੰ ਦਿੱਤਾ ਜਾਂਦਾ ਸੀ। ਸੂਰਤ ਸਿੰਘ ਖਾਲਸਾ ਦੇ ਮਰਨ ਵਰਤ ਦਾ ਮਕਸਦ ਪੰਜਾਬ ਅਤੇ ਦੇਸ਼ ਦੀਆਂ ਜੇਲ੍ਹਾਂ ਵਿੱਚ ਬੰਦ ਉਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਨੂੰ ਯਕੀਨੀ ਬਣਾਉਣਾ ਸੀ ਜੋ ਆਪਣੀਆਂ ਸ਼ਰਤਾਂ ਪੂਰੀਆਂ ਕਰਨ ਦੇ ਬਾਵਜੂਦ ਜੇਲ੍ਹਾਂ ਵਿੱਚ ਬੰਦ ਸਨ।

ਉਨ੍ਹਾਂ ਨੇ ਆਪਣਾ ਮਰਨ ਵਰਤ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਹਸਨਪੁਰ ਸਥਿਤ ਆਪਣੇ ਘਰ ਤੋਂ ਸ਼ੁਰੂ ਕੀਤਾ, ਪਰ ਵਰਤ ਦੌਰਾਨ ਜ਼ਿਆਦਾਤਰ ਸਮਾਂ ਉਨ੍ਹਾਂ ਨੇ ਲੁਧਿਆਣਾ ਦੇ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਬਿਤਾਇਆ। ਬੰਦੀ ਸਿੰਘ ਜਗਤਾਰ ਸਿੰਘ ਹਵਾਰਾ ਵੱਲੋਂ ਕੀਤੀ ਗਈ ਭਾਵੁਕ ਅਪੀਲ ਤੋਂ ਬਾਅਦ ਸੂਰਤ ਸਿੰਘ ਖਾਲਸਾ ਨੇ ਆਪਣੇ 90ਵੇਂ ਜਨਮ ਦਿਨ ਤੋਂ ਠੀਕ ਪਹਿਲਾਂ ਆਪਣਾ ਮਰਨ ਵਰਤ ਖਤਮ ਕਰ ਦਿੱਤਾ ਸੀ।

ਹੁਣ ਬੰਦੀ ਸਿੰਘਾਂ ਦੀ ਰਿਹਾਈ ਲਈ ਇਨਸਾਫ਼ ਮੋਰਚਾ 7 ਜਨਵਰੀ, 2023 ਤੋਂ ਮੋਹਾਲੀ ਵਿੱਚ ਸਥਾਪਤ ਵੱਖ-ਵੱਖ ਸਿੱਖ ਜਥੇਬੰਦੀਆਂ ਦੀ ਰਹਿਨੁਮਾਈ ਹੇਠ ਸੰਘਰਸ਼ ਕਰ ਰਿਹਾ ਹੈ।

# ਪੰਜਾਬ ਲਈ ਦਰਦ ਰੱਖ ਰਹੇ ਪਿਛਲੇ 100 ਸਾਲਾਂ ਦੌਰਾਨ ਵੱਡੇ ਆਗੂਆਂ ਦੀਆਂ ਭੁੱਖ ਹੜਤਾਲਾਂ

ਪੰਜਾਬ ਵਿੱਚ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਪਿਛਲੇ 50 ਦਿਨਾਂ ਤੋਂ ਪੰਜਾਬ-ਹਰਿਆਣਾ ਦੀ ਖਨੌਰੀ ਸਰਹੱਦ 'ਤੇ ਮਰਨ ਵਰਤ ਉੱਤੇ ਬੈਠੇ ਹਨ।

ਡਾਕਟਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਸਰੀਰ ਸੁੰਗੜਨ ਲਗ ਗਿਆ ਹੈ ਜੇਕਰ ਉਹ ਪਾਣੀ ਦਾ ਘੁੱਟ ਵੀ ਭਰਦੇ ਹਨ ਤਾਂ ਵੀ ਉਨ੍ਹਾਂ ਨੂੰ ਉਲਟੀਆਂ ਆਉਂਣੀਆਂ ਸ਼ੁਰੂ ਹੋ ਜਾਂਦੀਆਂ ਹਨ, ਜਿਸ ਕਾਰਨ ਉਨ੍ਹਾਂ ਦਾ ਸਰੀਰ ਲਗਾਤਾਰ ਘੱਟ ਰਿਹਾ ਹੈ ਅਤੇ ਉਨ੍ਹਾਂ ਦੇ ਅੰਗ ਕਿਸੇ ਵੇਲੇ ਵੀ ਜਵਾਬ ਦੇ ਸਕਦੇ ਹਨ। ਭੁੱਖ ਹੜਤਾਲ ਕਾਰਨ ਉਨ੍ਹਾਂ ਦੇ ਖੂਨ ਦਾ ਦਬਾਓ ਵੀ ਘੱਟ ਰਿਹਾ ਹੈ, ਜਿਸ ਨਾਲ ਦਿਲ ਦੇ ਦੌਰੇ ਦਾ ਵੀ ਖ਼ਤਰਾ ਬਣਿਆ ਹੋਇਆ ਹੈ।

ਮਾਣਯੋਗ ਸੁਪਰੀਮ ਕੋਰਟ ਨੇ ਵੀ ਕਿਸਾਨ ਆਗੂ ਡੱਲੇਵਾਲ ਦੀ ਸਿਹਤ ਨੂੰ ਲੈ ਕੇ ਚਿੰਤਾ ਜਤਾਈ ਹੈ।

ਇਹ ਕੋਈ ਪਹਿਲੀ ਵਾਰ ਨਹੀਂ ਹੈ ਜਦੋਂ ਆਪਣੀਆਂ ਮੰਗਾਂ ਨੂੰ ਲੈ ਕੇ ਕਿਸੇ ਨੇ ਭੁੱਖ ਹੜਤਾਲ ਕੀਤੀ ਹੋਵੇ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨੇ ਵੀ ਆਪਣੇ ਹੱਕਾਂ ਲਈ ਜੇਲ ਅੰਦਰ ਭੁੱਖ ਹੜਤਾਲ ਕੀਤੀ ਸੀ। ਉਦੋਂ ਤੋਂ ਲੈ ਕੇ ਹੁਣ ਤਕ ਭੁੱਖ ਹੜਤਾਲ ਜਾਂ ਮਰਨ ਵਰਤ ਵਰਗੀਆਂ ਅਨੇਕਾਂ ਘਟਨਾਵਾਂ ਹੋਈਆਂ, ਪਰ ਮਰਨ ਵਰਤ 'ਤੇ ਬੈਠਿਆਂ ਨੂੰ ਘੱਟ ਹੀ ਸਫ਼ਲਤਾ ਮਿਲੀ ਹੈ।

ਅੱਜ ਅਸੀਂ ਤੁਹਾਡੇ ਨਾਲ ਇਤਿਹਾਸ 'ਚ ਦਰਜ ਮਰਨ ਵਰਤ ਦੀਆਂ ਕੁਝ ਅਜਿਹੀਆਂ ਘਟਨਾਵਾਂ ਬਾਰੇ ਜਾਣਕਾਰੀ ਦੇਵਾਂਗੇ।



**1. ਸ਼ਹੀਦ-ਏ-ਆਜ਼ਮ ਭਗਤ ਸਿੰਘ**

ਸਰਦਾਰ ਭਗਤ ਸਿੰਘ ਵੱਲੋਂ ਸਾਲ 1929 ਵਿੱਚ ਲਹੌਰ ਦੀ ਮੀਆਂਵਲੀ ਜੇਲ ਅੰਦਰ ਭੁੱਖ ਹੜਤਾਲ ਕੀਤੀ। ਇਹ ਭੁੱਖ ਹੜਤਾਲ ਪੰਜਾਬ ਦੀ ਹੀ ਨਹੀਂ ਸਗੋਂ ਭਾਰਤ ਦੇ ਇਤਿਹਾਸ ਦੀ ਸਭ ਤੋਂ ਮਸ਼ਹੂਰ ਤੇ ਪੁਰਾਣੀ ਭੁੱਖ ਹੜਤਾਲ ਹੈ ਜਿਸ ਵਿੱਚ ਕ੍ਰਾਂਤੀਕਾਰੀ ਅਜ਼ਾਦੀ ਘੁਲਾਟੀਏ ਭਗਤ ਸਿੰਘ ਨੇ ਅੰਗਰੇਜ਼ ਹਕੂਮਤ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਸੀ।

ਸਿਆਸੀ ਕੈਦੀਆਂ ਪ੍ਰਤੀ ਕੀਤੇ ਜਾ ਰਹੇ ਮਾੜੇ ਵਿਵਹਾਰ ਦਾ ਵਿਰੋਧ ਜਤਾਉਣ ਨੂੰ ਲੈ ਕੇ ਭਗਤ ਸਿੰਘ ਨੇ 116 ਦਿਨ ਲੰਬੀ ਭੁੱਖ ਹੜਤਾਲ ਕੀਤੀ ਸੀ। ਜੇਲ ਅੰਦਰ ਚੰਗਾ ਭੋਜਨ, ਪਹਿਨਣ ਲਈ ਸਾਫ਼ ਕੱਪੜੇ, ਪੜ੍ਹਨ ਲਈ ਕਿਤਾਬਾਂ ਅਤੇ ਸਾਫ਼ ਸੁਥਰੇ ਪਖਾਨੇ ਦੀ ਮੰਗ ਨੂੰ ਲੈ ਕੇ ਭਗਤ ਸਿੰਘ ਨੇ 11 ਜੂਨ 1929 ਨੂੰ ਆਪਣੇ ਸਾਥੀ ਕੈਦੀਆਂ ਦੇ ਨਾਲ ਭੁੱਖ ਹੜਤਾਲ ਸ਼ੁਰੂ ਕੀਤੀ ਸੀ।

ਭਗਤ ਸਿੰਘ ਦੇ ਸਾਥੀ ਕੈਦੀਆਂ ਵਿੱਚੋਂ ਇੱਕ ਜਤਿੰਦਰ ਨਾਥ ਦਾਸ ਦੀ ਭੁੱਖ ਹੜਤਾਲ ਦੇ 63ਵੇਂ ਦਿਨ 13 ਸਤੰਬਰ, 1929 ਨੂੰ ਮੌਤ ਹੋ ਗਈ ਸੀ। ਅਖ਼ੀਰ 5 ਅਕਤੂਬਰ 1929 ਨੂੰ ਭਗਤ ਸਿੰਘ ਨੇ ਆਪਣੇ ਪਿਤਾ ਸਰਦਾਰ ਕਿਸ਼ਨ ਸਿੰਘ ਸੰਧੂ ਦੇ ਕਹਿਣ 'ਤੇ ਭੁੱਖ ਹੜਤਾਲ ਖਤਮ ਕਰ ਦਿੱਤੀ ਸੀ।

ਹਾਲਾਂਕਿ, ਭੁੱਖ ਹੜਤਾਲ ਦੇ ਬਾਵਜੂਦ ਜੇਲ ਦੇ ਅੰਦਰਲੇ ਹਾਲਾਤ ਬਹੁਤੇ ਨਹੀਂ ਬਦਲੇ ਪਰ ਇਸ ਭੁੱਖ ਹੜਤਾਲ ਨੇ ਪੰਜਾਬ ਅਤੇ ਇਸ ਤੋਂ ਬਾਹਰ ਅਜ਼ਾਦੀ ਦੀ ਲੜਾਈ ਲੜ ਰਹੇ ਦੇਸ਼ ਭਗਤਾਂ ਵਿੱਚ ਭਗਤ ਸਿੰਘ ਪ੍ਰਤੀ ਸੋਚ ਨੂੰ ਜ਼ਰੂਰ ਬਦਲਿਆ।



**2. ਮਾਸਟਰ ਤਾਰਾ ਸਿੰਘ**

ਪੰਜਾਬੀ ਬੋਲਦੇ ਇਲਾਕਿਆਂ ਨੂੰ ਇੱਕ ਵੱਖਰਾ ਪੰਜਾਬੀ ਸੂਬਾ ਬਣਾਉਣ ਦੀ ਮੰਗ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮਾਸਟਰ ਤਾਰਾ ਸਿੰਘ ਨੇ 1961 ਵਿੱਚ ਭੁੱਖ ਹੜਤਾਲ ਸ਼ੁਰੂ ਕੀਤੀ ਸੀ।

ਮਾਸਟਰ ਤਾਰਾ ਸਿੰਘ ਨੇ ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣਾ ਮਰਨ ਵਰਤ ਸ਼ੁਰੂ ਕੀਤਾ ਅਤੇ ਐਲਾਨ ਕੀਤਾ ਕਿ ਜਦੋਂ ਤਕ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਉਹ ਮਰਨ ਵਰਤ ਜਾਰੀ ਰੱਖਣਗੇ।

ਹਲਾਂਕਿ, ਉਸ ਵੇਲੇ ਦੇ ਤਤਕਾਲੀ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਭਾਰਤ ਇੱਕ ਧਰਮ ਨਿਰਪੱਖ ਦੇਸ਼ ਹੈ ਅਤੇ ਧਾਰਮਿਕ ਵਖਰੇਵਿਆਂ 'ਤੇ ਅਧਾਰਤ ਕੋਈ ਵੱਖਰਾ ਸੂਬਾ ਬਣਾਉਣਾ ਜਾਇਜ਼ ਨਹੀਂ ਹੋਵੇਗਾ, ਪਰ ਇੱਕ ਨਿੱਜੀ ਪੱਤਰ ਰਾਹੀਂ ਪੰਡਿਤ ਨਹਿਰੂ ਨੇ ਮਾਸਟਰ ਤਾਰਾ ਸਿੰਘ ਨੂੰ ਯਕੀਨ ਦੁਆਇਆ ਸੀ ਕਿ ਉਹ ਇਸ ਮਸਲੇ 'ਤੇ ਹੋਰ ਡੂੰਘਾਈ ਨਾਲ ਸੋਚ-ਵਿਚਾਰ ਕਰਨਗੇ।

ਪੰਡਿਤ ਨਹਿਰੂ ਵਲੋਂ ਮਿਲੇ ਭਰੋਸੇ ਮਗਰੋਂ ਅਕਾਲੀ ਆਗੂ ਸੰਤ ਫ਼ਤਿਹ ਸਿੰਘ ਨੇ ਆਪਣੇ ਸਾਥੀ ਮਾਸਟਰ ਤਾਰਾ ਸਿੰਘ ਨੂੰ ਜੂਸ ਪਿਲਾ ਕੇ 48 ਦਿਨਾਂ ਦੀ ਭੁੱਖ ਹੜਤਾਲ ਖ਼ਤਮ ਕਰਵਾਈ ਸੀ। ਹਲਾਂਕਿ, ਅਕਾਲੀ ਦਲ ਦੇ ਬਹੁਤ ਸਾਰੇ ਲੀਡਰ ਅਤੇ ਆਮ ਲੋਕ ਇਸ ਫ਼ੈਸਲੇ ਤੋਂ ਨਾਖ਼ੁਸ਼ ਸਨ ਅਤੇ ਉਹ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਹੋ ਗਏ ਸਨ। ਆਖ਼ਰਕਾਰ ਸਾਲ 1966 ਵਿਚ ਪੰਜਾਬ ਅਤੇ ਹਰਿਆਣਾ ਰਾਜ ਬਣਾਉਣ ਲਈ ਭਾਸ਼ਾ ਦੇ ਆਧਾਰ 'ਤੇ ਪੰਜਾਬ ਨੂੰ ਵੰਡਿਆ ਗਿਆ। ਮਾਸਟਰ ਤਾਰਾ ਸਿੰਘ, ਪੰਜਾਬ ਦੀ ਇਸ ਵੰਡ ਤੋਂ ਬਾਅਦ ਜ਼ਿਆਦਾ ਦੇਰ ਤਕ ਜਿਉਂਦੇ ਨਾ ਰਹਿ ਸਕੇ ਅਤੇ 22 ਨਵੰਬਰ 1967 ਪੂਰੇ ਹੋ ਗਏ।



**3. ਸੰਤ ਫ਼ਤਿਹ ਸਿੰਘ**

ਪੰਜਾਬ ਅਤੇ ਹਰਿਆਣਾ ਵੱਖਰਾ ਸੂਬਾ ਬਣਨ ਮਗਰੋਂ ਸੰਤ ਫ਼ਤਿਹ ਸਿੰਘ ਨੇ ਇਸ ਵੰਡ ਤੋਂ ਨਾਰਾਜ਼ਗੀ ਜਤਾਉਂਦਿਆਂ 17 ਦਸੰਬਰ 1966 ਨੂੰ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਦੀ ਮੰਗ ਸੀ ਕਿ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਨਵੇਂ ਬਣੇ ਪੰਜਾਬ ਵਿੱਚ ਸ਼ਾਮਿਲ ਕੀਤਾ ਜਾਵੇ। ਉਨ੍ਹਾਂ ਨੇ ਧਮਕੀ ਤਕ ਦਿੱਤੀ ਸੀ ਕਿ ਜੇਕਰ 10 ਦਿਨਾਂ ਅੰਦਰ ਉਨ੍ਹਾਂ ਦੀ ਇਹ ਮੰਗ ਨਾ ਮੰਨੀ ਗਈ ਤਾਂ ਉਹ ਆਤਮਦਾਹ ਕਰ ਲੈਣਗੇ।

ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 27 ਦਸੰਬਰ ਨੂੰ ਸੰਤ ਫ਼ਤਿਹ ਸਿੰਘ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀਆਂ ਮੰਗਾਂ 'ਤੇ ਵਿਚਾਰ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਦੇ ਭਰੋਸੇ ਤੋਂ ਬਾਅਦ 55 ਸਾਲਾ ਸੰਤ ਫਤਿਹ ਸਿੰਘ ਨੇ ਭੁੱਖ ਹੜਤਾਲ ਖ਼ਤਮ ਕਰ ਦਿਤੀ ਪਰ ਬਾਅਦ ਵਿਚ ਇਸ ਦਾ ਕੁਝ ਨਹੀਂ ਬਣਿਆ। ਬਹੁਤ ਸਾਰੇ ਪੰਜਾਬੀਆਂ ਦੀ ਅਸਹਿਮਤੀ ਦੇ ਬਾਵਜੂਦ ਚੰਡੀਗੜ੍ਹ, ਹਰਿਆਣਾ ਅਤੇ ਪੰਜਾਬ ਦੀ ਸਾਂਝੀ ਰਾਜਧਾਨੀ ਰਿਹਾ, ਜੋ ਹੁਣ ਤੱਕ ਹੈ।



**4. ਦਰਸ਼ਨ ਸਿੰਘ ਫੇਰੂਮਾਨ**

ਸਾਬਕਾ ਮੈਂਬਰ ਪਾਰਲੀਮੈਂਟ, ਸਿੱਖ ਕਾਰਕੁੰਨ ਅਤੇ ਅਜ਼ਾਦੀ ਘੁਲਾਟੀਏ ਦਰਸ਼ਨ ਸਿੰਘ ਫੇਰੂਮਾਨ ਨੇ ਸੰਤ ਫ਼ਤਿਹ ਸਿੰਘ 'ਤੇ ਇਲਜ਼ਾਮ ਲਾਏ ਕਿ ਉਨ੍ਹਾਂ ਨੇ ਮਰਨ ਵਰਤ ਰਖਣ ਦੀ ਆਪਣੀ ਅਰਦਾਸ ਨੂੰ ਤੋੜ ਕੇ ਸਿੱਖ ਧਰਮ ਦੀ ਮਰਿਆਦਾ ਦਾ ਘਾਣ ਕੀਤਾ ਹੈ।

ਫੇਰੂਮਾਨ ਨੇ ਉਸ ਵੇਲੇ ਕਿਹਾ ਸੀ ਕਿ ਪੰਜਾਬ ਦੀਆਂ ਮੰਗਾਂ ਪੂਰੀਆਂ ਹੋਣ ਤਕ ਫ਼ਤਿਹ ਸਿੰਘ ਨੂੰ ਆਪਣੀ ਭੁੱਖ ਹੜਤਾਲ ਖ਼ਤਮ ਨਹੀਂ ਕਰਨੀ ਚਾਹੀਦੀ ਸੀ। 84 ਸਾਲ ਦੀ ਉਮਰ ਵਿੱਚ ਫੇਰੂਮਾਨ ਨੇ ਕਿਹਾ ਸੀ ਕਿ ਉਹ ਇਹ ਯਕੀਨੀ ਬਣਾਉਣ ਲਈ ਮਰਨ ਵਰਤ ਰਖਣਗੇ ਕਿ ਸਾਰੇ ਪੰਜਾਬੀ ਬੋਲਦੇ ਇਲਾਕੇ ਹਰਿਆਣਾ ਤੋਂ ਪੰਜਾਬ ਵਿਚ ਤਬਦੀਲ ਕੀਤੇ ਜਾਣ।

12 ਅਗਸਤ 1969 ਨੂੰ ਦਰਸ਼ਨ ਸਿੰਘ ਫੇਰੂਮਾਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 15 ਅਗਸਤ ਨੂੰ ਅੰਮ੍ਰਿਤਸਰ ਜੇਲ ਦੇ ਅੰਦਰ ਹੀ ਫੇਰੂਮਾਨ ਨੇ ਆਪਣਾ ਮਰਨ ਵਰਤ ਸ਼ੁਰੂ ਕਰ ਦਿਤਾ ਸੀ। ਉਨ੍ਹਾਂ ਨੂੰ 27 ਅਗਸਤ 1969 ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਪਰ ਉਨ੍ਹਾਂ ਨੇ ਆਪਣਾ ਇਲਾਜ ਕਰਾਉਣ ਅਤੇ ਖਾਣ ਪੀਣ ਤੋਂ ਇਨਕਾਰ ਕਰ ਦਿਤਾ ਸੀ।

ਆਖਿਰਕਾਰ, ਭੁੱਖ ਹੜਤਾਲ ਦੇ 74ਵੇਂ ਦਿਨ 27 ਅਕਤੂਬਰ 1969 ਨੂੰ ਉਨ੍ਹਾਂ ਦਾ ਦਿਹਾਂਤ ਹੋ ਗਿਆ। ਫੇਰੂਮਾਨ ਦੀ ਮੌਤ ਤੋਂ ਬਾਅਦ ਉਸ ਦੇ ਹਮਾਇਤੀਆਂ ਨੇ ਸ਼ਹੀਦ ਫੇਰੂਮਾਨ ਅਕਾਲੀ ਦਲ ਦੀ ਸਥਾਪਨਾ ਕੀਤੀ ਪਰ ਇਹ ਪਾਰਟੀ ਹੁਣ ਤਕ ਪੰਜਾਬ ਦੀ ਰਾਜਨੀਤੀ ਵਿਚ ਹਾਸ਼ੀਏ 'ਤੇ ਹੀ ਰਹੀ ਅਤੇ ਪੰਜਾਬ ਦੇ ਬਹੁਤੇ ਲੋਕ ਇਸ ਪਾਰਟੀ ਦਾ ਨਾਮ ਤਕ ਨਹੀਂ ਜਾਣਦੇ।



**5. ਸੂਰਤ ਸਿੰਘ ਖ਼ਾਲਸਾ**

ਬਾਪੂ ਸੂਰਤ ਸਿੰਘ ਖ਼ਾਲਸਾ ਵਜੋਂ ਜਾਣੇ ਜਾਂਦੇ ਸਿੱਖ ਕਾਰਕੁੰਨ ਦਾ ਮਰਨ ਵਰਤ ਪੰਜਾਬ ਦੇ ਇਤਿਹਾਸ ਦਾ ਹੁਣ ਤੱਕ ਦਾ ਸਭ ਤੋਂ ਲੰਬਾ ਮਰਨ ਵਰਤ ਮੰਨਿਆ ਜਾਂਦਾ ਹੈ। ਅੱਜ ਯਾਨੀ ਕਿ 15 ਜਨਵਰੀ 2025 ਨੂੰ ਉਹ ਇਸ ਫ਼ਾਨੀ ਦੁਨੀਆਂ ਤੋਂ ਰੁਖ਼ਸਤ ਹੋ ਗਏ ਹਨ। ਉਨ੍ਹਾਂ ਨੇ 91 ਸਾਲ ਦੀ ਉਮਰ ਵਿਚ ਆਖ਼ਰੀ ਸਾਹ ਲਏ। ਉਨ੍ਹਾਂ ਦਾ ਜਨਮ 7 ਮਾਰਚ 1933 ਨੂੰ ਹਸਨਪੁਰ (ਲੁਧਿਆਣਾ) ਵਿਚ ਹੋਇਆ ਸੀ।

ਬੰਦੀ ਸਿੰਘਾਂ ਦੀ ਰਿਹਾਈ ਲਈ ਉਨ੍ਹਾਂ ਨੇ 16 ਜਨਵਰੀ, 2015 ਨੂੰ 82 ਸਾਲ ਦੀ ਉਮਰ ਵਿੱਚ ਆਪਣਾ ਸੰਘਰਸ਼ ਸ਼ੁਰੂ ਕੀਤਾ ਸੀ ਅਤੇ 14 ਜਨਵਰੀ, 2023 ਨੂੰ ਉਨ੍ਹਾਂ ਨੇ ਆਪਣਾ ਵਰਤ ਤੋੜਿਆ। ਇਸ ਸਮੇਂ ਦੌਰਾਨ, ਉਨ੍ਹਾਂ ਨੂੰ ਇੱਕ ਨੱਕ ਰਾਹੀਂ ਹੀ ਭੋਜਨ ਦਿੱਤਾ ਗਿਆ ਜਿਵੇਂ ਮਣੀਪੁਰ ਦੀ ਇਰੋਮ ਸ਼ਰਮੀਲਾ ਨੂੰ ਦਿੱਤਾ ਜਾਂਦਾ ਸੀ। ਸੂਰਤ ਸਿੰਘ ਖਾਲਸਾ ਦੇ ਮਰਨ ਵਰਤ ਦਾ ਮਕਸਦ ਪੰਜਾਬ ਅਤੇ ਦੇਸ਼ ਦੀਆਂ ਜੇਲ੍ਹਾਂ ਵਿੱਚ ਬੰਦ ਉਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਨੂੰ ਯਕੀਨੀ ਬਣਾਉਣਾ ਸੀ ਜੋ ਆਪਣੀਆਂ ਸ਼ਰਤਾਂ ਪੂਰੀਆਂ ਕਰਨ ਦੇ ਬਾਵਜੂਦ ਜੇਲ੍ਹਾਂ ਵਿੱਚ ਬੰਦ ਸਨ।

ਉਨ੍ਹਾਂ ਨੇ ਆਪਣਾ ਮਰਨ ਵਰਤ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਹਸਨਪੁਰ ਸਥਿਤ ਆਪਣੇ ਘਰ ਤੋਂ ਸ਼ੁਰੂ ਕੀਤਾ, ਪਰ ਵਰਤ ਦੌਰਾਨ ਜ਼ਿਆਦਾਤਰ ਸਮਾਂ ਉਨ੍ਹਾਂ ਨੇ ਲੁਧਿਆਣਾ ਦੇ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਬਿਤਾਇਆ। ਬੰਦੀ ਸਿੰਘ ਜਗਤਾਰ ਸਿੰਘ ਹਵਾਰਾ ਵੱਲੋਂ ਕੀਤੀ ਗਈ ਭਾਵੁਕ ਅਪੀਲ ਤੋਂ ਬਾਅਦ ਸੂਰਤ ਸਿੰਘ ਖਾਲਸਾ ਨੇ ਆਪਣੇ 90ਵੇਂ ਜਨਮ ਦਿਨ ਤੋਂ ਠੀਕ ਪਹਿਲਾਂ ਆਪਣਾ ਮਰਨ ਵਰਤ ਖਤਮ ਕਰ ਦਿੱਤਾ ਸੀ। ਹੁਣ ਬੰਦੀ ਸਿੰਘਾਂ ਦੀ ਰਿਹਾਈ ਲਈ ਇਨਸਾਫ਼ ਮੋਰਚਾ 7 ਜਨਵਰੀ, 2023 ਤੋਂ ਮੋਹਾਲੀ ਵਿੱਚ ਸਥਾਪਤ ਵੱਖ-ਵੱਖ ਸਿੱਖ ਜਥੇਬੰਦੀਆਂ ਦੀ ਰਹਿਨੁਮਾਈ ਹੇਠ ਸੰਘਰਸ਼ ਕਰ ਰਿਹਾ ਹੈ।



**6. ਜਗਜੀਤ ਸਿੰਘ ਡੱਲੇਵਾਲ**

ਜਗਜੀਤ ਸਿੰਘ ਡੱਲੇਵਾਲ, ਗਦੂਦਾਂ ਦੇ ਕੈਂਸਰ ਤੋਂ ਪੀੜਤ ਹੋਣ ਦੇ ਬਾਵਜੂਦ ਦੇਸ਼ ਦੇ ਕਿਸਾਨਾਂ ਲਈ ਸ਼ਫ ਦੀ ਲੜਾਈ ਲੜ ਰਹੇ ਹਨ। ਡੱਲੇਵਾਲ ਨੇ 26 ਨਵੰਬਰ, 2024 ਨੂੰ ਆਪਣਾ ਮਰਨ ਵਰਤ ਸ਼ੁਰੂ ਕੀਤਾ ਸੀ। ਅੱਜ ਉਨ੍ਹਾਂ ਦਾ ਮਰਨ ਵਰਤ 51ਵੇਂ ਦਿਨ ਵਿਚ ਦਾਖ਼ਲ ਹੋ ਚੁੱਕਾ ਹੈ। ਐਮਐਸਪੀ ਨੂੰ ਕਾਨੂੰਨੀ ਗਾਰੰਟੀ ਬਣਾਉਣਾ ਅਤੇ ਫ਼ਸਲਾਂ ਦੇ ਰੇਟ ਨਿਰਧਾਰਤ ਕਰਨ ਲਈ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦੀ ਮੰਗ ਕਰ ਰਹੇ ਡੱਲੇਵਾਲ ਦੀ ਇਹ ਹੁਣ ਤਕ ਦੀ ਛੇਵੀਂ ਭੁੱਖ ਹੜਤਾਲ ਹੈ ਅਤੇ ਹੁਣ ਤਕ ਦੀ ਸਭ ਤੋਂ ਲੰਬੀ ਭੁੱਖ ਹੜਤਾਲ ਹੈ। ਉਨ੍ਹਾਂ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਉਹ ਆਪਣੀ ਭੁੱਖ ਹੜਤਾਲ ਦੌਰਾਨ ਸਿਰਫ਼ ਪਾਣੀ ਪੀ ਰਹੇ ਹਨ। ਆਪਣੇ ਮਰਨ ਵਰਤ ਤੋਂ ਪਹਿਲਾਂ ਡੱਲੇਵਾਲ ਨੇ ਆਪਣੀ 17 ਏਕੜ ਜ਼ਮੀਨ ਆਪਣੇ ਪੁੱਤਰ, ਨੂੰਹ ਅਤੇ ਪੋਤੇ ਦੇ ਨਾਮ ਲਵਾ ਦਿੱਤੀ ਸੀ।

GTA Plumbing & Electrical Supplies
GTA Plumbling & Electrical Supplies



ONE STOP SHOP FOR ALL PLUMBING & ELECTRICAL SUPPLIES

* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250

* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more

Moen, American Standard Pfister, Faucets, ABS, Copper and all type of fitting

905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.

Business Loan
Credit Line
Truck/Taxi Loan
New Immigrant Package
416-366-1234



Jaswinder Khosa
416-894-9400

1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ

ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ




ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ

ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੂਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ

PH: 416-425-0138
514-632-0138

ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ

ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ

ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ

Solve Your Life Problems with Easy Opay & Lucky Stone, Book and Appointment Today!

# ਤੁਸੀਂ ਵੀ ਬਿਸਤਰੇ 'ਚ ਪਏ ਸਾਰੀ ਰਾਤ ਸਕ੍ਰੌਲ ਕਰਦੇ ਰਹਿੰਦੇ ਹੋ ਰੀਲਾਂ!



ਅੱਜਕੱਲ੍ਹ ਸੋਸ਼ਲ ਮੀਡੀਆ ਸਾਡੀ ਜੀਵਨ ਸ਼ੈਲੀ ਦਾ ਅਟੁੱਟ ਅੰਗ ਬਣ ਗਿਆ ਹੈ। ਅੱਜ ਕੱਲ੍ਹ, ਲੋਕ ਸਵੇਰੇ ਉੱਠਦੇ ਹੀ ਸਭ ਤੋਂ ਪਹਿਲਾਂ ਆਪਣਾ ਸੋਸ਼ਲ ਮੀਡੀਆ ਚੈੱਕ ਕਰਦੇ ਹਨ। ਇਸ ਦੇ ਨਾਲ ਹੀ ਉਸ ਦਾ ਰਾਤ ਦਾ ਸਾਥੀ ਸੋਸ਼ਲ ਮੀਡੀਆ ਅਤੇ ਇਸ 'ਤੇ ਆਉਣ ਵਾਲੀਆਂ ਰੀਲਾਂ ਵੀ ਹਨ।

ਅੱਜਕੱਲ੍ਹ, ਲੋਕ ਆਪਣਾ ਸਮਾਂ ਬਿਤਾਉਣ ਅਤੇ ਮਨੋਰੰਜਨ ਲਈ ਯੂਟਿਊਬ, ਇੰਸਟਾਗ੍ਰਾਮ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸਾਰਾ ਦਿਨ ਸਕ੍ਰੌਲ ਕਰਦੇ ਰਹਿੰਦੇ ਹਨ। ਹਾਲਾਂਕਿ ਰੀਲਾਂ ਦੇਖਣ ਦੀ ਇਹ ਆਦਤ ਤੁਹਾਡੀ ਸਿਹਤ ਨੂੰ ਭਾਰੀ ਨੁਕਸਾਨ ਪਹੁੰਚਾਉਂਦੀ ਹੈ। ਇਸ ਕਾਰਨ ਨਾ ਸਿਰਫ਼ ਤੁਸੀਂ ਮਾਨਸਿਕ ਤੌਰ 'ਤੇ ਬਿਮਾਰ ਹੋ ਸਕਦੇ ਹੋ, ਸਗੋਂ ਇਹ ਤੁਹਾਡਾ ਬੀਪੀ ਵੀ ਵਧਾ ਸਕਦਾ ਹੈ। ਇਹ ਗੱਲ ਇੱਕ ਤਾਜ਼ਾ ਅਧਿਐਨ ਵਿੱਚ ਸਾਹਮਣੇ ਆਈ ਹੈ।

### ਕੀ ਕਹਿੰਦਾ ਹੈ ਅਧਿਐਨ?

ਬੀਐਮਸੀ ਦੇ ਇੱਕ ਤਾਜ਼ਾ ਅਧਿਐਨ ਵਿੱਚ ਰਾਤ ਨੂੰ ਰੀਲਾਂ ਦੇਖਣ ਅਤੇ ਹਾਈਪਰਟੈਨਸ਼ਨ ਵਿਚਕਾਰ ਇੱਕ ਹੈਰਾਨ ਕਰਨ ਵਾਲਾ ਲਿੰਕ ਪਾਇਆ ਗਿਆ ਹੈ। ਅਧਿਐਨ ਤੋਂ ਪਤਾ ਲੱਗਾ ਹੈ ਕਿ ਜੋ ਲੋਕ ਰਾਤ ਨੂੰ ਰੀਲਾਂ ਜਾਂ ਛੋਟੇ ਵੀਡੀਓ ਦੇਖਦੇ ਹਨ ਉਨ੍ਹਾਂ ਨੂੰ ਹਾਈ ਬਲੱਡ ਪ੍ਰੈਸ਼ਰ ਹੋਣ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਖੋਜ ਵਿੱਚ ਚੀਨ ਦੇ 4,318 ਲੋਕ ਸ਼ਾਮਲ ਸਨ, ਮੁੱਖ ਤੌਰ 'ਤੇ ਨੌਜਵਾਨਾਂ ਅਤੇ ਬਾਲਗ ਉਮਰ ਸਮੂਹਾਂ ਵਿੱਚ।

### ਹਾਈ ਬੀ.ਪੀ ਦਾ ਕਾਰਨ ਬਣਦੀਆਂ ਹਨ ਰੀਲਾਂ

ਇਸ ਅਧਿਐਨ ਦਾ ਉਦੇਸ਼ ਇਹ ਨਿਰਧਾਰਤ ਕਰਨਾ ਸੀ ਕਿ ਕੀ ਸੌਣ ਦੇ ਸਮੇਂ ਸਕ੍ਰੀਨ ਦੇ ਸਮੇਂ ਅਤੇ ਲੋਕਾਂ ਦੇ ਬਲੱਡ ਪ੍ਰੈਸ਼ਰ ਦੇ ਪੱਧਰਾਂ, ਖਾਸ ਤੌਰ 'ਤੇ ਉੱਚ ਬੀਪੀ ਵਿੱਚ ਕਿਸੇ ਬਦਲਾਅ ਦੇ ਵਿਚਕਾਰ ਕੋਈ ਸਬੰਧ ਹੈ ਜਾਂ ਨਹੀਂ। ਇਸੇ ਸਿਲਸਿਲੇ ਵਿੱਚ, ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਸੌਣ ਤੋਂ ਪਹਿਲਾਂ ਲੰਬੇ ਸਮੇਂ ਤੱਕ ਛੋਟੀਆਂ ਵੀਡੀਓ ਸਮੱਗਰੀ ਦੇਖਣ ਨਾਲ ਹਾਈ ਬੀਪੀ ਤੋਂ ਪੀੜਤ ਵਿਅਕਤੀ ਦਾ ਖ਼ਤਰਾ ਵੱਧ ਜਾਂਦਾ ਹੈ। ਇੰਨਾ ਹੀ ਨਹੀਂ, ਦੇਰ ਰਾਤ ਤੱਕ ਸਕਰੀਨਾਂ ਦੀ ਵਰਤੋਂ ਦਿਲ ਨਾਲ ਸਬੰਧਤ ਬਿਮਾਰੀਆਂ, ਖਾਸ ਤੌਰ 'ਤੇ ਮੌਜੂਦਾ ਨੌਜਵਾਨ ਪੀੜ੍ਹੀ ਵਿੱਚ ਹਾਈ ਬਲੱਡ ਪ੍ਰੈਸ਼ਰ ਲਈ ਇੱਕ ਟਰਿਗਰ ਵਜੋਂ ਕੰਮ ਕਰ ਸਕਦੀ ਹੈ।

### ਕੀ ਕਹਿੰਦੇ ਹਨ ਡਾਕਟਰ ?

ਬੈਂਗਲੁਰੂ ਦੇ ਦਿਲ ਦੇ ਸਿਹਤ ਮਾਹਿਰ ਡਾਕਟਰ ਦੀਪਕ ਕ੍ਰਿਸ਼ਨਾਮੂਰਤੀ ਨੇ ਅਧਿਐਨ ਦੇ ਨਤੀਜਿਆਂ 'ਤੇ ਟਿੱਪਣੀ ਕੀਤੀ। ਉਸ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਦੱਸਿਆ ਕਿ ਧਿਆਨ ਭਟਕਾਉਣ ਅਤੇ ਸਮੇਂ ਦੀ ਬਰਬਾਦੀ ਤੋਂ ਇਲਾਵਾ, ਰੀਲ ਦੀ ਲਤ ਨੌਜਵਾਨਾਂ ਅਤੇ ਬਾਲਗਾਂ ਵਿੱਚ ਹਾਈ ਬਲੱਡ ਪ੍ਰੈਸ਼ਰ ਦਾ ਕਾਰਨ ਬਣਦੀ ਹੈ। ਅਜਿਹੀ ਸਥਿਤੀ ਵਿੱਚ, ਉਸਨੇ ਅਜਿਹੇ ਛੋਟੇ ਵੀਡੀਓਜ਼ ਨੂੰ ਪ੍ਰਮੋਟ ਕਰਨ ਵਾਲੇ ਐਪਸ ਅਤੇ ਪਲੇਟਫਾਰਮਾਂ ਨੂੰ ਅਨਇੰਸਟੌਲ ਕਰਨ ਦੀ ਸਲਾਹ ਵੀ ਦਿੱਤੀ।

### ਹਾਈ ਬੀਪੀ ਦਾ ਕਾਰਨ ਕਿਵੇਂ ਬਣਦੇ ਹਨ ਰੀਲਜ਼ ?


ਅਧਿਐਨ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਕਿਵੇਂ ਰੀਲਾਂ ਦੇਖਣ ਦੀ ਆਦਤ ਹਾਈ ਬੀਪੀ ਦੇ ਜੋਖਮ ਨੂੰ ਵਧਾਉਂਦੀ ਹੈ। ਵਾਸਤਵ ਵਿੱਚ, ਟੈਲੀਵਿਜ਼ਨ ਦੇਖਣਾ, ਵੀਡੀਓ ਗੇਮਾਂ ਖੇਡਣਾ, ਜਾਂ ਕੰਪਿਊਟਰ 'ਤੇ ਕੰਮ ਕਰਨਾ ਸਮੇਤ ਪਰੰਪਰਾਗਤ ਸਕ੍ਰੀਨ ਸਮਾਂ, ਆਮ ਤੌਰ 'ਤੇ ਕੁਝ ਸਰੀਰਕ ਗਤੀਵਿਧੀ ਦਾ ਕਾਰਨ ਬਣਦਾ ਹੈ, ਪਰ ਇਸਦੇ ਉਲਟ, ਮੋਬਾਈਲ ਡਿਵਾਈਸਾਂ 'ਤੇ ਛੋਟੇ ਵੀਡੀਓ ਦੇਖਣ ਨਾਲ ਕੋਈ ਸਰੀਰਕ ਗਤੀਵਿਧੀ ਨਹੀਂ ਹੁੰਦੀ ਅਤੇ ਇਸ ਲਈ, ਇੱਕ ਸੰਭਾਵਨਾ ਹੁੰਦੀ ਹੈ। ਹਾਈਪਰਟੈਨਸ਼ਨ ਵਰਗੀਆਂ ਸਮੱਸਿਆਵਾਂ ਵਧ ਰਹੀਆਂ ਹਨ।

### ਕਿਵੇਂ ਕਰੀਏ ਆਪਣਾ ਬਚਾਅ ?

ਅਧਿਐਨ ਦੇ ਨਤੀਜਿਆਂ ਤੋਂ ਬਾਅਦ ਖੋਜ ਕਰਨ ਵਾਲੇ ਖੋਜਕਰਤਾਵਾਂ ਦੇ ਅਨੁਸਾਰ, ਨੌਜਵਾਨਾਂ ਨੂੰ ਸੌਣ ਤੋਂ ਪਹਿਲਾਂ ਸਕ੍ਰੀਨ ਦੀ ਵਰਤੋਂ ਕਰਨ ਦੇ ਸਮੇਂ ਬਾਰੇ ਜਾਗਰੂਕ ਹੋਣਾ ਚਾਹੀਦਾ ਹੈ। ਇਸ ਨਾਲ ਨਾ ਸਿਰਫ ਹਾਈ ਬੀਪੀ ਦਾ ਖਤਰਾ ਘੱਟ ਹੋਵੇਗਾ, ਸਗੋਂ ਇਹ ਬਿਹਤਰ ਨੀਂਦ ਦੇ ਨਾਲ-ਨਾਲ ਤੁਹਾਡੀ ਸਮੁੱਚੀ ਸਿਹਤ ਨੂੰ ਵੀ ਸੁਧਾਰੇਗਾ। ਇਸ ਦੇ ਨਾਲ ਹੀ ਖੋਜਕਰਤਾਵਾਂ ਨੇ ਲੋਕਾਂ ਨੂੰ ਨਿਯਮਤ ਕਸਰਤ, ਸਿਹਤਮੰਦ ਖੁਰਾਕ ਅਤੇ ਤਣਾਅ ਪ੍ਰਬੰਧਨ ਵਰਗੀਆਂ ਆਦਤਾਂ ਦੇ ਨਾਲ ਚੰਗੀ ਜੀਵਨ ਸ਼ੈਲੀ ਦੀ ਪਾਲਣਾ ਕਰਨ ਦੀ ਵੀ ਸਲਾਹ ਦਿੱਤੀ।



# ਦੁਬਈ ਐਕੁਏਰੀਅਮ: ਪਾਣੀ ਦੇ ਅੰਦਰ ਰੰਗ-ਬਿਰੰਗੀ ਮੱਛੀਆਂ ਦਾ ਨਜ਼ਾਰਾ







ਦੁਬਈ ਐਕੁਏਰੀਅਮ ਦਾ ਅਲੱਗ ਹੀ ਅਨੁਭਵ ਹੋਇਆ : ਪ੍ਰੋਗਰਾਮ ਮੁਤਾਬਿਕ ਅੱਜ ਦੁਬਈ ਮਾਲ ਅੰਦਰ ਸਥਿਤ ਦੁਬਈ ਐਕੁਏਰੀਅਮ ਅਤੇ ਅੰਡਰਵਾਟਰ ਚਿੜਿਆਘਰ ਦਾ ਨਜ਼ਾਰਾ ਦੇਖਣ ਨੂੰ ਮਿਲਿਆ। ਕਈ ਥਾਂ 'ਤੇ ਲੱਗਿਆ ਕਿ ਇਹ ਮੱਛਲੀਆਂ ਕਿਸੇ ਸੰਗੀਤ 'ਤੇ ਡਾਂਸ ਕਰ ਰਹੀਆਂ ਹੋਣ। ਦੁਬਈ ਐਕੁਏਰੀਅਮ ਦੋਹਾ ਰੋਡ 'ਤੇ ਵਿਸ਼ਵ ਪ੍ਰਸਿੱਧ ਦ ਦੁਬਈ ਮਾਲ ਅੰਦਰ ਜ਼ਮੀਨੀ ਪੱਧਰ 'ਤੇ ਸਥਿਤ ਹੈ। ਇਸ 'ਚ 33,000 ਤੋਂ ਵੱਧ ਜਲਜੀ ਜਾਨਵਰਾਂ ਦੇ ਨਾਲ ਹਜ਼ਾਰਾਂ ਜਲ-ਜੀਵਾਂ ਦਾ ਘਰ ਹੈ, ਜਿਸ 'ਚ 140 ਤੋਂ ਵੱਧ ਕਿਸਮਾਂ ਹਨ। ਇਸ ਐਕੁਏਰੀਅਮ 'ਚ 10 ਮਿਲੀਅਨ ਲੀਟਰ ਟੈਂਕ 'ਚ 400 ਤੋਂ ਵੱਧ ਸ਼ਾਰਕ ਅਤੇ ਕਿਰਨਾਂ ਹਨ। ਐਕੁਏਰੀਅਮ 'ਚ ਰੇਤ ਦੇ ਟਾਈਗਰ ਸ਼ਾਰਕ, ਜਾਇੰਟ ਗਰੁੱਪਰ ਅਤੇ ਹੋਰ ਸਮੁੰਦਰੀ ਸਪੀਸੀਜ਼ ਵੀ ਸ਼ਾਮਲ ਹਨ।

### ਵੱਖਰਾ ਹੀ ਅਨੁਭਵ ਮਹਿਸੂਸ ਕਰੋਗੇ :

- 48-ਮੀਟਰ ਲੰਬੀ ਐਕੁਏਰੀਅਮ ਸੁਰੰਗ ਦੇ ਨਾਲ-ਨਾਲ ਪੈਦਲ ਚੱਲ ਕੇ ਐਕੁਏਰੀਅਮ ਦਾ ਕਦੇ ਨਾ ਭੁੱਲਣ ਵਾਲਾ ਅਲੱਗ ਹੀ ਅਨੁਭਵ ਹੋਇਆ।
- ਸ਼ਾਰਕ ਵਾਕਰ ਇੱਕ ਹੋਰ ਨਜ਼ਦੀਕੀ ਗਤੀਵਿਧੀ ਹੈ, ਜਿਸ 'ਚ ਐਕੁਏਰੀਅਮ 'ਚ ਗੋਤਾਖੋਰੀ ਦੁਆਰਾ ਸ਼ਾਰਕ, ਕਿਰਨਾਂ, ਅਤੇ ਵੱਖ-ਵੱਖ ਕਿਸਮ ਦੀ ਖੂਬਸੂਰਤ ਮੱਛੀਆਂ ਨੂੰ ਦੇਖ ਸਕਦੇ ਹੋ।
- ਗਲਾਸ-ਬੋਟ ਰਾਈਡਜ਼-ਦੁਬਈ ਐਕੁਏਰੀਅਮ ਅਤੇ ਅੰਡਰਵਾਟਰ ਚਿੜਿਆਘਰ ਅੰਦਰ ਗਲਾਸਬੋਟਮ ਬੋਟ ਰਾਈਡਜ਼ ਦੁਆਰਾ ਐਕੁਏਰੀਅਮ ਦੇ ਸ਼ਾਨਦਾਰ ਦ੍ਰਿਸ਼ ਦਾ ਨਜ਼ਾਰਾ ਲੈ ਸਕਦੇ ਹੋ। ਐਕੁਏਰੀਅਮ ਦੀ ਡੂਘਾਈ ਦੇ ਹੇਠਾਂ ਭਿੱਜ ਰਹੇ ਸਮੁੰਦਰੀ ਜੀਵਨ ਦੇ ਅਸਲੀ ਨਜ਼ਾਰੇ ਨੂੰ ਦੇਖਣ ਲਈ ਗਲਾਸਬੋਟ ਦੀ ਸਵਾਰੀ ਕੀਤੀ ਜਾਂਦੀ ਹੈ।
- ਸੈਂਡ ਟਾਈਗਰ ਸ਼ਾਰਕ ਦੇ ਸੱਭ ਤੋਂ ਵੱਡੇ ਸੰਗ੍ਰਹਿ ਦੇ ਨਾਲ ਇੱਕ ਨਿਜੀ ਮੁਕਾਬਲਾ।



**Anil Dheer**
Columnist. Alternative Therapist, Social Activist.
Health Educator Award winner;
Certified in:
GNT Diseases 2023 (W.H.O) Air Pollution n Health 2023 (W.H.O)
Monkey-pox Virus: Health Emergencies programme (W.H.O) PHR-UNICEF
Covid Variants-Vaccine-specific resources & IPC (W.H.O)

- ਮੱਛੀਆਂ ਦੀਆਂ ਵੱਖ-ਵੱਖ ਕਿਸਮਾਂ ਦੇ ਨਾਲ ਇੱਕ ਵਿਜ਼ੂਅਲ ਟ੍ਰੀਟ ਦੇਖਣ ਦਾ ਮੌਕਾ ਮਿਲਦਾ ਹੈ।
- **ਸ਼ਾਰਕ ਐਨਕਾਊਂਟਰ:** ਸ਼ਾਰਕ ਦੇ ਨਾਲ ਨਜ਼ਦੀਕ 'ਤੇ ਗੋਤਾਖੋਰੀ ਦੇ ਪਿੰਜਰੇ 'ਚ ਸੁਰੱਖਿਅਤ ਰੂਪ ਨਾਲ ਬੰਦ, ਗੋਤਾਖੋਰ ਸ਼ਾਰਕਾਂ ਨੂੰ ਆਪਣੇ ਵੱਲ ਲੁਭਾਉਣਗੇ ਤਾਂ ਜੋ ਤੁਸੀਂ ਇਹਨਾਂ ਸ਼ਾਨਦਾਰ ਰੇਤ ਟਾਈਗਰ ਸ਼ਾਰਕਾਂ ਨਾਲ ਆਹਮੋ-ਸਾਹਮਣੇ ਹੋਣ ਦੇ ਤਜ਼ਰਬੇ ਤੋਂ ਬਾਅਦ ਸਹੂਲਤਾਂ ਦਾ ਦੌਰਾ, ਬੇਬੀ ਸ਼ਾਰਕਾਂ ਨੂੰ ਫੀਡ ਕਰਨ ਅਤੇ ਸ਼ਾਰਕ ਪ੍ਰਜਨਨ ਬਾਰੇ ਸਿੱਖਣ ਦਾ ਮੌਕਾ ਮਿਲਦਾ ਹੈ। ਪਹਿਲੀ ਬਾਰ, ਇਸ ਨੂੰ ਹਰ ਵਿਅਕਤੀ ਲਈ ਪਹੁੰਚਯੋਗ ਬਣਾਉਣ ਲਈ ਗੋਤਾਖੋਰੀ ਦੇ ਤਜ਼ਰਬੇ ਦੀ ਲੋੜ ਨਹੀਂ ਹੈ।
- **ਪਿੰਜਰੇ ਸਨੋਰਕੇਲਿੰਗ:** 300 ਤੋਂ ਵੱਧ ਸ਼ਾਰਕ ਅਤੇ ਕਿਰਨਾਂ ਸਮੇਤ 70 ਤੋਂ ਵੱਧ ਵੱਖ-ਵੱਖ ਸਮੁੰਦਰੀ ਜਾਤੀਆਂ ਨੂੰ ਦੇਖਣ ਦਾ ਮੌਕਾ ਮਿਲਿਆ। ਜੇ ਤੁਸੀਂ ਪੂਰੀ ਤਰਾਂ ਗੋਤਾਖੋਰੀ ਨਹੀਂ ਕਰਨਾ ਚਾਹੁੰਦੇ, ਤਾਂ ਉਸੇ ਰੋਮਾਂਚਕ ਅਨੁਭਵ ਲਈ ਇੱਕ ਸੇਫ ਪਿੰਜਰੇ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਸ਼ਾਰਕ ਡਰਾਈਵਜ਼, ਦਸ-ਮਿਲੀਅਨ ਲਿਟਰ ਟੈਂਕ ਦੀ ਡੂੰਘਾਈ 'ਚ ਗੌਤਾਖੋਰੀ ਕਰਨ ਦਾ ਮੌਕਾ ਮਿਲਦਾ ਹੈ।
- **ਸਕੂਬਾ ਡਾਈਵਿੰਗ ਅਤੇ ਸਪੈਸ਼ਲਿਟੀ ਡਾਈਵਜ਼:** ਸ਼ੁਰੂਆਤ ਕਰਨ ਵਾਲਿਆਂ ਲਈ 2-ਦਿਨ ਸਕੂਬਾ ਡਾਈਵਿੰਗ ਕੋਰਸ ਲਈ ਸਾਈਨ ਅੱਪ ਕਰਕੇ ਅੰਤਰਰਾਸ਼ਟਰੀ ਤੌਰ 'ਤੇ ਮਾਨਤਾ ਪ੍ਰਾਪਤ ਦੁਆਰਾ ਇੱਕ ਪ੍ਰਮਾਣਿਤ ਗੋਤਾਖੋਰ ਬਣ ਸਕਦੇ ਹੋ। ਜੇਕਰ ਪਹਿਲਾਂ ਤੋਂ ਪੀਏਡੀਆਈ ਪ੍ਰਮਾਣਿਤ ਗੋਤਾਖੋਰ ਹੋ, ਤਾਂ 3 ਪੇਸ਼ੇਵਰ ਪੂਰਵ-ਪ੍ਰਵਾਣਿਤ ਪੀਏਡੀਆਈ ਡਿਸਟਿਕਟਿਵ ਸਪੈਸ਼ਲਿਟੀ ਕੋਰਸ 'ਚ ਦਾਖਲਾ ਲੈ ਕੇ ਗੋਤਾਖਰੀ, ਸ਼ਾਰਕ ਦੀ ਸੰਭਾਲ ਅਤੇ ਪਾਣੀ ਦੇ ਹੇਠਾਂ ਫੋਟੋਗ੍ਰਾਫੀ ਅਤੇ ਸ਼ਾਰਕ ਫੀਡਿੰਗ ਵਗੈਰਾ ਸ਼ਾਮਲ ਹਨ। ਪੀਏਡੀਆਈ ਸਰਟੀਫਾਈਡ ਨੂੰ ਮਾਸਟਰ ਸਕੂਬਾ ਦੇ ਤੌਰ 'ਤੇ ਜਾਣਿਆ ਜਾਂਦਾ ਹੈ।
- ਦੁਬਈ ਐਕੁਏਰੀਅਮ ਅਤੇ ਅੰਡਰਵਾਟਰ ਚਿੜਿਆਘਰ ਪੂਰਾ ਸਾਲ ਖੱਲਦਾ ਹੈ। ਟਿਕਟਾਂ ਆਨਲਾਈਨ ਅਤੇ ਇੱਥੇ ਕਾਊਂਟਰ 'ਤੇ ਵੀ ਖਰੀਦ ਸਕਦੇ ਹੋ। ਆਪਣਾ ਸਮਾਂ ਬਚਾਉਣ ਲਈ ਤੁਸੀਂ ਵੱਖ-ਵੱਖ ਪੈਕੇਜ ਅਤੇ ਟਿਕਟਾਂ ਆਨਲਾਈਨ ਰਿਜ਼ਰਵ ਕਰ ਸਕਦੇ ਹੋ।


















# ਰਾਸ਼ੀਫਲ

**ਮੇਖ** : ਬੱਚਿਆਂ ਦੇ ਨਾਲ ਤੁਸੀ ਸਕੂਨ ਪਾਉਂਗੇ ਬੱਚਿਆਂ ਦੀ ਇਹ ਸ਼ਮਤਾ ਕੁਦਰਤੀ ਹੈ ਅਤੇ ਨਾ ਕੇਵਲ ਤੁਹਾਡੇ ਪਰਿਵਾਰ ਦੇ ਬੱਚਿਆਂ ਵਿਚ ਬਲਕਿ ਹਰ ਬੱਚੇ ਵਿਚ ਇਹ ਗੁਣ ਹੁੰਦਾ ਹੈ ਉਹ ਤੁਹਾਨੂੰ ਸਕੂਨ ਅਤੇ ਰਾਹਤ ਦੇ ਸਕਦਾ ਹੈ। ਜਿਨਾਂ ਲੋਕਾਂ ਨੇ ਕਿਸੇ ਅਣਜਾਣ ਸਖਸ਼ ਦੀ ਸਲਾਹ ਤੇ ਕਿਤੇ ਨਿਵੇਸ਼ ਕੀਤਾ ਸੀ ਅੱਜ ਉਹਨਾਂ ਨੂੰ ਨਿਵੇਸ਼ ਵਿਚ ਲਾਭ ਹੋਣ ਦੀ ਪੂਰੀ ਸੰਭਾਵਨਾ ਹੈ। ਕਿਸੇ ਦੂਰ ਦੇ ਰਿਸ਼ਤੇਦਾਰ ਦੇ ਇੱਥੋ ਮਿਲੀ ਵਧੀਆ ਖਬਰ ਤੁਹਾਡੇ ਪੂਰੇ ਪਰਿਵਾਰ ਦੇ ਲਈ ਖੁਸ਼ੀ ਦੇ ਪਲ ਲੈ ਕੇ ਆਵੇਗੀ। ਅੱਜ ਦਾ ਦਿਨ ਰੋਮਾਂਸ ਨਾਲ ਭਰਪੂਰ ਹੋਣ ਦੀ ਪੂਰੀ ਸੰਭਾਵਨਾ ਹੈ। ਕੰਮ ਦਾ ਅਤੇ ਘਰ ਦਾ ਦਬਾਅ ਤੁਹਾਨੂੰ ਥੋੜਾ ਗੁੱਸੇ ਵਾਲਾ ਬਣਾ ਸਕਦਾ ਹੈ। ਅੱਜ ਤੁਸੀ ਆਪਣਾ ਖਾਲੀ ਸਮਾਂ ਮੰਦਿਰ, ਗੁਰੂਦੁਆਰੇ ਜਾਂ ਕੋਈ ਧਾਰਮਿਕ ਸਥਾਨ ਤੇ ਬੇਲੋੜੀਆਂ ਮੁਸ਼ਕਿਲਾਂ ਅਤੇ ਪਰੇਸ਼ਾਨੀਆਂ ਤੋਂ ਬਿਤਾ ਸਕਦੇ ਹੋ। ਇਹ ਦਿਨ ਅੱਜ ਤੁਹਾਡੇ ਪਾਰਟਨਰ ਨਾਲ ਰੋਮਾਂਟਿਕ ਪਾਸੇ ਦੇ ਭਰਪੂਰ ਪਹਿਲੂ ਦਿਖਾਵੇਗਾ।

**ਬ੍ਰਿਸ਼ਭ**: ਸਿਹਤ ਨਾਲ ਜੁੜੀ ਪਰੇਸ਼ਾਨੀਆਂ ਅਸਹਿਜਤਾ ਦਾ ਕਾਰਨ ਬਣ ਸਕਦੀ ਹੈ। ਖਰਚ ਵਿਚ ਹੋਇਆ ਅਪਰਵਤਨਸ਼ੀਲ ਵਾਧਾ ਤੁਹਾਡੇ ਮਨ ਦੀ ਸ਼ਾਤੀ ਨੂੰ ਭੰਗ ਕਰ ਸਕਦਾ ਹੈ। ਅਜਿਹੇ ਲੋਕਾਂ ਤੋਂ ਦੂਰ ਰਹੋ ਜਿਨਾਂ ਦੀਆਂ ਬੁਰੀਆਂ ਆਦਤਾਂ ਤੁਹਾਡੇ ਤੇ ਅਸਰ ਪਾ ਸਕਦੀਆਂ ਹਨ। ਸ਼ਾਮ ਦੇ ਲਈ ਕੋਈ ਖਾਸ ਯੋਜਨਾ ਬਣਾਉ ਅਤੇ ਕੋਸ਼ਿਸ਼ ਕਰੋ ਕਿ ਇਹ ਜਿਆਦਾ ਤੋਂ ਜਿਆਦਾ ਰੋਮਾਂਟਿਕ ਹੋਵੇ। ਕੁਝ ਲੋਕਾਂ ਦੇ ਲਈ ਕਾਰੋਬਾਰ ਅਤੇ ਸਿੱਖਿਆ ਲਾਭਦਾਇਕ ਹੋਵੇਗੀ। ਦੇਰ ਰਾਤ ਤੱਕ ਤੁਹਾਨੂੰ ਕਿਤੇ ਦੂਰ ਵਾਲੇ ਸਥਾਨ ਤੋਂ ਕੋਈ ਚੰਗੀ ਖਬਰ ਮਿਲ ਸਕਦੀ ਹੈ। ਇਹ ਦਿਨ ਅੱਜ ਤੁਹਾਡੇ ਪਾਰਟਨਰ ਨਾਲ ਰੋਮਾਂਟਿਕ ਪਾਸੇ ਦੇ ਭਰਪੂਰ ਪਹਿਲੂ ਦਿਖਾਵੇਗਾ।

**ਮਿਥੁਨ** : ਆਪਣੇ ਕੰਮ ਲਈ ਦੂਸਰਿਆਂ ਤੇ ਦਬਾਅ ਨਾ ਪਾਉ। ਦੂਜੇ ਲੋਕਾਂ ਦੀ ਇੱਛਾ ਅਤੇ ਦਿਲਚਸਪੀਆਂ ਤੇ ਵੀ ਧਿਆਨ ਦਿਉ ਇਸ ਨਾਲ ਤੁਹਾਨੂੰ ਦਿਲ ਦੀ ਖੁਸ਼ੀ ਹਾਸਿਲ ਹੋਵੇਗੀ। ਰੁਕਿਆ ਹੋਇਆ ਪੈਸਾ ਮਿਲੇਗਾ ਅਤੇ ਆਰਥਿਕ ਹਾਲਾਤ ਵਿਚ ਸੁਧਾਰ ਆਵੇਗਾ। ਦੋਸਤਾਂ ਦੇ ਨਾਲ ਸ਼ਾਮ ਨੂੰ ਘੁੰਮਣ ਬਾਹਰ ਜਾਉ ਇਸ ਤੋਂ ਤੁਹਾਨੂੰ ਬਹੁਤ ਲਾਭ ਹੋਵੇਗਾ। ਪਿਆਰ ਦੀਆਂ ਪੀੜਾਂ ਅੱਜ ਤੁਹਾਨੂੰ ਸੋਣ ਨਹੀਂ ਦੇਣਗੀਆਂ । ਆਪਣੇ ਆਪ ਨੂੰ ਧੋਖਾ ਦੇਣ ਤੋਂ ਬਚਾਉਣ ਲਈ ਕਾਰੋਬਾਰ ਵਿਚ ਚੌਕਸੀ ਰੱਖੋ। ਅੱਜ ਅਨੁਕੂਲ ਗ੍ਰਹਿ ਤੁਹਾਨੂੰ ਖੁਸ਼ ਮਹਿਸੂਸ ਕਰਨ ਦੇ ਬਹੁਤ ਸਾਰੇ ਕਾਰਨ ਲੈ ਕੇ ਆਉਣਗੇ। ਕਿਰਿਆਨੇ ਦੀ ਖਰੀਦਦਾਰੀ ਨੂੰ ਲੈ ਕੇ ਜੀਵਨਸਾਥੀ ਵਿਚਕਾਰ ਤਕਰਾਰ ਸੰਭਵ ਹੈ।



**ਕਰਕ** : ਬਾਹਰ ਦਾ ਅਤੇ ਖੁੱਲਾ ਖਾਣਾ ਖਾਉਂਦੇ ਸਮੇਂ ਖਾਸ ਤੌਰ ਤੇ ਬਚਾਅ ਧਿਆਨ ਦੇਣ ਦੀ ਲੋੜ ਹੈ ਹਾਲਾ ਕਿ ਬਿਨਾ ਵਜਾਹ ਤਣਾਅ ਨਾ ਲਵੋ ਕਿਉਂ ਕਿ ਇਹ ਤੁਹਾਨੂੰ ਮਾਨਸਿਕ ਕਸ਼ਟ ਦੇ ਸਕਦਾ ਹੈ। ਅੱਜ ਵਪਾਰ ਵਿਚ ਚੰਗਾ ਖਾਸਾ ਲਾਭ ਹੋਣ ਦੀ ਸੰਭਾਵਨਾ ਹੈ ਅੱਜ ਦੇ ਦਿਨ ਆਪਣੇ ਵਪਾਰ ਨੂੰ ਕੋਈਂ ਉਚਾਈਆਂ ਦੇ ਸਕਦਾ ਹੈ। ਗੁਆਂਡੀਆਂ ਨਾਲ ਤੁਹਾਡਾ ਝਗੜਾ ਤੁਹਾਡੀ ਮੂਡ ਖਰਾਬ ਕਰ ਸਕਦਾ ਹੈ ਪਰੰਤੂ ਇਨਾ ਗੁੱਸਾ ਨਾ ਹੋਵੋ ਕਿਉਂ ਕਿ ਇਸ ਨਾਲ ਅੱਗ ਹੋਰ ਭੜਕੇਗੀ। ਜੇਕਰ ਤੁਸੀ ਸਹਿਯੋਗ ਨਾ ਕਰੋ ਤਾਂ ਕੋਈ ਤੁਹਾਡੇ ਨਾਲ ਨਹੀਂ ਝਗੜ ਸਕਦਾ ਸਭ ਤੋਂ ਵਧੀਆ ਰਿਸ਼ਤਾ ਬਣਾਈ ਰੱਖਣ ਦੀ ਕੋਸ਼ਿਸ਼ ਕਰੋ। ਤੁਹਾਡੇ ਕਾਰਡਾਂ ਤੇ ਝੀਲ ਵਿਚ ਬਹੁਤ ਖੂਬਸੂਰਤ ਅਤੇ ਪਿਆਰੇ ਇਨਸਾਨ ਨੂੰ ਮਿਲਣ ਦੀ ਸੰਭਾਵਨਾ ਹੈ। ਅੱਜ ਦੇ ਦਿਨ ਕੰਮਕਾਰ ਵਿਚ ਵਾਤਾਵਰਣ ਮਾਹੌਲ ਵਧੀਆ ਬਣਿਆ ਰਹੇਗਾ। ਅੱਜ ਲੋਕ ਤੁਹਾਡੀ ਉਹ ਹੀ ਪ੍ਰਸੰਸਾ ਕਰਨਗੇ ਜਿਸ ਨੂੰ ਤੁਸੀ ਹਮੇਸ਼ਾ ਤੋਂ ਸੁਣਨਾ ਚਾਹੁੰਦੇ ਹੋ। ਤੁਸੀਂ ਜਾਣੋਗੇ ਕਿ ਤੁਹਾਡਾ ਜੀਵਨਸਾਥੀ ਸੱਚਮੁਚ ਫਰਿਸ਼ਤਾ ਹੈ ਸਾਡੇ ਤੋਂ ਵਿਸ਼ਵਾਸ਼ ਨਾ ਕਰੋ ਅੱਜ ਖੁਦ ਦੇਖੋ ਅਤੇ ਅਨੁਭਵ ਕਰੋ।

**ਸਿੰਘ**: ਸਿਹਤ ਨਾਲ ਜੁੜੀ ਪਰੇਸ਼ਾਨੀਆਂ ਅਸਹਿਜਤਾ ਦਾ ਕਾਰਨ ਬਣ ਸਕਦੀ ਹੈ। ਉਹ ਨਿਵੇਸ਼ ਯੋਜਨਾਵਾਂ ਜੋ ਤੁਹਾਨੂੰ ਆਕਰਸ਼ਿਤ ਕਰ ਰਹੀਆਂ ਹਨ ਉਨਾਂ ਦੇ ਬਾਰੇ ਵਿਚ ਗਹਿਰਾਈ ਨਾਲ ਜਾਣਨ ਦੀ ਕੋਸ਼ਿਸ਼ ਕਰੋ ਕੋਈ ਵੀ ਕਦਮ ਉਠਾਉਣ ਤੋਂ ਪਹਿਲਾਂ ਵਿਸ਼ੇਸ਼ ਦੀ ਸਲਾਹ ਲੈ ਲਵੋ। ਆਪਣੀ ਪਤਨੀ ਦੇ ਨਾਲ ਪਿਕਨਿਕ ਤੇ ਜਾਣ ਦਾ ਵਧੀਆ ਦਿਨ ਹੈ। ਇਹ ਨਾ ਕੇਵਲ ਤੁਹਾਡਾ ਮਨ ਹਲਕਾ ਕਰੇਗਾ ਬਲ ਕਿ ਤੁਹਾਡੇ ਦੋਨਾਂ ਵਿਚਕਾਰ ਮਤਭੇਦ ਦੂਰ ਕਰਨ ਵਿਚ ਮਦਦ ਕਰੇਗਾ। ਅੱਜ ਆਪਣਾ ਪ੍ਰੇਮੀ ਆਪਣੇ ਮਨੋਭਾਵਾਂ ਨੂੰ ਤਹਾਡੇ ਸਾਹਮਣੇ ਖੁੱਲ ਕੇ ਨਹੀਂ ਰੱਖ ਸਕੇਗਾ ਜਿਸ ਦੀ ਵਜਾਹ ਨਾਲ ਤੁਸੀ ਨਾਰਾਜ਼ ਹੋ ਸਕਦੇ ਹੋ। ਜੋ ਲੋਕ ਹੁਣ ਤੱਕ ਬੇਰੋਜ਼ਗਾਰ ਹਨ ਉਨਾਂ ਨੂੰ ਚੰਗੀ ਨੋਕਰੀ ਪਾਉਣ ਦੇ ਲਈ ਅੱਜ ਹੋਰ ਜਿਆਦਾ ਮਿਹਨਤ ਕਰਨ ਦੀ ਲੋੜ ਹੈ ਸਿਰਫ ਮਿਹਨਤ ਕਰਨ ਨਾਲ ਹੀ ਤੁਸੀ ਲੋੜੀਂਦਾ ਨਤੀਜਾ ਪ੍ਰਾਪਤ ਕਰੋਂਗੇ। ਅੱਜ ਵਿਦਿਆਰਥੀਆਂ ਨੂੰ ਆਪਣਾ ਕੰਮ ਕੱਲ੍ਹ ਤੱਕ ਮੁਲਤਵੀ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਆਪਣਾ ਕੰਮ ਖਾਲੀ ਸਮੇਂ ਵਿਚ ਪੂਰਾ ਕਰਨਾ ਚਾਹੀਦਾ ਹੈ ਇਹ ਤੁਹਾਡੇ ਲ਼ਈ ਲਾਭਕਾਰੀ ਸਿੱਧ ਹੋ ਸਕਦ ਹੈ। ਤੁਹਾਡਾ ਵਿਆਹੁਤ ਜੀਵਨ ਤੁਹਾਡੇ ਪਿਆਰ ਦੇ ਚਲਦੇ ਨਾਕਾਰਤਮਕ ਰੂਪ ਨਾਲ ਪ੍ਰਭਾਵਿਤ ਹੋ ਸਕਦਾ ਹੈ ਪਰੰਤੂ ਤੁਸੀ ਦੋਵੇਂ ਹੋਸ਼ਿਆਰੀ ਨਾਲ ਚੀਜਾਂ ਸੰਭਾਲ ਸਕਦੇ ਹੋ।

**ਕੰਨਿਆ**: ਤਨਾਵ ਨੂੰ ਨਜ਼ਰ ਅੰਦਾਜ਼ ਨਾ ਕਰੋ ਇਹ ਤੰਬਾਕੂ ਅਤੇ ਸ਼ਰਾਬ ਦੀ ਤਰਾਂ ਖਤਰਨਾਕ ਮਹਾਮਾਰੀ ਹੈ ਜੋ ਤੇਜ਼ੀ ਨਾਲ ਪੈਰ ਪਾਸਾਰ ਰਹੀ ਹੈ। ਅਤਿਰਿਕਿਤ ਉਮਰ ਦੇ ਲਈ ਆਪਣੇ ਸੁਜਨਾਤਮਕ ਵਿਚਾਰਾਂ ਦਾ ਲਉ। ਤੁਹਾਡੀ ਲਾਪਰਵਾਹ ਰਵੱਈਆ ਤੁਹਾਡੇ ਮਾਤਾ ਪਿਤਾ ਨੂੰ ਦੁਖੀ ਕਰ ਸਕਦਾ ਹੈ ਕੋਈ ਵੀ ਨਵੀਂ ਪਰਿਯੋਜਨਾ ਸ਼ੁਰੂ ਕਰਨ ਤੋਂ ਪਹਿਲਾਂ ਉਨਾਂ ਦੀ ਸਲਾਹ ਵੀ ਜਾਣ ਲਵੋ। ਪਿਆਰ ਦੀ ਤਾਕਤ ਤੁਹਾਨੂੰ ਪਿਆਰ ਕਰਨ ਦਾ ਕਾਰਨ ਦਿੰਦੀ ਹੈ। ਤੁਹਾਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਚੰਗਾ ਮੋਕਾ ਮਿਲੇਗਾ। ਕਈਂ ਕੰਮਾਂ ਨੂੰ ਛੱਡ ਕੇ ਤੁਸੀ ਅੱਜ ਆਪਣਾ ਪਸੰਦੀਦਾ ਕੰਮ ਕਰਨ ਦਾ ਮਨ ਬਣਾਉਂਗੇ ਪਰੰਤੂ ਕੰਮ ਦੀ ਅਧਿਕਤਾ ਹੋਣ ਕਾਰਨ ਤੁਸੀ ਅਜਿਹਾ ਨਹੀਂ ਕਰ ਪਾਵੋਂਗੇ। ਅੱਜ ਤੋਂ ਪਹਿਲਾਂ ਵਿਆਹਿਕ ਜ਼ਿੰਦਗੀ ਇੰਨੀ ਚੰਗੀ ਨਹੀ ਸੀ।

**ਤੁਲਾ**: ਤੁਹਾਡੀ ਸਮੱਸਿਆਵਾਂ ਅੱਜ ਤੁਹਾਡੇ ਮਾਨਸਿਕ ਸੁੱਖ ਨੂੰ ਖਤਮ ਕਰ ਸਕਦੀਆਂ ਹਨ। ਖਰਚਿਆਂ ਨੂੰ ਕਾਬੂ ਵਿਚ ਰੱਖਣ ਦੀ ਕੋਸ਼ਿਸ਼ ਕਰੋ ਅਤੇ ਸਿਰਫ ਜ਼ਰੂਰੀ ਵਸਤਾਂ ਹੀ ਖਰੀਦੋ ਬਚਿਆਂ ਦਾ ਪੜ੍ਹਾਈ ਤੇ ਧਿਆਨ ਲਗਾਉਣ ਅਤੇ ਭਵਿੱਖ ਦੇ ਲਈ ਯਜਨਾ ਬਣਾਉਣ ਦੀ ਲੋੜ ਹੈ। ਪਿਆਰ ਤੋਂ ਬਗੈਰ ਆਪਣੇ ਸਮੇਂ ਨੂੰ ਮਾਰਨਾ ਮੁਸ਼ਕਿਲ ਹੈ। ਤੁਹਾਡੇ ਆਤਮਵਿਸ਼ਵਾਸ਼ ਵਿਚ ਵਾਧਾ ਹੋ ਰਿਹਾ ਹੈ ਅਤੇ ਤਰੱਕੀ ਸਾਫ ਨਜ਼ਰ ਆ ਰਹੀ ਹੈ। ਸਮਾਜਿਕ ਧਾਰਮਿਕ ਸਮਾਗਮਾਂ ਲਈ ਬੇਹਤਰੀਨ ਦਿਨ ਹੈ। ਤੁਹਾਡੇ ਜੀਵਨਸਾਥੀ ਦੇ ਨਾਲ ਦਿਨ ਵਿਚ ਵਾਦ ਵਿਵਾਦ ਹੋਣ ਸੰਭਵ ਹੈ ਪਰੰਤੂ ਸ਼ਾਮ ਦੇ ਖਾਣੇ ਤੇ ਸਭ ਚੀਜਾਂ ਸੁਲਝ ਜਾਣਗੀਆਂ।

**ਬ੍ਰਿਸ਼ਚਕ** : ਚੋਕੰਨੇ ਰਹੋ ਕਿਉਂ ਕਿ ਕੋਈ ਤੁਹਾਨੂੰ ਬਲੀ ਦਾ ਬੱਕਰਾ ਬਣਾ ਸਕਦਾ ਹੈ ਤਣਾਅ ਅਤੇ ਚਿੰਤਾ ਵਿਚ ਵਾਧਾ ਸੰਭਵ ਹੈ। ਉਧਾਰ ਮੰਗਣ ਵਾਲੇ ਲੋਕਾਂ ਨੂੰ ਨਜ਼ਰਅੰਦਾਜ਼ ਕਰੋ। ਉਸ ਰਿਸ਼ਤੇਦਾਰ ਨੂੰ ਮਿਲੋ ਜਿਸ ਦੀ ਸਿਹਤ ਕਾਫੀ ਸਮੇਂ ਤੋਂ ਖਰਾਬ ਹੈ। ਤੁਹਾਡਾ ਮਹਿਬੂਬ ਸਾਰਾ ਦਿਨ ਤੁਹਾਨੂੰ ਬੁਰੀ ਤਰਾਂ ਨਾਲ ਯਾਦ ਕਰ ਕਰ ਰਿਹਾ ਹੈ ਇਕ ਯੋਜਨਾ ਬਣਾਉ ਅਤੇ ਇਸ ਨੂੰ ਆਪਣੇ ਜੀਵਨ ਦਾ ਇਕ ਵਧੀਆ ਦਿਨ ਬਣਾਉ। ਕੰਮਕਾਰ ਵਿਚ ਤੁਹਾਨੂੰ ਕੁਝ ਵਧੀਆ ਚੀਜ ਜਾਂ ਖਬਰ ਦੇ ਸਕਦਾ ਹੈ। ਆਪਣਾ ਸਮਾਂ ਅਤੇ ਤਾਕਤ ਦੂਜਿਆਂ ਦੀ ਮਦਦ ਕਰਨ ਤੇ ਅਰਪਣ ਕਰੋ ਪਰੰਤੂ ਅਜਿਹੇ ਮਾਮਲੇ ਵਿਚ ਸ਼ਾਮਲ ਹੋਣ ਤੋਂ ਬਚੋ ਜਿਨਾਂ ਨਾਲ ਤੁਹਾਡੀ ਕੋਈ ਲੈਣ ਦੇਣ ਨਹੀਂ ਹੈ। ਤੁਹਾਡੀ ਵਿਆਹੁਤਾ ਜ਼ਿੰਦਗੀ ਵਿਚ ਕਈਂ ਉਤਰਾਅ ਚੜਾਅ ਦੇ ਬਾਅਦ ਅੱਜ ਇਕ ਦੂਜੇ ਲਈ ਆਪਣੇ ਪਿਆਰ ਦੀ ਕਦਰ ਕਰਨ ਦਾ ਸੁਨਹਿਰੀ ਦਿਨ ਹੈ।

**ਧਨੂੰ**: ਕਾਨੂੰਨੀ ਮਾਮਲਿਆਂ ਦੀ ਵਜਾਹ ਨਾਲ ਤਨਾਵ ਮੁਮਕਿਨ ਹੈ। ਹਾਲਾਂਕਿ ਪੈਸਾ ਤੁਹਾਡੀ ਉਂਗਲੀਆਂ ਵਿਚੋਂ ਆਸਾਨੀ ਨਾਲ ਫਿਸਲ ਜਾਵੇਗਾ ਪਰੰਤੂ ਤੁਹਾਡੇ ਚੰਗੇ ਸਿਤਾਰੇ ਤੰਗੀ ਨਹੀਂ ਆਉਣ ਦੇਣਗੇ। ਬੱਚੇ ਤੁਹਾਡੇ ਘਰੇਲੂ ਕੰਮ ਕਾਰ ਨਿਪਟਾਉਣ ਵਿਚ ਮਦਦ ਕਰਨਗੇ। ਸੈਕਸ ਅਪੀਲ ਲੋੜੀਦਾ ਨਤੀਜਾ ਦਿੰਦੀ ਹੈ। ਆਪਣੀ ਕੰਮ ਦੀ ਕੁਸ਼ਲਤਾ ਵਧਾਉਣ ਦੇ ਲਈ ਨਵੀਂ ਤਕਨੀਕਾਂ ਦਾ ਸਹਾਰਾ ਲਉ। ਤੁਹਾਡੀ ਸ਼ੈਲੀ ਅਤੇ ਕੰਮ ਕਰਨ ਦਾ ਨਵਾਂ ਅੰਦਾਜ਼ ਉਨਾਂ ਲੋਕਾਂ ਵਿਚ ਦਿਲਚਸਪੀ ਪੈਦਾ ਕਰੇਗਾ। ਜੋ ਤੁਹਾਡੇ ਤੇ ਨੇੜੇ ਤੋਂ ਧਿਆਨ ਰੱਖਦੇ ਹਨ। ਲੋੜਵੰਦਾਂ ਦੀ ਸਹਾਇਤਾ ਕਰਨ ਦੀ ਤੁਹਾਡੀ ਯੋਗਤਾ ਤੁਹਾਡੇ ਲਈ ਸਤਿਕਾਰ ਲਿਆਵੇਗੀ। ਤੁਸੀ ਅਤੇ ਤੁਹਾਡਾ ਜੀਵਨਸਾਥੀ ਮਿਲਕੇ ਵਿਵਾਹਿਕ ਜੀਵਨ ਬੇਹਤਰੀਨ ਯਾਦਾਂ ਰਚੋਂਗੇ।

**ਮਕਰ** : ਬਹੁਤ ਜ਼ਿਆਦਾ ਕੰਮ ਕਰਨ ਤੋਂ ਬਚੋ ਕਿਉਂ ਕਿ ਇਹ ਤੁਹਾਨੂੰ ਤਨਾਵ ਅਤੇ ਥਕਾਵਟ ਦੇਵੇਗਾ। ਨਾਉਮੀਦ ਲਾਭ ਅਤੇ ਸੱਟੇਬਾਜ਼ੀ ਦੀ ਜ਼ਰੀਏ ਆਰਥਿਕ ਹਾਲਾਤ ਵਧਣਗੇ। ਰਿਸ਼ਤੇਦਾਰਾਂ ਦੇ ਨਾਲ ਛੋਟੀ ਯਾਤਰਾ ਤੁਹਾਡੇ ਭੱਜਦੋੜ ਭਰੇ ਦਿਨ ਵਿਚ ਆਰਾਮ ਅਤੇ ਸਕੂਨ ਦੇਣ ਵਾਲੀ ਸਾਬਿਤ ਹੋਵੇਗੀ। ਅੱਜ ਤੁਸੀ ਆਪਣੇ ਪਿਆਰ ਨਾਲ ਕਿਤੇ ਘੁੰਮਣ ਦੀ ਯੋਜਨਾ ਬਣਾਉਂਗੇ ਪਰੰਤੂ ਕਿਸੇ ਜਰੂਰੀ ਕੰਮ ਦੇ ਆਉਣ ਦੀ ਵਜਾਹ ਨਾਲ ਇਹ ਯੋਜਨਾ ਨਹੀਂ ਹੋ ਪਾਵੇਗੀ ਜਿਸ ਦੀ ਵਜਾਹ ਨਾਲ ਤੁਹਾਡੇ ਦੋਵਾਂ ਵਿਚ ਕਹਿਸੁਣੀ ਹੋ ਸਕਦੀ ਹੈ। ਕੰਮ ਕਾਰ ਵਿਚ ਤੁਹਾਡੇ ਦੁਸ਼ਮਨ ਵੀ ਅੱਜ ਤੁਹਾਡੇ ਦੋਸਤ ਬਣ ਸਕਦੇ ਹਨ। ਦਿਨ ਨੂੰ ਕਿਸ ਤਰਾਂ ਚੰਗਾ ਬਣਾਇਆ ਜਾਵੇ ਇਸ ਦੇ ਲਈ ਤੁਹਾਨੂੰ ਵੀ ਆਪਣੇ ਵਿਅਸਤ ਸਮੇ ਵਿਚੋਂ ਸਮਾਂ ਕੱਢਣਾ ਪਵੇਗਾ। ਤੁਹਾਡਾ ਜੀਵਨਸਾਥੀ ਅੱਜ ਸੱਚਮੁਚ ਵਧੀਆ ਮੂਡ ਵਿਚ ਹੈ। ਤੁਹਾਨੂੰ ਵਧੀਆ ਤੋਹਫਾ ਦੇ ਸਕਦਾ ਹੈ।

**ਕੁੰਭ**: ਕਿਸਮਤ ਦੇ ਭਰੋਸੇ ਨਾ ਬੈਠੋ ਅਤੇ ਆਪਣੀ ਸਿਹਤ ਸੁਧਾਰਨ ਦੇ ਲਈ ਖੁਦ ਮਿਹਨਤ ਕਰੋ ਕਿਉਂ ਕਿ ਹੱਥ ਤੇ ਹੱਥ ਧਰੇ ਬੈਠਿਆਂ ਕੁਝ ਨਹੀਂ ਹੋਣ ਵਾਲਾ। ਹੁਣ ਵਕਤ ਆ ਗਿਆ ਹੈ ਕਿ ਆਪਣਾ ਵਜ਼ਨ ਕਾਬੂ ਵਿਚ ਰੱਖੋ ਅਤੇ ਤਦੰਰੁਸਤ ਰਹਿਣ ਦੇ ਲਈ ਨਿਯਮਿਤ ਕਸਰਤ ਦਾ ਸਹਾਰਾ ਲਉ। ਅੱਜ ਤੁਸੀ ਬਿਨਾ ਕਿਸੇ ਸਹਾਇਤਾ ਅਤੇ ਸਮਰੱਥਾ ਦੇ ਪੈਸਾ ਕਮਾਉਣ ਦੇ ਯੋਗ ਹੋਵੋਂਗੇ। ਵਧੀਆ ਦਿਨ ਹੈ ਜਦੋ ਤੁਸੀ ਸਭ ਦੇ ਧਿਆਨ ਨੂੰ ਆਪਣੀ ਤਰਫ ਖਿੱਚੋਂਗੇ ਤੁਹਾਡੇ ਸਾਹਮਣੇ ਚੁਣਨ ਦੇ ਲਈ ਕਈਂ ਚੀਜਾਂ ਹੋਣਗੀਆਂ ਅਤੇ ਸਮੱਸਿਆ ਇਹ ਹੋਵੇਗੀ ਕਿ ਕਿਸ ਨੂੰ ਪਹਿਲਾਂ ਚੁਣਿਆ ਜਾਵੇ। ਜਦੋਂ ਤੁਸੀ ਆਪਣੇ ਪਿਆਰ ਦੇ ਨਾਲ ਬਾਹਰ ਜਾਵੋਂ ਤਾਂ ਆਪਣੀ ਦਿਖ ਅਤੇ ਵਿਵਹਾਰ ਵਿਚ ਅਸਲੀ ਬਣੋ। ਅੱਜ ਤੁਸੀ ਆਪਣੀ ਕਮਾਈ ਦੀ ਸ਼ਕਤੀ ਨੂੰ ਕਿਵੇਂ ਵਧਾਉਣਾ ਹੈ ਇਸ ਬਾਰੇ ਤੁਹਾਡੇ ਕੋਲ ਸਹਿਜਤਾ ਅਤੇ ਗਿਆਨ ਹੋਵੇਗਾ। ਘਰੇਲੂ ਕੰਮਾਂ ਨੂੰ ਪੂਰਾ ਕਰਨ ਤੋਂ ਬਾਅਦ ਇਸ ਰਾਸ਼ੀ ਦੀਆਂ ਔਰਤਾਂ ਟੀਵੀ ਜਾਂ ਫਿਲਮ ਦੇਖ ਸਕਦੀਆਂ ਹਨ ਜਾਂ ਖਾਲੀ ਸਮੇਂ ਵਿਚ ਆਪਣੇ ਮੋਬਾਇਲ ਫੋਨ ਵਿਚ ਰੁਝ ਸਕਦੀਆਂ ਹਨ। ਅੱਜ ਤੁਹਾਡੀ ਵਿਆਹੁਤਾ ਜ਼ਿੰਦਗੀ ਵਿਚ ਸਭ ਕੁਝ ਖੁਸ਼ਹਾਲ ਲਗਦਾ ਹੈ।

**ਮੀਨ**: ਦੋਸਤਾਂ ਦੇ ਨਾਲ ਸ਼ਾਮ ਵਧੀਆ ਰਹੇਗੀ ਪਰੰਤੂ ਜ਼ਿਆਦਾ ਖਾਣ ਤੋਂ ਬਚੋ ਕਿਉਂ ਕਿ ਇਹ ਤੁਹਾਡੀ ਅਗਲੀ ਸਵੇਰ ਖਰਾਬ ਕਰ ਸਕਦਾ ਹੈ। ਅੱਜ ਤੁਸੀ ਆਸਾਨੀ ਨਾਲ ਪੂੰਜੀ ਇਕੱਠਾ ਕਰ ਸਕਦੇ ਹੋ ਲੋਕਾਂ ਨੂੰ ਦਿੱਤੇ ਪੁਰਾਣੇ ਕਰਜ ਵਾਪਿਸ ਮਿਲ ਸਕਦੇ ਹਨ ਜਾਂ ਫਿਰ ਕਿਸੇ ਨਵੀਂ ਯੋਜਨਾ ਤੇ ਲਗਾਉਣ ਲਈ ਪੈਸਾ ਦੇ ਸਕਦੇ ਹੋ। ਅਜਿਹਾ ਲਗਦਾ ਹੈ ਕਿ ਪਰਿਵਾਰਿਕ ਮੋਰਚਿਆਂ ਤੇ ਤੁਸੀ ਜ਼ਿਆਦਾ ਖੁਸ਼ ਨਹੀਂ ਹੋ ਅਤੇ ਕੁਝ ਅੜਚਣਾ ਦਾ ਸਾਹਮਣਾ ਕਰ ਰਹੇ ਹੋ। ਸਾਵਧਾਨ ਰਹੋ ਤੁਹਾਡੇ ਨਾਲ ਕੋਈ ਛੇੜਖਾਨੀ ਕਰ ਸਕਦਾ ਹੈ। ਲੇਖਕ ਅਤੇ ਮੀਡੀਆ ਵਿਅਕਤੀ ਪ੍ਰਮੁੱਖ ਮਾਨਤਾ ਦੀ ਉਮੀਦ ਕਰ ਸਕਦੇ ਹਨ। ਅੱਜ ਤੁਸੀ ਆਪਣਾ ਦਿਨ ਸਾਰੇ ਰਿਸ਼ਤੇਦਾਰਾਂ ਤੋਂ ਦੂਰ ਇਕ ਸ਼ਾਤ ਸਥਾਨ ਤੇ ਬਿਤਾਉਣਾ ਪਸੰਦ ਕਰੋਂਗੇ। ਖਰਾਬ ਮਿਜ਼ਾਜ ਦੇ ਚਲਦੇ ਤੁਸੀ ਮਹਿਸੂਸ ਕਰ ਸਕਦੇ ਹੋ ਕਿ ਤੁਹਾਡੇ ਜੀਵਨ ਸਾਥੀ ਦਾ ਮੂਡ ਆਫ ਹੈ।

# ਬਿਰਹਾ ਕੱਤਦੀ ਰਿਸ਼ਮ ਪਰਮਜੀਤ ਦਿਓਲ ਦਾ ਕਾਵਿ







ਪਰਮਜੀਤ ਦਿਓਲ ਕਵਿਤਾ ਕੋਲ ਆ ਕੇਦਿਓਲ ਪਰਮਜੀਤ ਹੋਜਾਂਦੀ ਹੈ। ਉਂਝ ਉਹ ਜਦੋਂਵੀ ਮਿਲਦੀ ਹੈ, ਛੋਟੀ ਭੈਣ ਨੂੰ ਮਿਲਣ ਵਰਗਾ ਅਹਿਸਾਸ ਹੁੰਦਾ ਹੈ। ਉਹ ਕਵਿਤਰੀ ਤਾਂ ਹੈਈ, ਕਲਾਕਾਰ ਵੀ ਹੈ। ਨਾਟਕਾਂ 'ਚ ਆਪਣੇ ਸੁਭਾਅ ਵਰਗੀ ਭੂਮਿਕਾ ਨਿਭਾਉਂਦੀ ਕੁਝ ਪੰਜਾਬੀ ਫਿਲਮਾਂ ਵਿਚ ਵੀ ਦਿਖਾਈ ਦਿੱਤੀ ਹੈ। ਬੱਚੇਵੀ ਕਲਾਕਾਰ ਹਨ। ਘਰ ਦਾ ਮਹੌਲ ਕਾਵਿਕ ਹੈ। ਰੰਗਮੰਚ ਨਾਲ਼ ਜੁੜੀ ਉਹ ਨਾਟਕਕਾਰਾਂ ਦਾ ਸਤਿਕਾਰ ਤੇ ਸਨਮਾਨ ਕਰਨਾ ਵੀ ਜਾਣਦੀ ਹੈ। ਪੰਜਾਬ ਤੋਂ ਬਰੈਂਪਟਨ ਆਏ ਨਾਟਕਕਾਰਾਂ ਦਾ ਸਵਾਗਤ ਉਹ ਅੱਗਲ਼ਵਾਂਢੇ ਹੋ ਕੇ ਕਰਦੀ ਹੈ। ਕਵਿਤਰੀ ਤਾਂ ਉਹ ਹੈਈ, ਕਾਵਿ ਸੰਸਾਰ ਨਾਲ਼ ਸਾਂਝ ਗੰਢਣੀ ਵੀ ਜਾਣਦੀ ਹੈ। ਉਂਝ ਇਹ ਹੁਨਰ ਕਈ ਹੋਰਾਂ ਕੋਲ਼ ਵੀ ਹੈ, ਪਰ ਉਨ੍ਹਾਂ ਕੋਲ਼ ਕਵਿਤਾ ਨਹੀਂ ਹੈ। ਇਥੇ ਬਰੈਂਪਟਨ (ਕੈਨੇਡਾ) ਵਿਚ ਅਪਣੀ ਹੋਂਦ ਦੀ ਪਛਾਣ ਬਣਾਈ ਰੱਖਣ ਲਈ ਇੱਕ ਪੰਜਾਬੀ ਲੇਖਕ ਨੂੰ ਤਰੱਦਦ ਕਰਨਾ ਪੈਂਦਾ ਹੈ। ਪਰਮਜੀਤ ਨੇ ਅਪਣੀ ਪਛਾਣ ਬਣਾਈ ਹੈ ਤੇ ਉਸਦੀ ਕਵਿਤਾ ਨੇ ਵੀ। ਉਸਦੀ ਪਹਿਲੀ ਕਾਵਿ-ਪੋਥੀ ਸਾਹਾਂ ਦੀ ਪੱਤਰੀ ਤੋਂ ਬਾਅਦ 'ਮੈਂ ਇੱਕ ਰਿਸ਼ਮ' ਸੰਨ 2015 ਵਿਚ ਛਪਦੀ ਹੈ। ਛੋਟੀਆਂ ਕਵਿਤਾਵਾਂ ਵਾਲੀ ਇਸ ਪੁਸਤਕ ਵਿੱਚ ਵੱਡੇਤੇ ਗਹਿਰੇ ਖ਼ਿਆਲ ਹਨ। ਇਨ੍ਹਾਂ ਕਵਿਤਾਵਾਂ ਵਿਚ ਕਣ ਹੈ, ਦਾਰਸ਼ਨਿਕਤਾ ਹੈ, ਭਾਵ ਹੈਤੇਸਰਲ ਭਾਸ਼ਾ 'ਚ ਗਹਿਰੇ ਵਿਚਾਰ ਹਨ। ਇਹ ਕਵਿਤਾਵਾਂ ਪਾਠਕ ਨੂੰ ਆਪਣੇ ਕੋਲ਼ ਰੋਕਦੀਆਂ ਹਨ, ਸੰਵਾਦ ਰਚਾਉਂਦੀਆਂ ਹਨ ਤੇ ਪਾਠਕ ਦੇ ਮੂੰਹੋਂ ਆਪ-ਮੁਹਾਰੇਵਾਹ ਨਿਕਲਦੀ ਹੈ। ਉਹ ਆਪਣੇ ਆਪ ਨਾਲ਼ ਸੰਵਾਦ ਰਚਾਉਂਦੀ ਅਪਣੀ ਮੈਂ ਤੋਂ ਮੁਕਤ ਹੋਣਾ ਲੋਚਦੀ ਹੈ :

ਮੈਂ ਕੁਝ ਵੀ ਨਹੀਂ ਹਾਂ/ ਬੱਸ ਖੋਲਦੇ ਸਮੁੰਦਰ
ਦੇ ਪਾਣੀਆਂ 'ਚ ਨਿੱਕੀ ਜਿਹੀ ਮੱਛਲੀ ਹਾਂ
ਮੈਂ 'ਮੈਂ' ਤੋਂ ਮੁਕਤ ਹੋਣਾ ਲੋਚਦੀ.......

ਕਵਿਤਾ ਦੀ ਸਿਰਜਣਾ ਉਸ ਲਈ ਨਵ-ਜਨਮਿਆਂ ਬਾਲ ਹੈ ਜਿਸ ਦਾ ਅਹਿਸਾਸ ਉਸਨੂੰ ਮਾਂ ਬਣੀ ਔਰਤ ਦੇ ਅਹਿਸਾਸ ਤੱਕ ਲੈ ਜਾਂਦਾ ਹੈ। 'ਕੁੱਖ ਹਰੀ ਹੁੰਦੀ ਤਾਂ ਕਿੰਨਾ ਚਾਅ ਹੁੰਦਾ ਮਾਂ....ਨੂੰ'। ਉਸਦੀਆਂ ਕਵਿਤਾਵਾਂ ਮਹਿਬੂਬ ਦੀ ਯਾਦ ਦੇ ਮੱਠੇ ਮੱਠੇ ਸੇਕ 'ਤੇਪੱਕਦੀਆਂ ਹਨ। ਇਹਨਾਂ ਕਵਿਤਾਵਾਂ ਵਿਚਲੀ ਵਿਚਾਰਸ਼ੀਲਤਾ ਬਹੁ-ਪਰਤੀ ਹੈ। ਉਸ ਦੀ ਕਵਿਤਾ ਅੰਬਰ ਤੇ ਧਰਤ ਦੀ ਬੁੱਕਲ ਵਿਚ ਬੈਠੀ ਤਰਲਤਾ ਹੈ। ਮੁਹੱਬਤ ਦਾ ਅਹਿਸਾਸ ਉਸ ਕੋਲ਼ ਸੂਖ਼ਮ ਬਿੰਬਾਂ 'ਚ ਪਰੋਇਆ ਮਹੀਨ ਕਾਵਿ ਬਣ ਆਉਂਦਾ ਹੈ:

ਤੇਰੀਆਂ ਲਹਿਰਾਂ ਨੇ ਛੋਹ ਲਿਆ
ਕਿਨਾਰਿਆਂ 'ਤੇ ਵਿਛੀ ਰੇਤ ਨੂੰ
ਤੇ ਮੈਂ ਜਿਉਣ ਜੋਗੀ ਹੋ ਗਈ

ਮੁਹੱਬਤ ਦੇ ਅਹਿਸਾਸ ਨੂੰ ਸਿਰਜਦੀਆਂ ਬਹੁਤ ਸਾਰੀਆਂ ਨਜ਼ਮਾਂ ਹਨ ਇਸ ਪੁਸਤਕ ਵਿਚ। ਪਰ ਹਰ ਨਜ਼ਮ ਵੱਖਰਾ ਦ੍ਰਿਸ਼ ਸਿਰਜਦੀ ਹੈ, ਵੱਖਰੇ ਅਨੁਭਵ ਦੀ ਬਾਤ ਪਾਉਂਦੀ ਅਸਲੋਂ ਵੱਖਰੀਆਂ ਪੈੜਾਂ ਦੇ ਨਕਸ਼ ਉਲੀਕ ਦੀ ਹੈ। ਇਹ ਕਵਿਤਾਵਾਂ ਫੁਰਨਿਆਂ ਵਰਗੀਆਂ ਹਨ, ਜ਼ਿੰਦਗੀ ਦੇ ਕਿਸੇ ਵੀ ਛਿਣ ਹੋਏ ਇਲਹਾਮ ਨੂੰ ਸ਼ਬਦਾਂ ਵਿਚ ਸਾਂਭਿਆ ਖਿਆਲ। ਇਹ ਨਜ਼ਮਾਂ ਘੜੀਆਂ ਨਹੀਂ ਗਈਆਂ, ਸਿਰਜੀਆਂ ਗਈਆਂ ਹਨ। ਕਵਿਤਾ, ਤਰਲਤਾ, ਜੀਵਨ, ਝੌਲ਼ਾ, ਖਿੱਚ, ਬਦਲਾਵ, ਯਾਦ, ਆਹਟ, ਇੰਤਜ਼ਾਰ, ਭੇਦ, ਝੀਲ ਵਰਗੀ, ਚੁੱਪ, ਰੰਗ ਆਦਿ ਇਸ ਅਨੁਭਵ ਦੀਆਂ ਕਵਿਤਾਵਾਂ ਹਨ। ਕੁਝ ਕਵਿਤਾਵਾਂ ਵਿਚ ਸਦੀਵੀ ਸੱਚ ਸਿਰਜਦੀਆਂ ਸਤਰਾਂ ਵੀ ਪੜ੍ਹਨ ਨੂੰ ਮਿਲਦੀਆਂ ਹਨ:

ਢਲਦੇ ਸੂਰਜ ਨੂੰ ਸਿਰ ਨਿਵਾਇਆ
ਉਸ ਚੜ੍ਹਦੇ ਸੂਰਜ ਵਰਗੀ ਅਸੀਸ ਦਿੱਤੀ
ਪੈਰ ਦੀ ਜੁੱਤੀ ਦੀ ਆਪਣੀ ਸਪੇਸ ਹੁੰਦੀ
ਤੂੰ ਮੁਸਾਫ਼ਰ ਤਾਂ ਬਣ, ਮੈਂ ਰਸਤਾ ਬਣ ਜਾਵਾਂਗੀ
ਮੈਂ ਅੱਜ ਵੀ ਉਹ ਦੇ ਬੁੱਲਾਂ 'ਚੋਂ ਕਿਰਦੀ ਨਜ਼ਮ ਦੀ ਉਡੀਕ 'ਚ ਹਾਂ

ਮਾਂ, ਝਰੋਖਾ, ਰੀਝ, ਮਾਂ ਬਾਰੇ ਕਵਿਤਾਵਾਂ ਹਨ। ਇਹਨਾਂ ਕਵਿਤਾਵਾਂ ਵਿਚ ਮਾਂ ਸਾਹਮਣੇ ਚੌਂਕੇ'ਚ ਬੈਠੀ ਹੈ ਤੇ ਚੌਂਕਾ ਕਵੀ ਦੇਅੰਦਰ। ਇਸੇ ਕਰਕੇ ਇਹ ਦੁਨੀਆਂ ਦੀ ਹਰ ਮਾਂ ਦੀ ਗੱਲ ਕਰਦੀਆਂ ਕਵਿਤਾਵਾਂ ਹਨ। ਇਸ ਕਿਤਾਬ ਦੇ ਟਾਈਟਲ ਵਾਲ਼ੀ ਕਵਿਤਾ 'ਮੈਂ ਇੱਕ ਰਿਸ਼ਮ' ਅਤੇ ਇਸ ਤੋਂਬਾਅਦ ਵਾਲੀਆਂ ਕਵਿਤਾਵਾਂ ਦੀ ਸੁਰ ਵੱਖਰੀ ਹੈ। ਇਹ ਪ੍ਰਗਤੀਵਾਦੀ ਦੌਰ ਦੀਆਂ ਕਵਿਤਾਵਾਂ ਦੇ ਨੇੜੇ ਜਾ ਖਲੋਂਦੀਆਂ ਹਨ। ਮੈਂ ਇੱਕ ਰਿਸ਼ਮ ਕਵਿਤਾ ਦੀ ਪਹਿਲੀ ਸਤਰ ਕਿ ਮੈਂਬਹੁਤ ਕੁਝ ਕਰ ਸਕਦੀ ਹਾਂ, ਸੱਤਾ ਨਾਲ਼ ਟਕਰਾਉਂਦੇ ਇਰਾਦੇ ਦੀ ਦੱਸ ਪਾਉਂਦੀ ਹੈ। ਸਵੈਸੰਵਾਦ ਜਿੰਨ੍ਹਾਂ ਦੋ ਪਾਤਰਾਂ ਵਿਚਕਾਰ ਹੈ, ਉਹ ਇਕੋ ਪਾਤਰ ਦੇ ਅੰਦਰ ਤੇ ਬਾਹਰ ਨਾਲ ਸੰਵਾਦ ਹੈ। ਸ਼ੇਰ ਮਾਹੀ ਕਵਿਤਾ ਵਿਚ ਉਡਦੇ ਬਾਜ਼ਾਂ ਦਾ ਜ਼ਿਕਰ ਪਾਸ਼ ਕਾਵਿ ਤੱਕ ਜਾਂਦਾ ਹੈ। ਰਾਜੇ ਸ਼ੀਂਹ, ਜ਼ਰੂਰੀ ਨਹੀਂ ਹੁੰਦਾ, ਜ਼ੁਲਮਜ਼ੁ, ਸੱਚ-ਝੂਠ, ਤਾਂਘ, ਲਾ-ਪਤਾ, ਪਰਛਾਵੇਂ ਆਦਿ ਕਵਿਤਾਵਾਂ ਇਸੇ ਸੁਰ ਦੀਆਂ ਹਨ। ਜਿੱਥੋਂ ਤੱਕ ਪਰਮਜੀਤ ਦਿਓਲ ਦੀ ਸਿਰਜਣ ਪ੍ਰਕਿਰਿਆ ਦਾ ਸਬੰਧ ਹੈ, ਉਸਦੀ ਗੱਲ 'ਭਾਲ' ਕਵਿਤਾ ਖੁੱਲ ਕੇ ਕਰਦੀ ਹੈ

ਮੇਰੇ ਕੋਲ਼ ਖ਼ਿਆਲ ਹੈ ਤੇ ਅੱਖਰ ਉਸਨੂੰ ਲਿਖ ਦਿੰਦੇ
ਮੈਂ ਕਵਿਤਾ ਨਹੀਂ ਲਿਖਦੀ, ਮੈਂ ਤਾਂ ਸ਼ਬਦਾਂ ਨੂੰ
ਕੁੱਛੜ ਚੁੱਕ ਖਿਡਾਉਂਦੀ ਫਿਰਦੀ ਹਾਂ

ਤੇਜੇ ਦਿਓਲ ਦੀ ਸਿਰਜਣਾ ਬਾਰੇ ਹੋਰ ਗੱਲ ਕਰਨੀ ਹੋਵੇਤਾਂ ਇਸ ਸੰਗ੍ਰਹਿ ਦੀ ਆਖ਼ਰੀ ਨਜ਼ਮ ਪੜ੍ਹ ਸਕਦੇ ਹਾਂ

ਆਹ ਲੈ ਫੜ ਮੇਰੀਆਂ ਨਜ਼ਮਾਂ
ਐਵੇਂ ਨਾ ਖ਼ਰਲ-ਖੂੰਜੇ ਸੁੱਟੀਂ
ਕਿਤੇ ਸਲਾਭਿਆਂ ਦੀ ਮਾਰ ਨਾਲ਼ ਗਲ਼ ਸੜ ਜਾਣ
ਜਾਂ ਅਲਮਾਰੀਆਂ 'ਚ ਪਈਆਂ ਦੰਮ ਤੋੜ ਜਾਣ
ਨਜ਼ਮਾਂ ਸੰਵਾਦ ਰਚਾਉਣਾ ਹੈ ਤੇਰੇ ਨਾਲ਼

ਇਸ ਪੁਸਤਕ ਵਿਚ ਕੁਝ ਹੋਰ ਜ਼ਿਕਰਯੋਗ ਕਵਿਤਾਵਾਂ ਵੀ ਹਨ ਜਿੰਨ੍ਹਾਂ ਵਿਚ ਮਾਨਵੀ ਕਦਰਾਂ ਕੀਮਤਾਂ ਦੀ ਗੱਲ ਕਰਦੇਹੋਰ ਵੀ ਬਹੁਤ ਸਾਰੇ ਵਿਸ਼ੇ ਛੋਹੇ ਗਏ ਹਨ। ਸਮਿਆਂ ਦੇ ਹਾਣੀ, ਵੰਗਾਂ, ਰਜਾਈ, ਆਵਾਗਮਨ, ਪਲ, ਡਰ, ਚੰਗਿਆੜੀ, ਘਰ, ਚਿੜੀ, ਲੂਣ, ਬੂਹੇ, ਉਡਾਣ, ਸ਼ਬਦ, ਕਿਰਸਾਣੀ, ਧੂੰਆਂ, ਭਰਮ, ਕੁਦਰਤ, ਜੰਗਲ, ਦੇਵਦਾਸੀ, ਦਸਤੂਰ, ਕੁੜੀ, ਕੰਧਾਂ, ਸਮਾਧੀ, ਚਾਨਣ, ਚੁੱਪ, ਆਵਾਜ਼ਾਂ, ਰਿਜਕ, ਸਿਰਜਣਾ ਨਜ਼ਰੀਆਂ, ਸੰਪੂਰਣਤਾ ਆਦਿ ਕਵਿਤਾਵਾਂ ਸ਼ਾਮਲ ਹਨ। ਇੰਝ ਅਸੀਂ ਕਹਿ ਸਕਦੇਹਾਂ ਕਿ ਮੈਂ ਇੱਕ ਰਿਸ਼ਮ ਦੇ ਕਲਾਵੇ ਵਿਚ ਵਿਸ਼ਿਆਂ ਦੀ ਭਰਮਾਰ ਹੈ। ਮੈਂ ਇੱਕ ਰਿਸ਼ਮ ਵਿਚਲੀਆਂ ਖੁੱਲ੍ਹੀਆਂ ਕਵਿਤਾਵਾਂ ਵਿਚਲੇ ਖੁੱਲ੍ਹੇ ਵਿਚਾਰਾਂ ਦੀ ਕਾਵਿਕਾਰੀ ਤੋਂ ਬਾਅਦ ਪਰਮਜੀਤ ਦਿਓਲ ਛੰਦਬੱਧ ਕਵਿਤਾ ਲਿਖਣ ਵੱਲ ਰੁਚਿਤ ਹੁੰਦੀ ਹੈ ਤੇ ਉਸਦੀ ਅਗਲੀ ਕਿਤਾਬ 'ਤੂੰ ਕੱਤ ਬਿਰਹਾ' ਹੋਂਦ ਵਿਚ ਆਉਂਦੀ ਹੈ।

ਤੂੰ ਕੱਤ ਬਿਰਹਾ : ਤੂੰਕੱਤ ਬਿਰਹਾ ਸੰਗ੍ਰਹਿ ਵਿਚ ਗੀਤ, ਗਜ਼ਲਾਂ ਅਤੇ ਕਵਿਤਾਵਾਂ ਸ਼ਾਮਲ ਹਨ। ਇਸ ਸੰਗ੍ਰਹਿ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਪਰਮਜੀਤ ਦਿਓਲ ਨੂੰ ਜ਼ਬਾਨੀ ਯਾਦ ਹਨ। ਪੰਜਾਬੀ ਵਿਚ ਕਵਿਤਾ ਲਿਖਣ ਵਾਲੇ ਅਜਿਹੇ ਉਂਗਲਾਂ ਤੇ ਗਿਣਨ ਜੋਗੇ ਲੋਕ ਹਨ ਜਿਹਨਾਂ ਨੂੰ ਆਪਣੀਆਂ ਕਵਿਤਾਵਾਂ ਜ਼ਬਾਨੀ ਯਾਦ ਹਨ। ਮੈਨੂੰ ਲੱਗਦਾ ਹੁੰਦਾ ਕਿ ਕਵਿਤਾਵਾਂ ਇਨ੍ਹਾਂ ਦੇ ਅੰਦਰ ਵੱਸਦੀਆਂ ਹਨ,

ਇਨ੍ਹਾਂ ਦੇ ਸਾਹਾਂ ਵਿਚ ਸ਼ਾਮਲ ਹਨ। ਇਹ ਲੋਕ ਹਰ ਛਿਣ ਅਪਣੀ ਕਵਿਤਾ ਜਿਉਂਦੇ ਹਨ। ਇਹ ਕਵੀ ਤੇ ਕਵਿਤਾ ਦੋਹਾਂ ਦੀ ਵਡੱਤਣ ਹੈ। 'ਤੂੰ ਕੱਤ ਬਿਰਹਾ' ਵਿਚ ਸੂਫ਼ੀ ਕਾਵਿ ਦਾ ਝਲਕਾ ਰਾ ਹੈ। ਸ਼ਿਵ ਕੁਮਾਰ ਬਟਾਲਵੀ ਨੂੰ ਬਿਰਹਾ ਦਾ ਸੁਲਤਾਨ ਕਿਹਾ ਗਿਆ ਹੈ। ਸ਼ੇਖ ਫਰੀਦ ਨੇ ਕਿਹਾ ਸੀ 'ਬਿਰਹਾ ਬਿਰਹਾ ਆਖੀਐ ਬਿਰਹਾ ਤੂਸੁਲਤਾਨ'। ਪਰਮਜੀਤ ਦਿਓਲ ਲਿਖਦੀ ਹੈ 'ਬਿਰਹਾ ਕਿਹੜਾ ਸੌਖਿਆਂ ਕੱਤਿਆ ਜਾਂਦਾ। ਰੀਝਾਂ ਦੀ ਬੋਲੀ ਲਾਈ ਜਾਂਦੀ ਤੇ ਚਾਵਾਂ ਨੂੰ ਗਹਿਣੇ ਧਰਿਆ ਜਾਂਦੈ'। ਇਹ ਔਰਤ ਦੀ ਹੋਣੀ ਵੱਲ ਸੰਕੇਤ ਹੈ। ਇਸ ਹੋਣੀ ਨੂੰ ਕਵਿਤਾ ਅੰਦਰ ਅਨੁਵਾਦ ਕਰਦਿਆਂ ਕਵਿਤਰੀ ਦਾ ਮਨ ਲੋਕ ਮਨ ਦੇ ਨੇੜੇ ਜਾ ਢੁੱਕਦਾ ਹੈ ਅਤੇ ਉਸਦੇ ਕਾਵਿਕ ਬੋਲਾਂ 'ਚ ਲੋਕ ਗੀਤਾਂ ਦੀ ਰੂਹ ਸਾਹ ਲੈਂਦੀ ਜਾਪਦੀ ਹੈ:

ਲਾਹ ਲਾਹ ਗਲੋਟੇ ਪੱਛੀ ਧਰ ਲਏ/ ਗੁੱਛੇ ਕਰਕੇ ਸੰਦੂਕੀ ਧਰ ਲਏ
ਹੁਣ ਆਵੇ ਨਾ ਸੰਦੂਕੜੀ ਨੂੰ ਸਾਹ/ ਨੀ ਤੂੰ ਕੱਤ ਬਿਰਹਾ ਤੈਨੂੰ ਬਿਰਹਾ...

ਇਹਨਾਂ ਕਵਿਤਾਵਾਂ ਵਿਚ ਪੰਜਾਬ ਦੇ ਪੇਂਡੂ ਕਲਚਰ ਵਿਚਲੇ ਠੇਠ ਸ਼ਬਦਾਂ ਦੀ ਵਰਤੋਂ ਇਹਨਾਂ ਨੂੰ ਹੋਰ ਵੀ ਭਾਵਪੂਰਤ ਬਣਾਉਂਦੇ ਹਨ। ਇਹ ਉਹ ਸ਼ਬਦ ਹਨ ਜਿਹੜੇ ਹੌਲੀ-ਹੌਲੀ ਸਾਡੇ ਸ਼ਬਦਕੋਸ਼ ਵਿਚੋਂ ਅਲੋਪ ਹੋ ਰਹੇ ਹਨ। ਅਜਿਹੇ ਬਹੁਤ ਸਾਰੇ ਸ਼ਬਦਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਕੁਝ ਸ਼ਬਦ ਪੜ੍ਹਦੇ ਹਾਂ ਜਿਵੇਂ ਗਲੋਟੇ, ਪੱਛੀ, ਗੁੱਛੇ, ਸੰਦੂਕੜੀ, ਬੱਤੀ, ਕੰਧਾਂ-ਕੌਲਿਆਂ, ਚਿਤਵਣੀ, ਬੋਹਲ, ਲਿਪਣਾ, ਦਸੂਤੀ, ਕੂਚੀ, ਕਾਹੀ ਆਦਿ:

ਵਿੱਚ ਤ੍ਰਿਝਣਾਂ ਕੱਢਾਂ ਦਸੂਤੀ/ ਪੰਜਾਂ ਨੂੰ ਫੜ੍ਹ ਲਾਹ ਦਾਂ ਕੂਚੀ
ਜੋਪਾ ਬੈਠੇ ਗਾਹ/ ਨੀ ਮੈਨੂੰ ਪੀਆ ਮਿਲਣ ਦਾ ਚਾਅ/ ਪੀਆ..

ਇਹ ਮੁਹੱਬਤ ਦੇ ਗੀਤ ਨਹੀਂ ਹਨ। ਇਹ ਇੱਕ ਪੰਜਾਬੀ ਨਾਰ ਦੇ ਜ਼ਜ਼ਬਾਤ ਹਨ। ਉਸਦੀਆਂ ਭਾਵਨਾਵਾਂ ਦਾ ਕਾਵਿਕ ਇਜ਼ਹਾਰ ਹੈ। ਇਹ ਉਹ ਗੀਤ ਹਨ ਜੋ ਘਰ ਦੇ ਕੰਮਾਂ ਕਾਰਾਂ ਵਿਚ ਰੁੱਝੀ ਮੁਟਿਆਰ ਦਿਆਂ ਫੁਰਨਿਆਂ ਵਿਚ ਅੰਗੜਾਈਆਂ ਲੈਂਦੇ ਰਹਿੰਦੇ ਹਨ। ਜਦ ਇਹ ਅੰਗੜਾਈਆਂ ਵਰਕਿਆਂ 'ਤੇ ਆਕਾਰ ਗ੍ਰਹਿਣ ਕਰਦੀਆਂ ਹਨ ਤਾਂ ਗੀਤ ਦਾ ਜਨਮ ਹੁੰਦਾ ਹੈ। ਗੀਤ, ਨਜ਼ਮ, ਗਜ਼ਲ ਕਿਸ ਵਿਧਾ ਦਾ ਸਰੂਪ ਸਿਰਜਿਆ ਜਾਣਾ ਹੈ, ਇਹ ਫੁਰਨਾ ਆਪਣੇ ਨਾਲ਼ ਲੈ ਕੇ ਆਉਂਦਾ ਹੈ। ਇਹ ਗੀਤ ਸੁੱਤੇ-ਸਿਧ ਹੀ ਸਮਾਜਕ,ਰਾਜਨੀਤਕ ਅਤੇ ਭੂਗੋਲਿਕ ਸਰੋਕਾਰਾਂ ਨੂੰ ਮੁਖ਼ਾਤਬ ਹੋ ਜਾਂਦੇ ਹਨ:

ਧਰਮ ਦੇਨਾਂ 'ਤੇ ਵੱਧਦਾ ਪਾੜਾ/ ਦੇਖਿਆ ਮੈਂ ਅਖ਼ਬਾਰਾਂ 'ਤੇ
ਸ਼ਰਮ ਹਯਾ ਤੇ ਕੂਚੀ ਫੇਰੀ/ ਨਾਲ਼ ਬਣੇ ਸੰਸਕਾਰਾਂ ਦੇ
ਉਹੀ ਘੜੇ ਅੱਜ ਡੁੱਲਦੇ ਵੇਖੇ/ ਜੋ ਸੰਸਕਾਰਾਂ ਨਾਲ਼ ਭਰੇ
ਮੈਂ ਉਸ ਗਰੀਬ ਦਾ ਵਿਰਸਾ/ ਜਿਹਦੇ ਗਲ਼ ਪੈਂਦੀ ਫਾਹੀ
ਮੈਂ ਧਰਤੀ ਪੰਜ ਦਰਿਆਵਾਂ ਦੀ/ ਜੋ ਮੁੱਦਤਾਂ ਤੋਂ ਤ੍ਰਿਹਾਈ

ਤੂੰ ਕੱਤ ਬਿਰਹਾ ਵਿਚਲੀਆਂ ਰਚਨਾਵਾਂ ਉਹਨਾਂ ਚੁੱਲਿਆਂ ਦੀ ਗੱਲ ਵੀ ਕਰਦੀਆਂ ਹਨ ਜਿੰਨ੍ਹਾਂ ਵਿਚ ਘਾ ਹ ਉੱਗ ਆਉਂਦਾ ਹੈ। ਘਾਹ ਉਨ੍ਹਾਂ ਘਰਾਂ ਦੇ ਚੁੱਲਿਆਂ ਵਿਚ ਹੀ ਉੱਗਦਾ ਹੈ ਜਿੰਨ੍ਹਾਂ ਦੇਆਟੇਵਾਲੇ ਪੀਪੇਖ਼ਾਲੀ ਹੁੰਦੇਹਨ। ਇਹਨਾਂ ਰਚਨਾਵਾਂ ਕੋਲ਼ ਦੂਸ਼ਿਤ ਹਵਾ ਦਾ ਫਿਕਰ ਵੀ ਹੈ ਤੇ ਨਸ਼ਿਆਂ ਲੇਖੇ ਲੱਗ ਰਹੀ ਜਵਾਨੀ ਦਾ ਵੀ। ਮੁਰਝਾਈਆਂ ਰੁੱਤਾਂ ਦਾ ਸੱਚ ਵੀ ਤੇ ਖੂਹ ਵਿਚੋਂ ਖ਼ਾਲੀ ਮੁੜੀਆਂ ਟਿੰਡਾਂ ਦਾ ਵੀ।

ਦਿਓਲ ਆਪਣੀ ਸ਼ਾਇਰੀ ਵਿਚ ਕੁਦਰਤ ਦੇ ਬਿੰਬਾਂ ਦੀ ਵਰਤੋਂ ਬੜੇ ਸਲੀਕੇ ਨਾਲ਼ ਕਰਦੀ ਹੈ। ਪੰਛੀ ਆਪਣੇ ਗਰਾਂ ਨੂੰ ਮੁੜ ਗਏ, ਮੋਰ ਪਰਖਦੇ ਘਟਾ ਅਦਾਵਾਂ, ਤੋਤੇ ਅੰਬੀਆਂ ਟੁੱਕਣ ਲੱਗੇ, ਕੋਇਲ ਦਾ ਸਿਰਨਾਵਾਂ ਲੱਭਦੇ ਆਦਿ ਬਹੁਤ ਸਾਰੇ ਹਵਾਲੇ ਦਿੱਤੇ ਜਾ ਸਕਦੇ ਹਨ। ਉਹ ਵਿਹੜੇ ਦੇ ਰੁੱਖ ਨਾਲ਼ ਵੀ ਸੰਵਾਦ ਰਚਾਉਂਦੀ ਹੈ। ਪਰਵਾਸੀ ਜੀਵਨ ਹੰਢਾ ਰਹੀ ਉਹ ਵਤਨਾਂ ਨੂੰ ਜਾਣ ਵਾਲ਼ੇ ਦੇਹੱਥ ਮਾਂ-ਬਾਪ, ਵੀਰ ਤੇ ਭਾਬੀ ਲਈ ਸੁਨੇਹਾ ਭੇਜਦੀ ਹੈ:

ਵਤਨਾਂ ਨੂੰ ਜਾਣ ਵਾਲਿਆ/ ਲੈ ਜਾ ਇੱਕ ਸੁਨੇਹਾ ਮੇਰਾ
ਮਾਂ ਦੀਆਂ ਅੱਖੀਆਂ ਵਿਚੋਂ ਵੇਖੀ ਜਾ ਮੇਰਾ ਚਿਹਰਾ
ਫੋਨ 'ਤੇ ਮਾਂ ਦੱਸਦੀ ਸੀ/ਗੋਡਿਆਂ 'ਚ ਦਰਦ ਬੜਾ ਏ
ਬਾਪੂ ਵੀ ਦੱਸਦਾ ਸੀਗਾ/ਨਿਗ੍ਹਾ ਹੁਣ ਘੱਟਗੀ ਮੇਰੀ

ਗਿੱਧੇ ਵਿਚ, ਸੁਣ ਵੇਰੁੱਖਾ, ਖਿੱਲਰੇ ਹੋਏ ਹਉਕੇ, ਬਲਦੀ ਸ਼ਮਾਂ, ਚਾਨਣੀ ਵਿਚ, ਰੁੱਤ ਬਸੰਤੀ, ਰੰਗ ਸਰਾਪੇ, ਰੀਝਾਂ, ਪੀੜ ਮੇਰੀ ਇੱਕ ਕਹਾਣੀ, ਸਾਹਾਂ ਦੀ ਚੋਰੀ ਤੇ ਚੁੱਪ ਅਜਿਹੀਆਂ ਰਚਨਾਵਾਂ ਹਨ ਜਿਹਨਾਂ ਨੂੰ ਅਣਗੌਲਿਆਂ ਨਹੀਂ ਕਰ ਸਕਦੇ। ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਕਿ ਇਹ ਰਚਨਾਵਾਂ ਪੇਤਲੇ ਜਿਹੇ ਇਸ਼ਕ ਦੀ ਤਰਜਮਾਨੀ ਕਰਦੀਆਂ ਚਿਪਚਿਪੀਆਂ ਕਵਿਤਾਵਾਂ ਨਹੀਂ ਹਨ। ਇਹ ਇੱਕ ਮੁਟਿਆਰ ਦੀਆਂ ਭਾਵਨਾਵਾਂ, ਖ਼ਾਹਿਸ਼ਾਂ, ਇਛਾਵਾਂ ਅਤੇ ਜ਼ਜ਼ਬਾਤਾਂ ਦੀ ਸੂਖ਼ਮ ਪੇਸ਼ਕਾਰੀ ਹਨ। ਇਹਨਾਂ ਵਿਚ ਕਵਿਤਰੀ ਦੇ ਹੰਢੇ ਵਰਤੇ ਅਨੁਭਵ ਦੀ ਝਲਕ ਪੈਂਦੀ ਹੈ। ਪਰਮਜੀਤ ਦਿਓਲ ਦੀ ਇਹ ਕਾਵਿ-ਸਾਧਨਾ ਉਸ ਦੀ ਸਿਰਜਣਾ ਨੂੰ ਅਗਲੇ ਪੜ੍ਹਾਅ 'ਤੇ ਲੈ ਕੇ ਜਾਣ ਦੀ ਦੱਸ ਪਾਉਂਦੀ ਹੈ। ਅਗਲੀ ਕਿਸੇ ਕਾਵਿ-ਪੋਥੀ ਦੀ ਉਡੀਕ ਕਰਦੇ ਅਸੀਂ ਦਿਓਲ ਨੂੰ ਹੁਣ ਤੱਕ ਕੀਤੇ ਕਾਰਜ ਲਈ ਸ਼ਾਬਾਸ਼ ਦਿੰਦੇ ਹਾਂ।

ਮਲਵਿੰਦਰ
97795-91344

# ਚਾਈਨਾਂ ਡੋਰ

ਬੱਚਿਆਂ ਨੂੰ ਪੰਛੀਆਂ ਦੇ ਨਾਂ ਦੱਸੋ
ਚਿੜੀ, ਘੁੱਗੀ, ਕਬੂਤਰ ਤੇ ਕਾਂ ਦੱਸੋ
ਦੂਰ ਤੁਸੀ ਬੱਚਿਆਂ ਤੋਂ ਪਤੰਗ ਕਰੋ
ਚਾਈਨਾਂ ਡੋਰ ਜੀ ਤੁਸੀ ਬੰਦ ਕਰੋ।

ਨਾਂ ਪੰਛੀਆਂ ਦੇ ਗਲ ਕੱਟੇ ਜਾਂਵਣ
ਨਾਂ ਮਾਪਿਆਂ ਦੇ ਘਰ ਪੱਟੇ ਜਾਂਵਣ
ਥੋੜੀ ਬਹੁਤੀ ਤਾਂ ਤੁਸੀ ਸੰਗ ਕਰੋ
ਚਾਈਨਾਂ ਡੋਰ ਜੀ ਤੁਸੀ ਬੰਦ ਕਰੋ।


ਤੁਸੀ ਕੁਝ ਸੋਚੋ ਤੇ ਕੁਝ ਕੁ ਵਿਚਾਰੋ
ਕੋਠੇ ਤੇ ਪੰਛੀਆਂ ਨੂੰ ਚੋਗ ਖਿਲਾਰੋ
ਮੇਰੀ ਇੱਕੋ ਪੂਰੀ ਤੁਸੀ ਮੰਗ ਕਰੋ
ਚਾਈਨਾਂ ਡੋਰ ਜੀ ਤੁਸੀ ਬੰਦ ਕਰੋ।

ਪਤੰਗਾਂ, ਡੋਰਾਂ ਤੇ ਲਗਾਓ ਮਨਾਂਹੀ
ਆਖੇ ਮਿੱਤ ਤੁਹਾਨੂੰ ਕਵਿਤਾਂ ਰਾਹੀ
ਏਦਾਂ ਨਾਂ ਲੋਕੋ ਕਾਨੂੰਨ ਭੰਗ ਕਰੋ
ਚਾਈਨਾਂ ਡੋਰ ਜੀ ਤੁਸੀ ਬੰਦ ਕਰੋ।

ਬਸੰਤ ਰੁੱਤ ਤਾਂ ਤਿਉਹਾਰ ਹੈ ਸਾਡਾ
ਪੰਛੀਆਂ ਬਿੰਨਾਂ ਸੁੰਨਾ ਸੰਸਾਰ ਸਾਡਾ
ਰੁੱਖ ਲਗਾਓ ਕਾਲੇਕੇ ਆਰੰਭ ਕਰੋ
ਚਾਈਨਾਂ ਡੋਰ ਜੀ ਤੁਸੀ ਬੰਦ ਕਰੋ।

ਮਿੱਤ ਸਿੰਘ ਸਰਾਂ,86996-86297

# ਸਮਾਜ ਸੇਵੀ ਡਾ. ਅਮਰਜੀਤ ਸਿੰਘ ਮਰਵਾਹਾ ਨਹੀਂ ਰਹੇ



ਡਾ. ਮਰਵਾਹ ਇੱਕ ਸਫਲ ਪੇਸ਼ੇਵਰ ਡਾਕਟਰ ਅਤੇ ਪ੍ਰਤੀਬੱਧ ਨਾਗਰਿਕ ਸਨ ਅਤੇ ਇੱਕ ਸਮਰਪਿਤ ਸਿੱਖ ਜਿਨ੍ਹਾਂ ਨੇ ਬਹੁਤ ਸਾਰੇ ਲੋਕਾਂ ਦੇ ਜੀਵਨ ਵਿੱਚ ਵੱਡਾ ਯੋਗਦਾਨ ਪਾਇਆ। ਬੜੇ ਹੀ ਦੁੱਖ ਨਾਲ ਇਹ ਦੱਸ ਰਹੇ ਹਾਂ ਕਿ 7 ਜਨਵਰੀ ਨੂੰ ਸਤਿਕਾਰਯੋਗ ਸਮਾਜ ਸੇਵੀ ਡਾ.ਅਮਰਜੀਤ ਸਿੰਘ ਮਰਵਾਹ ਅਕਾਲ ਚਲਾਣਾ ਕਰ ਗਏ ਹਨ। ਉਹ 98 ਸਾਲ ਦੇ ਸਨ, 99 ਸਾਲ ਦੇ ਹੋਣ ਵਿੱਚ ਮਹਿਜ਼ ਇੱਕ ਮਹੀਨਾ ਬਾਕੀ ਸੀ।

ਡਾ. ਮਰਵਾਹ ਡਾਕਟਰਾਂ ਦੇ ਪਰਿਵਾਰ ਵਿੱਚੋਂ ਸਨ, ਪੰਜਾਬ ਦੇ ਕੋਟਕਪੂਰਾ ਵਿੱਚ ਵੱਡੇ ਹੋਏ ਅਤੇ ਲਾਹੌਰ ਦੇ ਡੈਂਟਲ ਕਾਲਜ ਤੋਂ 1947 ਵਿੱਚ ਗ੍ਰੈਜੂਏਸ਼ਨ ਕੀਤੀ। 1953 ਤੋਂ ਪੰਜਾਬ ਵਿੱਚ ਦੰਦਾਂ ਦੇ ਡਾਕਟਰ ਵਜੋਂ 4 ਸਾਲ ਕੰਮ ਕਰਨ ਤੋਂ ਬਾਅਦ, ਉਨ੍ਹਾਂ ਨੂੰ ਨਿਊਯਾਰਕ ਵਿੱਚ ਗੁਗੇਨਹੇਮ ਡੈਂਟਲ ਫਾਊਂਡੇਸ਼ਨ ਵਿੱਚ ਪੋਸਟ ਗ੍ਰੈਜੂਏਸ਼ਨ ਕਰਨ ਲਈ ਫੁੱਲਬ੍ਰਾਈਟ ਸਕਾਲਰਸ਼ਿਪ ਦੀ ਪੇਸ਼ਕਸ਼ ਕੀਤੀ ਗਈ। ਇੱਕ ਸਾਲ ਬਾਅਦ ਉਨ੍ਹਾਂ ਨੂੰ ਸ਼ਿਕਾਗੋ ਵਿੱਚ ਯੂਨੀਵਰਸਿਟੀ ਆਫ਼ ਇਲੀਨੋਇ ਡੈਂਟਲ ਕਾਲਜ ਵਿੱਚ ਦੰਦਾਂ ਦੇ ਵਿਗਿਆਨ ਵਿੱਚ ਮਾਸਟਰ ਆਫ਼ ਸਾਇੰਸ ਨੂੰ ਪੂਰਾ ਕਰਨ ਲਈ ਇੱਕ ਸਕਾਲਰਸ਼ਿਪ ਮਿਲੀ। 1956 ਵਿੱਚ, ਡਾ. ਮਾਰਵਾਹ ਵਾਸ਼ਿੰਗਟਨ ਡੀ.ਸੀ. ਵਿੱਚ ਹਾਵਰਡ ਯੂਨੀਵਰਸਿਟੀ ਵਿੱਚ ਦੰਦਾਂ ਦੇ ਸਰਜਨ ਦੀ ਆਪਣੀ ਡਾਕਟਰੇਟ ਪੂਰੀ ਕਰਨ ਲਈ ਗਏ ਅਤੇ ਫਿਰ ਮਾਲੀਬੂ, ਕੈਲੀਫੋਰਨੀਆ ਵਿਖੇ ਵਸ ਗਏ। ਜਿੱਥੇ ਉਨ੍ਹਾਂ ਡਾਕਟਰ ਵਲੋਂ ਕਈ ਹਾਲੀਵੁੱਡ ਮਸ਼ਹੂਰ ਹਸਤੀਆਂ ਦਾ ਇਲਾਜ ਵੀ ਕੀਤਾ (ਜਿਵੇਂ ਐਲਿਜ਼ਾਬੈਥ ਟੇਲਰ, ਗ੍ਰੈਗਰੀ ਪੇਕ, ਅਤੇ ਸਿਡਨੀ ਪੋਟੀਏਰ) ਅਤੇ ਜਿੱਥੇ ਉਨ੍ਹਾਂ ਯੂਐਸਸੀ ਵਿੱਚ ਘੱਟ ਆਮਦਨੀ ਵਾਲੇ ਲੋਕਾਂ ਦੀ ਸੇਵਾ ਕੀਤੀ ਡੈਂਟਲ ਕਲੀਨਿਕ ਵੀ ਚਲਾਈ। ਆਪਣੇ ਮੁਨਾਫ਼ੇ ਵਾਲੇ ਪੇਸ਼ੇਵਰ ਕਰੀਅਰ ਤੋਂ ਇਲਾਵਾ, ਡਾ.ਮਾਰਵਾਹ ਰਾਜਨੀਤੀ ਵਿੱਚ ਵੀ ਬਹੁਤ ਸਰਗਰਮ ਸਨ ਅਤੇ ਅਮਰੀਕਾ ਦੇ ਨਾਲ-ਨਾਲ ਭਾਰਤ ਵਿੱਚ ਆਪਣੇ ਭਾਈਚਾਰੇ ਬਹੁਤ ਕੁੱਝ ਕੀਤਾ। ਅਮਰੀਕਾ ਵਿੱਚ ਉਨ੍ਹਾਂ ਦਲੀਪ ਸਿੰਘ ਸੌਂਦ ਦੀ ਅਮਰੀਕਾ ਵਿੱਚ ਪਹਿਲੇ ਏਸ਼ੀਅਨ ਕਾਂਗਰਸ ਪਰਸਨ ਬਣਨ ਦੀ ਮੁਹਿੰਮ ਵਿੱਚ ਭਰਪੂਰ ਮਦਦ ਕੀਤੀ। 1969 ਵਿੱਚ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਪੁਰਬ ਮੌਕੇ ਉਨ੍ਹਾਂ ਨੇ ਹਾਲੀਵੁੱਡ ਸਿੱਖ ਟੈਂਪਲ ਬਣਾਉਣ ਲਈ ਲੋੜੀਂਦੀ ਇਮਾਰਤ ਅਤੇ ਜਾਇਦਾਦ ਦਾਨ ਕੀਤੀ, ਲਾਸ ਏਂਜਲਸ ਵਿੱਚ ਗੁਰਦੁਆਰੇ ਦੀ ਸ਼ੁਰੂਆਤੀ ਉਸਾਰੀ ਅਤੇ ਬਾਅਦ ਵਿੱਚ ਮੁਰੰਮਤ ਲਈ ਵੀ ਫੰਡ ਦਿੱਤੇ। ਉਨ੍ਹਾਂ ਨੇ 100 ਤੋਂ ਵੱਧ ਭਾਰਤੀ-ਅਮਰੀਕੀ ਵਿਦਿਆਰਥੀਆਂ ਲਈ ਵਜ਼ੀਫ਼ੇ ਲਈ ਫੰਡ ਦਿੱਤੇ ਅਤੇ ਆਪਣੀ ਅਲਮਾ ਮੈਟਰ ਹਾਵਰਡ ਯੂਨੀਵਰਸਿਟੀ ਕਾਲਜ ਆਫ਼ ਡੈਂਟਿਸਟਰੀ ਵਰਗੀਆਂ ਸੰਸਥਾਵਾਂ ਨੂੰ ਸਹਾਇਤਾ ਦਿੱਤੀ ਜਿੱਥੇ ਮਾਰਵਾਹ ਕੰਪਰੀਹੈਂਸਿਵ ਕੇਅਰ ਕਲੀਨਿਕ ਦੀ ਸਥਾਪਨਾ ਲਈ $300,000 ਦਾ ਯੋਗਦਾਨ ਪਾਇਆ, ਅਤੇ ਯੂਨੀਵਰਸਿਟੀ ਆਫ਼ ਇਲੀਨੋਇ ਕਾਲਜ ਆਫ਼ ਡੈਂਟਿਸਟਰੀ ਵਿੱਚ ਡਾ.ਅਮਰਜੀਤ ਐਸ. ਮਰਵਾਹ ਅਤੇ ਸ੍ਰੀਮਤੀ ਕੁਲਜੀਤ ਕੇ. ਮਾਰਵਾਹ ਫੈਕਲਟੀ ਐਂਡੋਮੈਂਟ ਫੰਡ ਦੀ ਸਥਾਪਨਾ ਲਈ $250,000 ਦਾ ਯੋਗਦਾਨ ਪਾਇਆ॥ ਭਾਰਤ ਵਿੱਚ ਉਹ ਪੰਜਾਬ ਐਂਡ ਸਿੰਧ ਬੈਂਕ ਦੇ ਡਾ: ਇੰਦਰਜੀਤ ਸਿੰਘ ਦੇ ਨਾਲ ਬੈਂਕ ਆਫ਼ ਪੰਜਾਬ ਦੇ ਸਹਿ-ਸੰਸਥਾਪਕ ਸਨ। ਪੰਜਾਬ ਵਿੱਚ ਬਹੁਤ ਸਾਰੇ ਮਾਨਵਤਾਵਾਦੀ ਅਤੇ ਵਿਦਿਅਕ ਕਾਰਜਾਂ ਲਈ 12 ਕਰੋੜ ਰੁਪਏ ਦਾ ਨਿਵੇਸ਼ ਕੀਤਾ। ਉਨ੍ਹਾਂ ਨੇ ਫਰੀਦਕੋਟ, ਪੰਜਾਬ ਵਿੱਚ ਕੇ ਕੇ ਮਰਵਾਹ ਗਰਲਜ਼ ਕਾਲਜ (ਆਪਣੀ ਪਤਨੀ ਕੁਲਜੀਤ ਕੌਰ ਮਰਵਾਹ ਦੇ ਨਾਮ ਤੇ) ਸ਼ੁਰੂ ਕੀਤਾ। ਮਹਿੰਦਰਾ ਕਾਲਜ, ਪਟਿਆਲਾ ਵਿੱਚ, ਉਨ੍ਹਾਂ ਇੱਕ ਆਡੀਟੋਰੀਅਮ (ਆਪਣੇ ਸੱਸ, ਕਰਤਾਰ ਕੌਰ ਸੋਢੀ ਦੇ ਨਾਮ ਤੇ ਰੱਖਿਆ ਗਿਆ) ਬਣਾਉਣ ਵਿੱਚ ਮਦਦ ਕੀਤੀ। ਡਾ.ਮਾਰਵਾਹ ਦੀ ਜੀਵਨ ਯਾਤਰਾ ਸਮਰਪਣ ਅਤੇ ਭਾਈਚਾਰਕ ਸੇਵਾ ਲਈ ਡੂੰਘੀ ਵਚਨਬੱਧਤਾ ਦਾ ਪ੍ਰਮਾਣ ਸੀ।






ਪੰਜਾਬ ਸਟਾਰ
www.punjabstar.com

## ਵਿਸ਼ਵ ਦੇ ਮਹਾਨ ਖਿਡਾਰੀ-59

# ਮਾਰਖੋਰਾ ਮੁੱਕੇਬਾਜ਼ ਮਾਈਕ ਟਾਈਸਨ


ਪ੍ਰਿੰ. ਸਰਵਣ ਸਿੰਘ

ਮਾਈਕ ਟਾਈਸਨ ਮੁੱਢ ਤੋਂ ਹੀ ਮਾਰਖੋਰਾ ਮੁੱਕੇਬਾਜ਼ ਰਿਹਾ। ਉਹ ਬੇਸ਼ੱਕ ਸਭ ਤੋਂ ਛੋਟੀ ਉਮਰ 'ਚ ਹੈਵੀਵੇਟ ਵਰਲਡ ਚੈਂਪੀਅਨ ਬਣ ਗਿਆ ਸੀ ਪਰ ਉਸ ਨੂੰ 'ਦਾ ਬੈਡਿਸਟ ਮੈਨ ਆਨ ਪਲਾਨਿਟ' ਕਿਹਾ ਗਿਆ। ਵਿਸ਼ਵ ਚੈਂਪੀਅਨ ਬਣਨ ਵੇਲੇ ਉਹ ਕੇਵਲ 20 ਸਾਲ 4 ਮਹੀਨੇ 22 ਦਿਨਾਂ ਦਾ ਸੀ। ਉਸ ਨੇ 1985-2005 ਦੌਰਾਨ 59 ਵੱਡੇ ਭੇੜ ਭਿੜੇ ਜਿਨ੍ਹਾਂ 'ਚ 11 ਵਾਰ ਵਰਲਡ ਟਾਈਟਲ ਜਿੱਤੇ। ਉਦੋਂ ਉਹਦੇ 5 ਫੁੱਟ 11 ਇੰਚ ਕੱਦ ਦਾ ਭਾਰ 100 ਕਿਲੋ ਦੇ ਕਰੀਬ ਰਿਹਾ। ਉਸ ਦਾ ਪੂਰਾ ਨਾਂ ਮਾਈਕਲ ਜੀਰਾਰਡ ਟਾਈਸਨ ਹੈ। 'ਆਇਰਨ ਮਾਈਕ' ਤੇ 'ਕਿੱਡ ਡਾਈਨਾਮਾਈਟ' ਉਹਦੇ ਨਿੱਕੇ ਨਾਂ ਹਨ।

ਉਸ ਨੇ ਜੁਰਮਾਂ ਦੀਆਂ ਕੈਦਾਂ ਵੀ ਕੱਟੀਆਂ। ਉਨ੍ਹਾਂ ਜੁਰਮਾਂ 'ਚ ਜਬਰ ਜਿਨਾਹ ਵੀ ਸ਼ਾਮਲ ਸੀ। ਇਕੇਰਾਂ ਉਸ ਨੇ ਮੁਕਾਬਲੇ ਦੌਰਾਨ ਦੰਦੀਆਂ ਵੱਢ ਕੇ ਵਿਰੋਧੀ ਮੁੱਕੇਬਾਜ਼ ਦਾ ਕੰਨ ਹੀ ਕੱਟ ਦਿੱਤਾ ਸੀ। ਅਸਲ ਵਿਚ ਉਹਦਾ ਬਚਪਨ ਤੇ ਕਿਸ਼ੋਰ ਅਵੱਸਥਾ ਕੁੱਟ-ਮਾਰ 'ਚ ਲੰਘੇ ਸਨ। ਉਦੋਂ ਕਿਸੇ ਦੇ ਖ਼ਾਬ ਖ਼ਿਆਲ ਵਿਚ ਵੀ ਨਹੀਂ ਸੀ ਕਿ ਇਹ ਵਿਗੜਿਆ ਲੜਕਾ ਵੱਡਾ ਹੋ ਕੇ ਮੁੱਕੇਬਾਜ਼ੀ ਦਾ ਵਰਲਡ ਚੈਂਪੀਅਨ ਬਣੇਗਾ!

ਉਹਦਾ ਜਨਮ 30 ਜੂਨ 1966 ਨੂੰ ਬਰੁਕਲਿਨ, ਨਿਊ ਯੌਰਕ ਵਿਖੇ ਗੈਂਗਬਾਜ਼ਾਂ ਦੀ ਬਸਤੀ ਵਿਚ ਹੋਇਆ ਸੀ। ਉਹਦੇ ਅੱਲ੍ਹੜ ਉਮਰ ਦੇ ਤੇਰਾਂ ਸਾਲ ਗਲੀਆਂ 'ਚ ਗੈਂਗਬਾਜ਼ੀ ਤੇ ਮਹੱਲਿਆਂ ਦੀ ਮਟਰਗਸ਼ਤੀ ਕਰਦਿਆਂ ਬੀਤੇ। ਨਿੱਤ ਕਿਸੇ ਨੂੰ ਕੁੱਟ ਦੇਣਾ ਤੇ ਕਿਸੇ ਤੋਂ ਕੁੱਟ ਖਾ ਲੈਣੀ। 13 ਸਾਲ ਦੀ ਉਮਰ ਤਕ ਉਹ 38 ਵਾਰ ਗ੍ਰਿਫਤਾਰ ਹੋਇਆ। ਆਖ਼ਰ ਉਸ ਨੂੰ ਸੁਧਾਰ ਸਕੂਲ 'ਚ ਦਾਖਲ ਕਰਵਾਉਣਾ ਪਿਆ ਜਿਥੇ ਬਾਕਾਇਦਾ ਮੁੱਕੇਬਾਜ਼ੀ ਕਰਨ ਦੀ ਚੇਟਕ ਲੱਗੀ। ਉਹਦਾ ਵਿਗੜਿਆ ਤੇ ਸੁਧਰਿਆ ਜੀਵਨ ਅਧਿਐਨ ਦਾ ਵਿਸ਼ਾ ਹੈ। ਉਹਦੀ ਮਾਂ ਲੋਰਮਾ ਮੀ (ਸਮਿੱਥ) ਟਾਈਸਨ, ਵਰਜੀਨੀਆ ਦੇ ਸ਼ਹਿਰ ਸ਼ੈਰਲਟਵਿਲੇ ਦੀ ਜੰਮਪਲ ਸੀ। ਕਿਹਾ ਜਾਂਦੈ ਕਿ ਉਹ ਅਵਾਰਾ ਔਰਤ ਸੀ। ਮਾਈਕਲ ਟਾਈਸਨ ਦੇ ਜਨਮ ਸਰਟੀਫਿਕੇਟ 'ਤੇ ਉਹਦੇ ਬਾਪ ਦਾ ਨਾਂ ਪਰਸਲ ਟਾਈਸਨ ਲਿਖਿਆ ਹੋਇਐ ਜੋ ਨਰਮ ਸੁਭਾਅ ਦਾ ਟੈਕਸੀ ਡਰਾਈਵਰ ਸੀ। ਉਹਦਾ ਪਿਛੋਕੜ ਜਮਾਇਕਾ ਦਾ ਸੀ। ਪਰ ਮਾਈਕ ਦਾ ਕਹਿਣਾ ਹੈ ਕਿ ਉਹਦਾ ਅਸਲੀ ਬਾਪ ਜਿਮੀ ਕਿਰਕਪੈਟਰਿਕ ਸੀ ਜੋ ਗਰੀਅਰ ਟਾਊਨ ਨਾਰਥ ਕੈਰੋਲੀਨਾ ਤੋਂ ਸੀ। ਉਹਨਾਂ ਦੇ ਗੁਆਂਢ ਬੇਸਬਾਲ ਦੇ ਤਕੜੇ ਖਿਡਾਰੀ ਰਹਿੰਦੇ ਸਨ। ਕਿਰਕਪੈਟਰਿਕ ਦੇ ਵੱਡੇ ਪੁੱਤਰ ਦਾ ਨਾਂ ਜਿਮੀ ਲੀ ਕਿਰਕਪੈਟਰਿਕ ਸੀ ਜੋ ਉਹਦੀ ਪਹਿਲੀ ਪਤਨੀ ਦੀ ਕੁੱਖੋਂ ਜੰਮਿਆ ਸੀ। 1959 ਵਿਚ ਉਹ ਪਤਨੀ ਤੇ ਪੁੱਤਰ ਨੂੰ ਛੱਡ ਕੇ ਬਰੁਕਲੀਨ, ਨਿਊ ਯਾਰਕ ਚਲਾ ਗਿਆ ਸੀ ਜਿਥੇ ਉਹਦਾ ਮੇਲ ਲੋਰਮਾ ਮੀ ਨਾਲ ਹੋ ਗਿਆ। ਲੋਰਮਾ ਦੀ ਕੁੱਖੋਂ 1961 ਵਿਚ ਪੁੱਤਰ ਰੋਡਮੀ ਟਾਈਸਨ ਜੰਮਿਆ। ਇਕ ਧੀ ਡੈਨੀਜ ਟਾਈਸਨ ਜੰਮੀ ਜੋ ਫਰਵਰੀ 1990 ਵਿਚ ਦਿਲ ਦੇ ਦੌਰੇ ਨਾਲ ਪਰਲੋਕ ਸਿਧਾਰੀ।

1966 ਵਿਚ ਜਦੋਂ ਮਾਈਕਲ ਜੰਮਿਆ ਤਾਂ ਘਰ 'ਚ ਉਹਦਾ ਇਕ ਸਕਾ ਭਰਾ, ਇਕ ਭੈਣ ਤੇ ਇਕ ਉਹਦੇ ਪਿਉ ਦੀ ਪਹਿਲੀ ਪਤਨੀ ਦਾ ਪੁੱਤ ਸੀ। ਪਿਉ ਐਬੀ ਕਬਾਬੀ ਤੇ ਜੂਏਬਾਜ਼ ਸੀ। ਉਹ ਅਕਸਰ ਜੂਏਬਾਜ਼ਾਂ ਦੇ ਅੱਡਿਆਂ 'ਤੇ ਜਾਂਦਾ ਤੇ ਗੈਂਗਬਾਜ਼ੀ ਕਰਦਾ। ਜਿਨ੍ਹਾਂ ਦਿਨਾਂ 'ਚ ਮਾਈਕ ਟਾਈਸਨ ਦਾ ਜਨਮ ਹੋਇਆ ਉਹਦਾ ਪਿਉ ਪਰਿਵਾਰ ਨੂੰ ਛੱਡ ਕੇ ਕਿਤੇ ਹੋਰ ਟਿੱਭ ਗਿਆ। ਲੋਰਮਾ ਮੀ ਸਮਿੱਥ ਤੋਂ ਲੋਰਮਾ ਮੀ ਟਾਈਸਨ ਬਣੀ ਮਾਂ ਨੂੰ ਬਿਪਤਾ 'ਚ ਇਕੱਲੀ ਨੂੰ ਬਚੇ ਪਾਲਣੇ ਪਏ। ਅਜਿਹੀ ਸਥਿਤੀ 'ਚ ਬੱਚੇ ਕਿਵੇਂ ਪਲਦੇ ਹਨ, ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ। ਕੀ ਪਤਾ ਉਸ ਨੂੰ ਕਿਹੜੇ ਕਿਹੜੇ ਪਾਪੜ ਵੇਲਣੇ ਪਏ ਹੋਣਗੇ?

ਮਾਈਕ ਨੂੰ ਪਿਉ ਤਾਂ ਉਹਦੇ ਜਨਮ ਤੋਂ ਪਹਿਲਾਂ ਹੀ ਛੱਡ ਗਿਆ ਸੀ। ਉਤੋਂ ਗਰੀਬੀ 'ਚ ਪਲਦਿਆਂ ਮਾਂ ਦਾ ਲਾਡ ਪਿਆਰ ਵੀ ਨਾ ਮਿਲ ਸਕਿਆ। ਜਦੋਂ ਉਹ ਤੁਰਨ ਜੋਗਾ ਹੋਇਆ ਤਾਂ ਸਕੂਲੇ ਜਾਣ ਦੀ ਥਾਂ ਅਵਾਰਾਗਰਦ ਬਣ ਗਿਆ। ਉਸ ਦੀ ਮਾਂ ਦੇ ਦੱਸਣ ਅਨੁਸਾਰ ਮਾਈਕ ਘਰੋਂ ਜਾਂਦਾ ਪੁਰਾਣੇ ਕਪੜਿਆਂ ਵਿਚ ਸੀ ਤੇ ਮੁੜਦਾ ਨਵੇਂ ਕੱਪੜਿਆਂ 'ਚ ਸੀ। ਮਤਲਬ ਸਟੋਰਾਂ 'ਚ ਹੱਥ ਮਾਰ ਆਉਂਦਾ ਸੀ। ਉਹਦੇ ਪਿਉ ਕਿਰਕਪੈਟਰਿਕ ਟਾਈਸਨ ਬਾਰੇ ਪਤਾ ਲੱਗਾ ਕਿ ਉਹ 1992 'ਚ ਗੁਜ਼ਰਿਆ। ਗੈਂਗਬਾਜ਼ੀ ਕਰਦਿਆਂ ਮਾਈਕ ਦੀ ਪਹਿਲੀ ਟੱਕਰ ਉਹਦੀ ਉਮਰੋਂ ਵੱਡੇ ਗੈਂਗਬਾਜ਼ ਹੋਈ ਜਿਸ ਨੇ ਉਹਦੇ ਕਬੂਤਰ ਨੂੰ ਜ਼ਖਮੀ ਕਰ ਦਿੱਤਾ ਸੀ। 13 ਸਾਲ ਦੀ ਉਮਰ ਤਕ ਮਾਈਕ ਦਾ ਨਾਂ ਠਾਣਿਆਂ ਦੇ ਰਜਿਸਟਰਾਂ 'ਚ ਚੜ੍ਹ ਚੁੱਕਾ ਸੀ। ਉਹ ਪੁਲਿਸ ਵੱਲੋਂ 38 ਵਾਰ ਫੜਿਆ ਗਿਆ ਸੀ। ਫਿਰ ਉਸ ਨੂੰ ਵਿਗੜੇ ਮੁੰਡਿਆਂ ਦੇ ਜੌਹਨਸਟਾਊਨ, ਨਿਊ ਯੌਰਕ ਵਿਚਲੇ ਸੁਧਾਰ ਸਕੂਲ 'ਚ ਦਾਖਲ ਕਰਾ ਦਿੱਤਾ ਗਿਆ। ਉਥੇ ਵਿਦਿਆਰਥੀਆਂ ਦੇ ਕੌਂਸਲਰ ਸਾਬਕਾ ਮੁੱਕੇਬਾਜ਼ ਬੌਬੀ ਸਟੀਵਰਟ ਨੇ ਮਾਈਕ ਅੰਦਰ ਤਕੜਾ ਮੁੱਕੇਬਾਜ਼ ਬਣਨ ਦੀਆਂ ਸੰਭਾਨਾਵਾਂ ਵੇਖਦਿਆਂ ਉਸ ਨੂੰ ਮੁੱਕੇਬਾਜ਼ੀ ਦੇ ਕੋਚ ਕਸਡਾਮਾਟੋ ਦੇ ਹਵਾਲੇ ਕਰ ਦਿੱਤਾ।

ਕਸਡਾਮਾਟੋ ਦੇ ਨਾਲ ਮੁੱਕੇਬਾਜ਼ੀ ਦੇ ਕੋਚ ਕੇਵਨ ਰੂਨੀ ਤੇ ਕਦੇ ਕਦੇ ਟੈਡੀ ਐਟਲਸ ਮਾਈਕ ਨੂੰ ਟ੍ਰੇਨਿੰਗ ਦਿੰਦੇ ਰਹੇ। ਜਦੋਂ ਮਾਈਕ 15 ਸਾਲਾਂ ਦਾ ਹੋਇਆ ਤਾਂ ਕਸਡਾਮਾਟੋ ਨੇ ਟੈਡੀ ਐਟਲਸ ਨੂੰ ਪਾਸੇ ਕਰ ਦਿੱਤਾ। ਫਿਰ ਕੇਵਨ ਰੂਨੀ ਹੀ ਉਸ ਦਾ ਅਸਲੀ ਕੋਚ ਬਣਿਆ। ਮਾਈਕ ਅਜੇ 16 ਸਾਲਾਂ ਦਾ ਹੋਇਆ ਸੀ ਕਿ ਉਸ ਦੀ ਮਾਂ ਗੁਜ਼ਰ ਗਈ। ਮਰਨ ਤੋਂ ਪਹਿਲਾਂ ਮਾਂ ਨੇ ਕਸਡਾਮੋਰ ਨੂੰ ਮਾਈਕ ਦਾ ਕਾਨੂੰਨੀ ਗਾਰਡੀਅਨ ਬਣਾ ਦਿੱਤਾ ਸੀ। ਪਰ ਮਾਈਕ ਦੀ ਬਦਕਿਸਮਤੀ ਕਿ ਕਸਡਾਮੋਰ ਵੀ ਛੇਤੀ ਹੀ ਮਰ ਗਿਆ ਤੇ ਉਹ ਇਕ ਤਰ੍ਹਾਂ ਨਾਲ ਅਨਾਥ ਹੋ ਗਿਆ। ਮਾਈਕ ਨੇ ਇਕ ਇੰਟਰਵਿਊ 'ਚ ਦੱਸਿਆ ਕਿ ਉਸ ਨੇ ਆਪਣੀ ਮਾਂ ਨੂੰ ਕਦੇ ਖ਼ੁਸ਼ ਨਹੀਂ ਸੀ ਵੇਖਿਆ ਤੇ ਨਾ ਹੀ ਕਦੇ ਆਪਣੇ ਪੁੱਤਰ ਨੂੰ ਮੁੱਕੇਬਾਜ਼ ਹੋਣ ਦੀ ਸ਼ਾਬਾਸ਼ ਦਿੱਤੀ। ਮਾਂ ਬਾਪ ਦੋਹਾਂ ਵੱਲੋਂ ਹੀ ਉਹ ਦੁਪਿਆਰਾ ਰਿਹਾ। ਉਹ ਕਦੇ ਮਾਂ ਨਾਲ ਖੁੱਲ੍ਹ ਕੇ ਗੱਲ ਨਹੀਂ ਸੀ ਕਰਦਾ। ਮਾਂ ਉਹਦੀ ਮਟਰਗਸ਼ਤੀ ਤੇ ਕੁੱਟ ਮਾਰ ਤੋਂ ਦੁਖੀ ਰਹੀ। ਮਾਈਕ ਦਾ ਸਕੂਲ ਵਿਚ ਜੀਅ ਲੱਗਣੋ ਹਟ ਗਿਆ ਜਿਸ ਕਰਕੇ ਉਸ ਨੇ ਜੂਨੀਅਰ ਵਿਦਿਆਰਥੀ ਵਜੋਂ ਹੀ ਸਕੂਲ ਛੱਡ ਦਿੱਤਾ। ਇਹ ਵੱਖਰੀ ਗੱਲ ਹੈ ਕਿ ਉਸ ਦੀਆਂ ਮੁੱਕੇਬਾਜ਼ ਵਜੋਂ ਵੱਡੀਆਂ ਪ੍ਰਾਪਤੀਆਂ ਸਦਕਾ ਉਸ ਨੂੰ 1998 ਵਿਚ ਸੈਂਟਰਲ ਸਟੇਟ ਯੂਨੀਵਰਸਿਟੀ ਵੱਲੋਂ ਆਨਰੇਰੀ ਡਾਕਟਰੇਟ ਦੀ ਡਿਗਰੀ ਪਰਦਾਨ ਕੀਤੀ ਗਈ। ਆਮ ਮੁੱਕੇਬਾਜ਼ਾਂ ਵਾਂਗ ਪਹਿਲਾਂ ਪਹਿਲ ਉਸ ਨੇ ਸ਼ੌਕੀਆ ਮੁੱਕੇਬਾਜ਼ੀ ਸ਼ੁਰੂ ਕੀਤੀ। ਉਹ ਵਧੇਰੇ ਜਿੱਤਾਂ ਵਿਰੋਧੀ ਮੁੱਕੇਬਾਜ਼ਾਂ ਨੂੰ ਚਿੱਤ ਕਰਕੇ ਜਿੱਤਦਾ। 19 ਸਾਲਾਂ ਦਾ ਹੋਣ ਤਕ ਉਸ ਨੇ 24 ਜਿੱਤਾਂ ਹਾਸਲ ਕੀਤੀਆਂ 3 ਹਾਰਿਆ। 1985 'ਚ ਉਹ ਪੇਸ਼ਾਵਰ ਮੁੱਕੇਬਾਜ਼ ਬਣਿਆ। ਕੱਦ ਕਾਠ ਵੱਲੋਂ ਬੇਸ਼ਕ ਉਹ ਵੱਡੇ ਹੈਵੀਵੇਟ ਮੁੱਕੇਬਾਜ਼ਾਂ ਨਾਲੋਂ ਕਮਜ਼ੋਰ ਲੱਗਦਾ ਸੀ ਪਰ ਜੋ ਤੇਜ਼ੀ ਤੇ ਤਾਕਤ ਉਹਦੇ ਮੁੱਕਿਆਂ ਵਿਚ ਸੀ ਉਹ ਕੱਦਾਵਰ ਮੁੱਕੇਬਾਜ਼ਾਂ ਦੇ ਪੈਰ ਕੱਢ ਦਿੰਦੀ ਸੀ। ਇਹੋ ਕਾਰਨ ਸੀ ਕਿ 22 ਨਵੰਬਰ 1986 ਨੂੰ ਉਸ ਨੇ ਮਸ਼ਹੂਰ ਮੁੱਕੇਬਾਜ਼ ਟ੍ਰੈਵਰ ਬਰਬਿਕ ਨੂੰ ਦੂਜੇ ਰਾਊਂਡ ਵਿਚ ਨਾਕ ਆਊਟ ਕਰ ਕੇ ਵਿਸ਼ਵ ਦੀ ਹੈਵੀਵੇਟ ਚੈਂਪੀਅਨਸ਼ਿਪ ਜਿੱਤ ਲਈ। ਮੁੱਕੇਬਾਜ਼ੀ ਦੇ ਇਤਿਹਾਸ ਵਿਚ ਇਹ ਸਭ ਤੋਂ ਛੋਟੀ ਉਮਰ 'ਚ ਵੱਡੀ ਜਿੱਤ ਜਿੱਤਣ ਦਾ ਰਿਕਾਰਡ ਸੀ। ਮਾਈਕ ਟਾਈਸਨ ਨੂੰ ਵਰਲਡ ਬੌਕਸਿੰਗ ਕੌਂਸਲ ਦਾ ਕਰਾਊਨ ਪਹਿਨਾਇਆ ਗਿਆ। 7 ਮਾਰਚ 1987 ਨੂੰ ਉਸ ਨੇ ਜੇਮਜ਼ ਸਮਿੱਥ ਨੂੰ ਢੇਰ ਕਰਕੇ ਵਰਲਡ ਬੌਕਸਿੰਗ ਐਸੋਸੀਏਸ਼ਨ ਦੀ ਬੈਲਟ ਵੀ ਜਿੱਤ ਲਈ। 1 ਅਗੱਸਤ 1987 ਨੂੰ ਉਸ ਨੇ ਟੋਨੀ ਟੱਕਰ ਨੂੰ ਹਰਾ ਕੇ ਵਰਲਡ ਚੈਂਪੀਅਨਸ਼ਿਪ ਜਿੱਤੀ ਜੋ ਵਰਲਡ ਬੌਕਸਿੰਗ ਫੈਡਰੇਸ਼ਨ ਵੱਲੋਂ ਕਰਵਾਈ ਗਈ ਸੀ। ਇੰਜ ਵਿਸ਼ਵ ਦੀਆਂ ਤਿੰਨੇ ਆਰਗੇਨਾਈਜੇਸ਼ਨਾਂ ਵਿਸ਼ਵ ਬੌਕਸਿੰਗ ਕੌਂਸਲ, ਵਿਸ਼ਵ ਬੌਕਸਿੰਗ ਐਸੋਸੀਏਸ਼ਨ ਤੇ ਵਿਸ਼ਵ ਇੰਟਰਨੈਸ਼ਨਲ ਬੌਕਸਿੰਗ ਫੈਡਰੇਸ਼ਨ ਨੇ ਉਸ ਨੂੰ ਵਿਸ਼ਵ ਚੈਂਪੀਅਨ ਬਣਨ ਦੀ ਮਾਨਤਾ ਦਿੱਤੀ।




ਕਸਡਾਮਾਟੋ ਤੇ ਮੈਨੇਜਰ ਜਿਮੀ ਜੈਕਬਜ਼ ਦੀ ਮ੍ਰਿਤੂ ਹੋਰ ਕਾਰਨ ਮਾਈਕ ਟਾਈਸਨ ਵਾਦਵਿਵਾਦੀ ਪ੍ਰਮੋਟਰ ਡੌਨ ਕਿੰਗ ਨਾਲ ਰਲ ਗਿਆ। ਉਸ ਦੀ ਛਤਰ ਛਾਇਆ ਹੇਠ ਉਸ ਨੇ ਲੈਰੀ ਹੋਮਜ਼ ਤੇ ਮਾਈਕਲ ਸਪਿੰਕਸ ਵਰਗੇ ਮਹਾਨ ਮੁੱਕੇਬਾਜ਼ਾਂ ਨੂੰ ਹਰਾ ਕੇ ਵਾਰ ਵਾਰ ਵਰਲਡ ਟਾਈਟਲ ਜਿੱਤੇ। ਜਿਥੇ ਵਿਸ਼ਵ ਭਰ 'ਚ ਉਸ ਦੀ ਮੁੱਕੇਬਾਜ਼ ਵਜੋਂ ਮਸ਼ਹੂਰੀ ਹੋ ਰਹੀ ਸੀ ਉਥੇ ਕੁਝ ਘਟਨਾਵਾਂ ਐਸੀਆਂ ਵੀ ਘਟੀਆਂ ਜਿਨ੍ਹਾਂ ਨਾਲ ਉਸ ਦੀ ਬਦਨਾਮੀ ਹੋਣੀ ਵੀ ਸ਼ੁਰੂ ਹੋ ਗਈ। 1988 ਵਿਚ ਉਸ ਦਾ ਪਹਿਲਾ ਵਿਆਹ ਐਕਟ੍ਰੈੱਸ ਰੋਬਿਨ ਗਿਵਨਜ਼ ਨਾਲ ਹੋਇਆ ਪਰ ਉਹ ਲੰਮਾ ਸਮਾਂ ਨਾ ਚੱਲ ਸਕਿਆ। ਗਿਵਨਜ਼ ਨੇ ਦੋਸ਼ ਲਾਇਆ ਕਿ ਉਹ ਮਾਰਖੋਰਾ ਹੈ ਤੇ ਵਧੀਕੀਆਂ ਕਰਦਾ ਹੈ। ਮਾਈਕ 'ਤੇ ਚਾਰਜ ਲੱਗੇ, ਮੁਕੱਦਮਾ ਚੱਲਿਆ ਤੇ ਵਿਆਹ 1989 'ਚ ਹੀ ਟੁੱਟ ਗਿਆ। ਤਦ ਤਕ ਕੋਈ ਬਾਲ ਬੱਚਾ ਨਹੀਂ ਸੀ। ਮਾਈਕ ਦੀ ਬਦਨਾਮੀ ਹੋਣ ਲੱਗ ਪਈ ਤੇ ਚੜ੍ਹੀ ਹੋਈ ਗੁੱਡੀ ਲੱਥਣੀ ਸ਼ੁਰੂ ਹੋ ਗਈ। ਉਸ ਤੋਂ ਮਾੜਾ ਸਮਝੇ ਜਾਂਦੇ ਮੁੱਕੇਬਾਜ਼ ਜੇਮਸ (ਬਸਟਰ) ਡੌਗਲਜ਼ ਹੱਥੋਂ ਉਹ 11 ਫਰਵਰੀ 1990 ਨੂੰ ਦਸਵੇਂ ਰਾਊਂਡ 'ਚ ਹਾਰ ਗਿਆ। ਪਰ ਉਸ ਨੇ ਦਿਲ ਨਾ ਛੱਡਿਆ ਤੇ ਅਗਲੇ ਚਾਰ ਭੇੜ ਮੁੜ ਜਿੱਤਿਆ। ਜਿੱਤਾਂ ਜਿੱਤਦਾ ਉਹ ਜਬਰ ਜਿਨਾਹ ਦਾ ਗੁਨਾਹ ਵੀ ਕਰ ਬੈਠਾ। ਜੁਲਾਈ 1991 'ਚ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਦੋਸ਼ ਲੱਗਾ ਕਿ ਉਸ ਨੇ 'ਮਿਸ ਬਲੈਕ ਰ੍ਹੋਡ ਆਈਲੈਂਡ' ਬਣੀ 18 ਸਾਲਾਂ ਦੀ ਡੀਜੀਰੀ ਵਸ਼ਿੰਗਟਨ ਨਾਲ ਇੰਡੀਅਨਐਪਲਿਸ ਦੇ ਕੈਨਟਰਬਰੀ ਹੋਟਲ ਵਿਚ ਜ਼ਬਰਦਸਤੀ ਕੀਤੀ ਸੀ। ਉਹ ਉਦੋਂ 'ਮਿਸ ਬਲੈਕ ਅਮਰੀਕਾ' ਦੇ ਮੁਕਾਬਲੇ ਲਈ ਰਿਹਰਸਲਾਂ ਕਰਨ ਗਈ ਸੀ। ਮਾਈਕ ਟਾਈਸਨ ਤੇ ਕ੍ਰਿਮੀਨਲ ਕਨਫਾਈਨਮੈਂਟ, ਕ੍ਰਿਮੀਨਲ ਕੰਡਕਟ ਤੇ ਰੇਪ ਕਰਨ ਦੇ ਸੰਗੀਨ ਦੋਸ਼ ਲੱਗੇ ਜਿਨ੍ਹਾਂ ਦੇ ਸਿੱਧ ਹੋ ਜਾਣ ਨਾਲ ਉਸ ਨੂੰ 63 ਸਾਲਾਂ ਤਕ ਦੀ ਕੈਦ ਹੋ ਸਕਦੀ ਸੀ। ਦੋਹਾਂ ਪਾਸਿਆਂ ਤੋਂ ਨਾਮੀ ਵਕੀਲ ਮੁਕੱਦਮਾ ਲੜੇ। ਉਨ੍ਹਾਂ ਦੀਆਂ ਬਹਿਸਾਂ ਅਮਰੀਕਾ ਦੇ ਮੀਡੀਏ ਦਾ ਸ਼ਿੰਗਾਰ ਬਣੀਆਂ। ਆਖ਼ਰ 26 ਮਾਰਚ 1992 ਨੂੰ ਮੁਕੱਦਮੇ ਦਾ ਫੈਸਲਾ ਸੁਣਾਉਂਦਿਆਂ ਮਾਈਕ ਟਾਈਸਨ ਨੂੰ 4 ਸਾਲ ਦੀ ਪ੍ਰੋਬੇਸ਼ਨ ਤੇ 6 ਸਾਲ ਦੀ ਕੈਦ ਬੋਲੀ ਗਈ। ਪਰ ਅਪੀਲ ਕਰਨ ਨਾਲ ਉਹ ਮਾਰਚ 1995 'ਚ ਜੇਲ੍ਹ ਤੋਂ ਬਾਹਰ ਆ ਗਿਆ ਤੇ ਮੁੜ ਮੁੱਕੇਬਾਜ਼ੀ ਦੇ ਮੁਕਾਬਲੇ ਲੜਨ ਲੱਗਾ। 1992 ਵਿਚ ਕਮੇਡੀਅਨ ਬਿੱਲ ਕੋਸਬੀ ਦੀ ਲੜਕੀ ਐਰਿਨ ਕੋਸਬੀ ਨੇ ਵੀ ਦੋਸ਼ ਲਾਇਆ ਸੀ ਕਿ 1989 'ਚ ਟਾਈਸਨ ਨੇ ਉਸ ਨਾਲ ਵੀ ਜਬਰ ਜਿਨਾਹ ਕੀਤਾ ਸੀ। ਪਰ ਉਹਦਾ ਦੋਸ਼ ਸਿੱਧ ਨਹੀਂ ਸੀ ਹੋ ਸਕਿਆ ਜਿਸ ਕਰਕੇ ਉਹ ਬਰੀ ਹੋ ਗਿਆ ਸੀ। ਇਕ ਵਾਰ ਉਹ ਨਸ਼ੇ ਦੀ ਹਾਲਤ ਵਿਚ ਗੱਡੀ ਚਲਾਉਂਦਾ ਫੜਿਆ ਗਿਆ ਸੀ ਜਿਸ ਦੀ ਸਜ਼ਾ ਸੋਸ਼ਲ ਸੇਵਾ ਕਰਨ ਦੀ ਮਿਲੀ ਸੀ। ਤਿੰਨ ਸਾਲ ਦੀ ਕੈਦ ਕੱਟ ਕੇ ਭਾਵੇਂ ਉਹਦੇ ਵਰਤਾਵ ਵਿਚ ਕੁਝ ਹਲੀਮੀ ਜ਼ਰੂਰ ਆਈ ਸੀ ਪਰ ਉਹ ਪੂਰਾ ਸੁਧਰਿਆ ਨਹੀਂ ਸੀ। ਕਦੇ ਕਦੇ ਮਾਰ-ਕੁੱਟ ਦਾ ਫਤੂਰ ਫਿਰ ਜਾਗ ਪੈਂਦਾ ਸੀ ਜਿਸ ਦੀ ਫਿਰ ਸਜ਼ਾ ਭੁਗਤਣੀ ਪੈਂਦੀ ਸੀ। ਜੇਲ੍ਹ ਜਾਣ ਤੋਂ ਪਹਿਲਾਂ ਉਹ ਵਧੇਰੇ ਮੁਕਾਬਲੇ ਵਿਰੋਧੀ ਨੂੰ ਨਾਕ ਆਊਟ ਕਰ ਕੇ ਜਿੱਤਦਾ ਸੀ ਜਦ ਕਿ ਜੇਲ੍ਹ ਤੋਂ ਬਾਹਰ ਆਉਣ ਪਿੱਛੋਂ ਵਿਰੋਧੀ ਨੂੰ ਸਹਿਜ ਨਾਲ ਹਰਾ ਕੇ ਜਿੱਤਣ ਲੱਗ ਪਿਆ ਸੀ। 1996 'ਚ ਉਸ ਨੇ ਫਰੈਂਕ ਬਰੂਨੋ ਤੇ ਬਰੂਸ ਸੈਲਡਨ ਨੂੰ ਹਰਾ ਕੇ ਚੈਂਪੀਅਨਸ਼ਿਪ ਦੀਆਂ ਦੋ ਬੈਲਟਾਂ ਜਿੱਤੀਆ।



9 ਨਵੰਬਰ 1996 ਨੂੰ ਉਹਦਾ ਦੋ ਵਾਰ ਦੇ ਹੈਵੀਵੇਟ ਚੈਂਪੀਅਨ ਇਵੈਂਡਰ ਹੋਲੀਫੀਲਡ ਨਾਲ ਭੇੜ ਹੋਇਆ ਤਾਂ ਉਹ 11ਵੇਂ ਰਾਊਂਡ ਵਿਚ ਟੈਕਨੀਕਲੀ ਨਾਕ ਆਊਟ ਹੋ ਗਿਆ। ਇਹ ਉਸ ਦੇ ਕੈਰੀਅਰ ਦੀ ਦੂਜੀ ਵੱਡੀ ਹਾਰ ਸੀ ਜਿਸ ਦਾ ਬਦਲਾ ਲੈਣ ਲਈ 28 ਜੂਨ 1997 ਨੂੰ ਫਿਰ ਹੋਲੀਫੀਲਡ ਨਾਲ ਭਿੜਿਆ। ਇਸ ਵਾਰ ਉਹਦੇ ਅੰਦਰਲਾ ਮਾਰਖੋਰਾ ਮਾਈਕ ਮੁੜ ਜਾਗ ਪਿਆ। ਉਸ ਨੇ ਗੁੱਸੇ ਵਿਚ ਹੋਲੀਫੀਲਡ ਦੇ ਕੰਨਾਂ ਨੂੰ ਅਜਿਹੇ ਚੱਕ ਮਾਰੇ ਕਿ ਉਹਦੇ ਇਕ ਕੰਨ ਦਾ ਲਹੂਲੁਹਾਨ ਟੁਕੜਾ ਪੈਰਾਂ 'ਚ ਆ ਡਿੱਗਾ। ਹੋਲੀਫੀਲਡ ਦਰਦ ਨਾਲ ਤਿਲਮਲਾਇਆ ਜਿਸ ਦਾ ਮੀਡੀਏ ਨੇ ਬੜਾ ਰੌਲਾ ਪਾਇਆ। ਸਿੱਟੇ ਵਜੋਂ ਜੱਜਾਂ ਨੇ ਮਾਈਕ ਨੂੰ ਅਯੋਗ ਕਰਾਰ ਦੇ ਕੇ ਉਹਦਾ ਮੁੱਕੇਬਾਜ਼ੀ ਦਾ ਲਸੰਸ ਹੀ ਰੱਦ ਦਿੱਤਾ।

ਦੋ ਸਾਲ ਪਹਿਲਾਂ ਉਹ ਇਕ ਆਟੋਮੋਬਾਈਲ ਹਾਦਸੇ ਵਿਚ ਦੋ ਸੀਨੀਅਰ ਬੰਦਿਆਂ ਨੂੰ ਕੁੱਟ ਬੈਠਾ ਸੀ ਜਿਸ ਦਾ ਮੁਕੱਦਮਾ ਚੱਲ ਰਿਹਾ ਸੀ। 6 ਫਰਵਰੀ 1999 ਨੂੰ ਉਸ ਮੁਕੱਦਮੇ ਦੀ ਸਜ਼ਾ ਮਿਲੀ ਜਿਸ ਵਿਚ ਇਕ ਸਾਲ ਦੀ ਕੈਦ, ਦੋ ਸਾਲ ਦੀ ਪ੍ਰੋਬੇਸ਼ਨ, 200 ਘੰਟਿਆਂ ਦੀ ਸੋਸ਼ਲ ਸਰਵਿਸ ਤੇ 2500 ਡਾਲਰ ਜੁਰਮਾਨਾ ਸੀ। ਮੁੱਕੇਬਾਜ਼ੀ ਕਰਦਿਆਂ 400 ਮਿਲੀਅਨ ਤੋਂ ਵੀ ਵੱਧ ਡਾਲਰ ਕਮਾਉਣ ਦੇ ਬਾਵਜੂਦ ਇਕ ਸਮਾਂ ਐਸਾ ਵੀ ਆਇਆ ਜਦੋਂ ਮਾਈਕ ਨੇ ਖ਼ੁਦ ਨੂੰ 34 ਮਿਲੀਅਨ ਦਾ ਦੀਵਾਲੀਆ ਐਲਾਨਿਆ। ਟਾਈਸਨ ਦਾ ਲਸੰਸ ਬਹਾਲ ਹੋਇਆ ਤਾਂ ਉਸ ਨੇ 16 ਜਨਵਰੀ 1999 ਨੂੰ ਫਰਾਂਜ਼ ਬੋਠਾ ਨੂੰ ਪੰਜਵੇਂ ਰਾਊਂਡ 'ਚ ਨਾਕ ਆਊਟ ਕਰ ਦਿੱਤਾ। ਇਕ ਮੈਚ ਵਿਚ ਉਸ ਨੇ ਰੈਫਰੀ ਦੇ ਹੀ ਮੁੱਕੇ ਜੜ ਦਿੱਤੇ। ਜੂਨ 2000 ਵਿਚ ਉਸ ਨੇ ਅਮਰੀਕਾ ਦੇ ਲੌਅ ਸਵਾਰੀਸ ਤੇ ਬਰਤਾਨੀਆ ਦੇ ਹੈਵੀਵੇਟ ਚੈਂਪੀਅਨ ਲਿਨੋਕਸ ਲੇਵਿਸ ਅਤੇ ਅਕਤੂਬਰ 2000 'ਚ ਐਂਡਰਿਊ ਗੋਲੋਟਾ ਨਾਲ ਲੋਹਾ ਲਿਆ। ਡੋਪ ਟੈਸਟ ਵਿਚ ਉਹ ਮੈਰੀਜੁਅਨਾ ਲੈਣ ਦਾ ਦੋਸ਼ੀ ਪਾਇਆ ਗਿਆ। ਇੰਜ ਉਸ ਦੀਆਂ ਜਿੱਤਾਂ ਹਾਰਾਂ ਦਾ ਸਿਲਸਿਲਾ 2005 ਤਕ ਚਲਦਾ ਰਿਹਾ। ਇਸ ਦੌਰਾਨ ਉਹ ਜੁਰਮਾਂ ਦੀਆਂ ਸਜ਼ਾਵਾਂ ਵੀ ਭੁਗਤਦਾ ਰਿਹਾ। ਫਿਰ ਵੀ ਮੁੱਕੇਬਾਜ਼ੀ ਦੀ ਮੰਡੀ ਵਿਚ ਉਸ ਦਾ ਮੁੱਲ ਵਧਦਾ ਗਿਆ ਤੇ 58ਵੇਂ ਸਾਲ ਦੀ ਉਮਰ ਵਿਚ ਉਸ ਨੂੰ 27 ਸਾਲਾਂ ਦੇ ਯੂਟਿਊਬਰ ਜੈਕ ਪਾਲ ਨੇ ਵੰਗਾਰਿਆ। ਜੁਲਾਈ 2024 'ਚ ਉਨ੍ਹਾਂ ਵਿਚਕਾਰ ਭੇੜ ਮਿਥਿਆ ਗਿਆ ਜੋ ਮਾਈਕ ਦੇ ਬਿਮਾਰ ਹੋਣੇ 15 ਨਵੰਬਰ 2024 ਨੂੰ ਹੋਇਆ। ਮਾਈਕ ਵੀਹ ਸਾਲਾਂ ਬਾਅਦ ਪੇਸ਼ਾਵਰ ਮੁਕਾਬਲੇ ਲਈ ਰਿੰਗ ਵਿਚ ਉਤਰਿਆ। ਅਰਲਿੰਗਟਨ, ਟੈਕਸਾਸ ਦੇ ਵੱਡੇ ਸਟੇਡੀਅਮ ਵਿਚ ਬਹੁਤ ਵੱਡੀ ਗਿਣਤੀ 'ਚ ਲੋਕ 'ਕੱਠੇ ਹੋਏ ਤੇ ਕਰੋੜਾਂ ਲੋਕਾਂ ਨੇ ਟੀਵੀ ਤੋਂ ਉਹ ਮੈਚ ਵੇਖਿਆ। ਜੈਕ ਪਾਲ ਨੇ ਮਾਈਕ ਟਾਈਸਨ ਨੂੰ 80-72, 79-73 ਅੰਕਾਂ ਨਾਲ ਹਰਾ ਕੇ ਉਹ ਮੁਕਾਬਲਾ ਜਿੱਤਿਆ। ਉਸ ਨੇ ਆਪਣੀ ਸਵੈਜੀਵਨੀ ਵੀ ਲਿਖਵਾਈ ਜਿਸ ਵਿਚ ਅਨੇਕ ਭੇਤ ਨਸ਼ਰ ਕੀਤੇ। 2011 ਵਿਚ ਉਸ ਦਾ ਨਾਂ ਇੰਟਰਨੈਸ਼ਨਲ ਬੌਕਸਿੰਗ ਹਾਲ, 2013 ਵਿਚ ਬੌਕਸਿੰਗ ਹਾਲ ਆਫ਼ ਫੇਮ ਤੇ 2015 ਸਾਊਥਰਨ ਨੇਵਾਡਾ ਹਾਲ ਆਫ਼ ਫੇਮ ਵਿਚ ਉਕਰਿਆ ਗਿਆ। ਉਸ ਦਾ ਪਹਿਲਾਂ ਵਿਆਹ ਜੋ 1988 ਵਿਚ ਐਕਟ੍ਰੈੱਸ ਰੋਬਿਨ ਗਿਬਨਜ਼ ਨਾਲ ਹੋਇਆ ਸੀ 1989 ਤਕ ਹੀ ਚੱਲਿਆ ਸੀ। ਦੂਜਾ ਵਿਆਹ 1997 'ਚ ਰਾਜਸੀ ਘਰ ਦੀ ਧੀ ਮੋਨਿਕਾ ਟਰਨਰ ਹੋਇਆ ਜੋ 2003 ਤਕ ਚੱਲ ਗਿਆ। ਇਸ ਦੌਰਾਨ ਉਨ੍ਹਾਂ ਦੇ ਬੱਚੇ ਵੀ ਪੈਦਾ ਹੋਏ ਪਰ ਉਹ ਫਿਰ ਵੀ ਤਲਾਕੋ ਤਲਾਕੀ ਹੋ ਗਏ। ਮਾਈਕ ਦਾ ਤੀਜਾ ਵਿਆਹ 43 ਸਾਲ ਦੀ ਉਮਰੇ 2009 ਵਿਚ ਲਕੀਹਾ ਸਪਾਈਸਰ ਨਾਲ ਹੋਇਆ ਜੋ ਅਜੇ ਤੱਕ ਸੁੱਖੀਂ ਸਾਂਦੀਂ ਚੱਲ ਰਿਹੈ। ਮਾਈਕ ਟਾਈਸਨ ਦੇ 7 ਬੱਚੇ ਹੋਏ ਜਿਨ੍ਹਾਂ 'ਚੋਂ 6 ਹਰੀ ਕੈਮ ਹਨ। ਇਹ ਸਤਰਾਂ ਲਿਖਣ ਵੇਲੇ ਬਹੁਚਰਚਿਤ ਮੁੱਕੇਬਾਜ਼ ਮਾਈਕ ਟਾਈਸਨ 59ਵੇਂ ਵਰ੍ਹੇ 'ਚ ਹੈ ਤੇ ਸੈਵਨ ਹਿੱਲਜ਼, ਨੇਵਾਡਾ, ਅਮਰੀਕਾ ਵਿਚ ਘੁੱਗ ਵਸ ਰਿਹੈ।

# ਮਨੁੱਖੀ ਸੇਵਾ ਦੀ ਅਦਭੁਤ ਮਿਸਾਲ ਦਾ ਕੇਂਦਰ : ਪਿੰਗਲਵਾੜਾ

ਅੰਮ੍ਰਿਤਸਰ ਸਾਹਿਬ ਵਿਖੇ ਸਥਿਤ ਪਿੰਗਲਵਾੜਾ ਮਨੁੱਖਤਾ ਦੀ ਸੇਵਾ ਦਾ ਇੱਕ ਅਜਿਹਾ ਪਵਿੱਤਰ ਕੇਂਦਰ ਹੈ, ਜਿਸ ਨੇ ਸਮਾਜ ਦੇ ਅਣਗੌਲੇ, ਬੇਸਹਾਰਾ ਅਤੇ ਅੰਗਹੀਣ ਵਰਗ ਨੂੰ ਨਵਾਂ ਜੀਵਨ ਦਿੱਤਾ ਹੈ। ਇਸ ਸੰਸਥਾ ਦੀ ਨੀਂਹ ਭਗਤ ਪੂਰਨ ਸਿੰਘ ਜੀ ਨੇ ਉਦੋਂ ਰੱਖੀ ਸੀ, ਜਦੋਂ ਉਨ੍ਹਾਂ ਨੇ ਸਮਾਜ ਦੇ ਉਨ੍ਹਾਂ ਲੋਕਾਂ ਨੂੰ ਅਪਣਾਉਣ ਦਾ ਬੀੜਾ ਚੁੱਕਿਆ ਜਿਨ੍ਹਾਂ ਦਾ ਕੋਈ ਸਹਾਰਾ ਨਹੀਂ ਸੀ। ਭਗਤ ਜੀ ਦਾ ਬਚਪਨ ਦਾ ਨਾਂ 'ਰਾਮਜੀ ਦਾਸ' ਸੀ । ਲਾਹੌਰ ਦੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਕੀਤੀ ਲਾਚਾਰ ਤੇ ਲਾਵਾਰਿਸ ਰੋਗੀਆਂ ਦੀ ਨਿਸ਼ਕਾਮ ਸੇਵਾ-ਸੰਭਾਲ ਨੇ ਉਨ੍ਹਾਂ ਨੂੰ ਰਾਮਜੀ ਦਾਸ ਤੋਂ 'ਭਗਤ ਪੂਰਨ ਸਿੰਘ' ਬਣਾ ਦਿੱਤਾ। ਮਾਤਾ ਮਹਿਤਾਬ ਕੌਰ ਅਤੇ ਪਿਤਾ ਤੋਂ ਪ੍ਰਾਪਤ ਸਿਖਿਆ ਨੇ ਉਨ੍ਹਾਂ ਦੀ ਸ਼ਖ਼ਸੀਅਤ ਵਿੱਚ ਮਨੁੱਖਤਾ ਪ੍ਰਤੀ ਹੋਰ ਵੀ ਡੂੰਘੀ ਹਮਦਰਦੀ ਭਰ ਦਿੱਤੀ।

ਭਗਤ ਪੂਰਨ ਸਿੰਘ ਜੀ ਦੀ ਸੇਵਾ, ਲਗਨ ਅਤੇ ਯਤਨਾਂ ਸਦਕਾ ਪਿੰਗਲਵਾੜੇ ਦਾ ਲਾਇਆ ਹੋਇਆ ਬੂਟਾ ਅੱਜ ਇੱਕ ਬੋਹੜ ਦਾ ਰੂਪ ਧਾਰ ਗਿਆ ਹੈ। ਉਹਨਾਂ ਦੇ ਅਕਾਲ ਚਲਾਣੇ ਤੋਂ ਬਾਅਦ ਉਨ੍ਹਾਂ ਦੀ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਨੇ ਨਾ ਸਿਰਫ਼ ਇਸ ਸੰਸਥਾ ਦੇ ਸੇਵਾ ਕਾਰਜਾਂ ਨੂੰ ਜਾਰੀ ਰੱਖਿਆ ਸਗੋਂ ਇਸ ਨੂੰ ਮਨੁੱਖੀ ਸੇਵਾ ਦੇ ਨਵੇਂ ਯਤਨਾਂ ਨਾਲ ਵੀ ਜੋੜਿਆ। ਉਹਨਾਂ ਦੀ ਟੀਮ ਸਿਰਫ਼ ਸਰੀਰਕ ਤੌਰ ਤੇ ਹੀ ਨਹੀਂ ਸਗੋਂ ਮਨੋਵਿਗਿਆਨਕ ਅਤੇ ਸਵੈ-ਨਿਰਭਰਤਾ ਦੇ ਦ੍ਰਿਸ਼ਟੀਕੋਣ ਤੋਂ ਵੀ ਬੇਆਸਰਿਆਂ ਅਤੇ ਅੰਗਹੀਣਾਂ ਦੀ ਦੇਖਭਾਲ ਕਰਦੀ ਹੈ। ਉਹਨਾਂ ਦੀ ਦ੍ਰਿਸ਼ਟੀ ਸਿਰਫ ਦੁੱਖ ਅਤੇ ਦਰਦ ਤੋਂ ਰਾਹਤ ਪ੍ਰਦਾਨ ਕਰਨ ਤੱਕ ਸੀਮਿਤ ਨਹੀਂ ਹੈ, ਸਗੋਂ ਉਹ ਇਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਦੁੱਖ ਅਤੇ ਦਰਦ ਪੈਦਾ ਹੀ ਨਾ ਹੋਣ। ਇਸ ਮਿਹਨਤਕਸ਼ ਕਾਰਜ ਲਈ ਉਹ ਲਗਾਤਾਰ ਯਤਨਸ਼ੀਲ ਹਨ।

ਇੱਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਡਾ. ਇੰਦਰਜੀਤ ਕੌਰ ਜੀ ਵਾਤਾਵਰਨ ਦੀ ਸ਼ੁੱਧਤਾ, ਨੈਤਿਕ ਕਦਰਾਂ-ਕੀਮਤਾਂ ਦੀ ਸਿੱਖਿਆ ਅਤੇ ਸਮਾਜਿਕ ਚੇਤਨਾ ਦਾ ਪ੍ਰਚਾਰ ਆਪਣੇ ਵੱਲੋਂ ਲਿਖੀਆਂ ਕਿਤਾਬਾਂ






ਦੀਆਂ ਰਚਨਾਵਾਂ 'ਚ ਆਮਤੌਰ ਤੇ ਕਰਦੇ ਰਹਿੰਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਸੰਸਾਰਿਕ ਮਸਲਿਆਂ 'ਚ ਫਸਿਆ ਮਨੁੱਖ ਆਪਣੇ ਆਤਮਿਕ ਜੀਵਨ ਦੀ ਕੀਮਤੀ ਦੌਲਤ ਨੂੰ ਅਜਾਈਂ ਗੁਆ ਰਿਹਾ ਹੈ।

ਅੱਜ ਪਿੰਗਲਵਾੜਾ ਨਾ ਸਿਰਫ਼ ਬੇਆਸਰਿਆਂ ਅਤੇ ਅਪਾਹਜਾਂ ਲਈ ਆਸਰਾ ਹੈ, ਸਗੋਂ ਇਹ ਕੁਦਰਤ ਦੀ ਸੰਭਾਲ ਅਤੇ ਵਾਤਾਵਰਨ ਸ਼ੁੱਧਤਾ ਲਈ ਵੀ ਨਾਲ- ਨਾਲ ਕੰਮ ਕਰਦਾ ਹੈ। ਈਰਖਾ ਅਤੇ ਨਫ਼ਰਤ ਨਾਲ ਭਰੀ ਦੁਨੀਆਂ ਵਿੱਚ, ਇਹ ਸੰਸਥਾ ਨਿਰਸਵਾਰਥ ਪ੍ਰੇਮ ਅਤੇ ਸੇਵਾ ਦੀ ਇੱਕ ਵਿਲੱਖਣ ਮਿਸਾਲ ਹੈ। ਅੱਜ ਪਿੰਗਲਵਾੜਾ ਇੱਕ ਅਜਿਹਾ ਮਾਡਲ ਬਣ ਗਿਆ ਹੈ ਜਿੱਥੇ ਦੇਸ਼-ਵਿਦੇਸ਼ ਤੋਂ ਲੋਕ ਸਿੱਖਣ ਲਈ ਆਉਂਦੇ ਹਨ। ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ, ਯਾਤਰੂ ਤੇ ਹੋਰ ਸ਼ਖ਼ਸੀਅਤਾਂ ਅਕਸਰ ਇੱਥੇ ਆਉਂਦੀਆਂ ਰਹਿੰਦੀਆਂ ਹਨ ਅਤੇ ਡਾ: ਇੰਦਰਜੀਤ ਕੌਰ ਦੀ ਅਗਵਾਈ ਹੇਠ ਕੀਤੀ ਜਾ ਰਹੀ ਨਿਸ਼ਕਾਮ ਸੇਵਾ ਤੋਂ ਬਲਿਹਾਰੇ ਜਾਂਦੀਆਂ ਹਨ। ਮਨੁੱਖੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਵਾਸਤੇ ਲੰਡਨ ਸਥਿਤ ਸੰਸਥਾ ਸਿੱਖ ਡਾਇਰੈਕਟਰੀ ਨੇ 'ਦਿ ਸਿੱਖ ਐਵਾਰਡ-2012' ਤਹਿਤ ਉਹਨਾਂ ਨੂੰ 'ਲਾਈਫ ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ ਵੀ ਕੀਤਾ।

ਡਾ: ਇੰਦਰਜੀਤ ਕੌਰ ਜੋ ਕਿ ਆਪ ਇੱਕ ਡਾਕਟਰ ਹਨ, ਮਰੀਜ਼ਾਂ ਨੂੰ ਨਾ ਸਿਰਫ਼ ਸਰੀਰਕ ਤੌਰ 'ਤੇ ਤੰਦਰੁਸਤ ਬਣਾਉਂਦੇ ਹਨ ਸਗੋਂ ਉਨ੍ਹਾਂ ਨੂੰ ਸੇਵਾ ਲਈ ਵੀ ਪ੍ਰੇਰਿਤ ਕਰਦੇ ਹਨ ਙ ਇਹ ਸੰਸਥਾ ਅੰਮ੍ਰਿਤਸਰ ਦੀਆਂ ਤਿੰਨ ਸੰਸਥਾਵਾਂ ਤੋਂ ਇਲਾਵਾ ਸੰਗਰੂਰ, ਜਲੰਧਰ ਅਤੇ ਚੰਡੀਗੜ੍ਹ ਆਦਿ ਸ਼ਹਿਰਾਂ ਵਿੱਚ ਵੀ ਸੇਵਾ ਕਾਰਜ ਕਰ ਰਹੀਆਂ ਹਨ।

ਡਾ: ਇੰਦਰਜੀਤ ਕੌਰ ਦੀ ਉਸਾਰੂ ਤੇ ਅਮਲੀ ਪਹੁੰਚ ਹੀ ਸੰਸਥਾ ਦੀ ਮਜ਼ਬੂਤੀ ਹੈ। ਉਹਨਾਂ ਦੀ ਸਾਹਿਤ ਵੱਲ ਰੁਚੀ ਅਤੇ ਸਿੱਖਣ ਦੀ ਉਤਸੁਕਤਾ ਹੀ ਪਿੰਗਲਵਾੜੇ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਂਦੀ ਹੈ। ਭਗਤ ਪੂਰਨ ਸਿੰਘ ਜੀ ਅਤੇ ਮਹਿਤਾਬ ਕੌਰ ਦੁਆਰਾ ਦਰਸਾਏ ਮਾਰਗ ਤੇ ਚਲਦੇ ਹੋਏ ਉਹਨਾਂ ਵਲੋਂ ਕੀਤੇ ਕੰਮ ਇਸ ਗੱਲ ਦੀ ਗਵਾਹੀ ਭਰਦੇ ਹਨ।

ਸੰਵੇਦਨਸ਼ੀਲਤਾ ਦੀ ਮਿਸਾਲ ਬਣੇ ਪਿੰਗਲਵਾੜੇ ਦੇ ਕੰਮ ਦਾ ਘੇਰਾ ਸਿਰਫ਼ ਸੇਵਾ ਤੱਕ ਹੀ ਸੀਮਤ ਨਹੀਂ ਹੈ, ਇਹ ਇੱਕ ਖੋਜ ਕੇਂਦਰ ਹੈ, ਜਿੱਥੇ ਅਪੂਰਣ ਲੋਕਾਂ ਨੂੰ ਸੰਪੂਰਨਤਾ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਉੱਥੋਂ ਦੀ ਯਾਤਰਾ ਹੀ ਪ੍ਰੇਮ ਅਤੇ ਸੇਵਾ ਦੇ ਅਸਲੀ ਅਰਥ ਸਮਝਾਉਂਦੀ ਹੈ। ਪਿੰਗਲਵਾੜਾ ਸੱਚਮੁੱਚ ਇਸ ਗੱਲ ਦਾ ਪ੍ਰਤੀਕ ਹੈ ਕਿ ਨਿਰਸਵਾਰਥ ਸੇਵਾ ਸਮਾਜ ਵਿੱਚ ਸਕਾਰਾਤਮਕ ਤਬਦੀਲੀ ਲਿਆ ਸਕਦੀ ਹੈ ਅਤੇ ਲਿਆ ਰਹੀ ਹੈ।



ਬਲਦੇਵ ਸਿੰਘ ਬੇਦੀ
ਜਲੰਧਰ

# ਜੀਹਨੂੰ ਪੱਟਦਾ ਜੜ੍ਹਾਂ ਤੋਂ ਪੱਟਦਾ ਤਾਂਹੀਓਂ ਕਹਿੰਦੇ 5911 ਨੀਂ !





Indian Diplomacy.
ਟਰੂਡੋ ਸਾਬ...... ਦੋਹਾਂ ਮੁਲਕਾਂ ਦੇ ਆਪਸੀ ਰਿਸ਼ਤਿਆਂ ਉੱਤੇ ਗਹਿਰੀ ਨਜ਼ਰ ਰੱਖਣ ਵਾਲੇ ਜਾਣਦੇ ਹਨ ਕਿ ਭਾਰਤ ਨਾਲ ਖੁੰਦਕ ਤੁਹਾਨੂੰ ਭਾਵੇਂ ਗੁੜ੍ਹਤੀ ਵਿੱਚ ਨਾ ਮਿਲੀ ਹੋਵੇ ਪਰ ਪਰਵਰਿਸ਼ ਤੁਹਾਡੀ ਉਸ ਘਰ ਵਿੱਚ ਹੋਈ ਜਿੱਥੇ ਭਾਰਤ ਨਾਲ ਖੁੰਦਕ ਭਰਿਆ ਮਾਹੌਲ ਹੀ ਹਾਵੀ ਰਿਹਾ...।

ਸੰਸਕਾਰਾਂ ਦੀ ਝਲਕ ਕਿਰਦਾਰਾਂ ਵਿੱਚੋਂ ਦਿਖ ਹੀ ਜਾਂਦੀ ਹੈ.... ਸਵਾਮੀ ਵਿਵੇਕਾਨੰਦ ਜੀ

ਗਲਤੀਆਂ ਦੀ ਸ਼ੁਰੂਆਤ ਤੁਹਾਡੇ ਬਾਪੂ ਜੀ ਟਰੂਡੋ-1 ਨੇ ਕੀਤੀ ਸੀ ਜਦੋਂ ਤਿੰਨਾਂ ਮੁਲਕਾਂ ਭਾਰਤ ਕਨੇਡਾ ਅਮਰੀਕਾ ਵਿਚਕਾਰ ਹੋਏ ਕੁੱਝ ਪਰਮਾਣੂ ਸਮਝੌਤਿਆਂ ਤੋਂ ਉਨ੍ਹਾਂ ਨੇ ਹੱਥ ਪਿੱਛੇ ਖਿੱਚੇ ਸੀ।

1960 ਵਿੱਚ ਭਾਰਤ ਸਰਕਾਰ ਨੇ Candu Reactor ਦੀ ਸਥਾਪਨਾ ਕਰਕੇ ਹੋਮੀ ਜਹਾਂਗੀਰ ਭਾਭਾ ਦੀ ਕਮਾਂਡ ਹੇਠ ਜਦੋਂ ਪ੍ਰਮਾਣੂ ਊਰਜਾ ਪੈਦਾ ਕਰਨ ਤੇ ਕੰਮ ਕਰਨਾ ਸ਼ੁਰੂ ਕੀਤਾ, ਤਾਂ ਅੱਗੇ ਚੱਲਕੇ ਇਹ ਤਿੰਨਾਂ ਮੁਲਕਾਂ ਵਿਚਕਾਰ ਹੋਏ ਸਮਝੌਤੇ ਦੇ ਅਗਲੇ ਰੂਪ CIRUS newclear Reactor ਵਿੱਚ ਤਬਦੀਲ ਹੋਇਆ।

1974 ਵਿੱਚ ਭਾਰਤ ਵਲੋਂ ਕੀਤੇ ਪ੍ਰਮਾਣੂ ਪ੍ਰੀਖਣ ਤੋਂ ਬਾਅਦ ਟਰੂਡੋ-1 ਉਦੋਂ ਭਾਰਤ ਉਤੇ ਸ਼ਰਤਾਂ ਦੇ ਉਲੰਘਣ ਦਾ ਦੋਸ਼ ਲਾਕੇ ਸਮਝੌਤੇ ਤੋਂ ਬਾਹਰ ਹੋ ਗਿਆ, ਪਰ ਉਦੋਂ ਹੀ ਅਮਰੀਕੀ ਵਿਦੇਸ਼ ਵਿਭਾਗ ਦੀ ਰਿਪੋਰਟ ਨੇ ਇਹ ਕਹਿਕੇ ਟਰੂਡੋ-1 ਦੀ ਸਿਆਸਤ ਬੋਨੀ ਕਰ ਦਿੱਤੀ ਕਿ ਭਾਰਤ ਨੇ ਕੋਈ ਉਲੰਘਣਾ ਨਹੀਂ ਕੀਤੀ। ਨਤੀਜੇ ਵਜੋਂ ਟਰੂਡੋ -1 ਨੇ ਸਬਕ ਸਿੱਖਣ ਦੀ ਵਜਾਏ ਨਿੱਜੀ ਖੁੰਦਕ ਨੂੰ ਉੱਪਰ ਚੁੱਕਦਿਆਂ ਉਨ੍ਹਾਂ ਦਿਨਾਂ ਦੌਰਾਨ ਪੰਜਾਬ ਵਿੱਚ ਵਿਗੜੇ ਘਰੇਲੂ ਹਾਲਾਤਾਂ ਵਿੱਚੋਂ ਆਪਣੀ ਸਿਆਸਤ ਸੈੱਟ ਕਰਨ ਦੇ ਚੱਕਰ ਵਿੱਚ ਭਾਰਤ ਵਿਰੋਧੀ ਗੁੱਟਾਂ ਨੂੰ ਥਾਪੜਾ ਦੇਣਾਂ ਸ਼ੁਰੂ ਕੀਤਾ।

ਭਾਰਤੀ ਡਿਪਲੋਮੇਸੀ ਨੇ ਆਪਣੇ ਮੁਲਕ ਵਿਰੁੱਧ ਹੁੰਦੀਆਂ ਕਾਰਵਾਈਆਂ ਨੂੰ ਨੱਥ ਪਾਉਣ ਲਈ ਕਨੇਡੀਅਨ ਪ੍ਰਸ਼ਾਸਨ ਨੂੰ ਵਾਰ ਵਾਰ ਅਗਾਹ ਕੀਤਾ ਕਿ ਇਹ ਚਾਲ ਤੁਹਾਡੇ ਲਈ ਹੀ ਬਹੁਤ ਖਤਰਨਾਕ ਹੈ ਅਤੇ ਤੁਹਾਡੀ ਇਹ ਸਿਆਸਤ ਤੁਹਾਡੇ ਹੀ ਮੁਲਕ ਦੇ ਘਰੇਲੂ ਹਾਲਾਤਾਂ ਅਤੇ ਆਮ ਕਨੇਡੀਅਨਜ਼ ਦੇ ਜੀਵਨ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਨਤੀਜੇ ਵਜੋਂ ਟਰੂਡੋ -1 ਤਾਂ ਨਹੀਂ ਸਮਝਿਆ ਅਤੇ ਉਸ ਨਾਸਮਝੀ ਦਾ ਖਮਿਆਜ਼ਾ ਆਮ ਕਨੇਡੀਅਨਜ਼ ਨੂੰ ਭੁਗਤਣਾ ਪਿਆ ਜਦੋਂ ਕਨੇਡਾ ਦੇ ਹੀ ਸਮਰਥਨ ਪ੍ਰਾਪਤ ਹਿੰਸਕ ਗੁੱਟਾਂ ਵਲੋਂ ਕਨਿਸ਼ਕ ਕਾਂਡ ਕਰਕੇ ਆਮ ਕਨੇਡੀਅਨਜ਼ ਨੂੰ ਦਰਦਨਾਕ ਜ਼ਖਮ ਦਿੱਤੇ ਗਏ। ਸਮਾਂ ਬਦਲਿਆ ਦਹਾਕੇ ਬਦਲੇ ਅਤੇ ਆਉਂਦੇ ਹਨ ਟਰੂਡੋ -2

ਜਦੋਂ ਕਨੇਡੀਅਨ ਵਿਦੇਸ਼ੀ ਵਿਭਾਗ ਦੇ ਇੱਕ ਵੱਡੇ ਅਧਿਕਾਰੀ Garry Pardy ਨੇ 7/8 ਸਾਲ ਪਹਿਲਾਂ ਇਹ ਆਖਿਆ ਸੀ ਕਿ ਟਰੂਡੋ -2 ਦੀ ਸਿਆਸਤ ਸਹੀ ਦਿਸ਼ਾ ਵੱਲ ਨਹੀਂ ਜਾ ਰਹੀ, ਤਾਂ ਉਦੋਂ ਭਾਵੇਂ ਕੋਈ ਹੈਰਾਨ ਨਹੀਂ ਹੋਇਆ ਸੀ ਪਰ ਅੱਜ ਜਦੋਂ ਉਹੀ Garry Pardy ਇਹ ਆਖਦੇ ਹਨ ਕਿ ਟਰੂਡੋ-2 ਜਿਸ ਰਾਜਨੀਤਕ ਵਿਸਾਤ ਉੱਤੇ ਖੜੇ ਹਨ, ਉਸਦੀਆਂ ਜੜ੍ਹਾਂ ਕਨਿਸ਼ਕ ਕਾਂਡ ਉੱਤੇ ਟਿਕੀਆਂ ਹਨ। ਤਾਂ ਹੈਰਾਨ ਹੋਣ ਦੀ ਵਾਰੀ ਆਮ ਕਨੇਡੀਅਨਜ਼ ਦੀ ਹੈ।

ਖੈਰ ਟਰੂਡੋ-2 ਸਾਬ, ਉਮੀਦ ਹੈ ਹੁਣ ਤੁਹਾਡੇ ਕੋਲ ਵਾਧੂ ਸਮਾਂ ਹੋਵੇਗਾ ਭਾਰਤੀ ਡਿਪਲੋਮੇਸੀ ਨੂੰ ਸਮਝਣ ਲਈ ਤਾਂ ਕਿ 2050 ਤੋਂ ਬਾਅਦ ਕਨੇਡੀਅਨ ਸਿਆਸਤ ਦੇ ਟਰੂਡੋ-3 ਦੇ ਕੰਨਾਂ ਵਿੱਚ ਕਿਤੇ ਮੂਸੇਵਾਲੀਏ ਦੇ ਉਹੀ ਬੋਲ ਨਾ ਗੂੰਜਣ...

'ਜਦੋਂ ਪੱਟਦਾ ਜੜ੍ਹਾਂ ਤੋਂ ਪੁੱਟਦਾ ਤਾਂਹੀਓਂ ਕਹਿੰਦੇ 5911 ਨੀਂ' !

ਬਲਵੀਰ ਸਿੰਘ

# ਜੁੜਿਆ ਹੋਇਆ ਸਮੁੱਚਾ ਬ੍ਰਹਿਮੰਡ ਹੀ ਰੱਬ ਹੈ !

ਸਭ ਗੋਬਿੰਦ ਹੈ, ਸਭ ਗੋਬਿੰਦ ਹੈ॥
ਗੋਬਿੰਦ ਬਿਨ ਨਹੀ ਕੋਇ॥

ਆਸਤਿਕਾਂ ਤੇ ਨਾਸਤਿਕਾਂ ਵਿੱਚ ਰੱਬ ਬਾਰੇ ਅਕਸਰ ਬਹਿਸ ਚਲਦੀ ਰਹਿੰਦੀ ਹੈ। ਜਿਨ੍ਹਾਂ ਨੇ ਰੱਬ ਨੂੰ ਅਨੁਭਵ ਰਾਹੀਂ ਨਹੀਂ ਜਾਣਿਆ, ਉਹ ਹੀ ਅਜਿਹੀਆਂ ਬਹਿਸਾਂ ਵਿੱਚ ਪੈਂਦੇ ਹਨ ਕਿ ਰੱਬ ਹੈ ਜਾਂ ਨਹੀਂ। ਸੱਚੇ ਅਨੁਭਵੀ ਸੰਤਾਂ-ਗੁਰੂਆਂ ਨੇ ਹਮੇਸ਼ਾਂ ਇਹੀ ਸੁਨੇਹਾ ਦਿੱਤਾ ਹੈ ਕਿ ਰੱਬ ਮੰਨਣ ਜਾਂ ਨਾ ਮੰਨਣ ਵਾਲਾ ਨਹੀਂ, ਸਿਰਫ ਤੇ ਸਿਰਫ ਅਨੁਭਵ ਰਾਹੀਂ ਜਾਨਣ ਦਾ ਵਿਸ਼ਾ ਹੈ। ਜਿਨ੍ਹਾਂ ਇਸ ਸੱਚ ਨੂੰ ਜਾਣਿਆ, ਮਾਣਿਆ ਜਾਂ ਅਨੁਭਵ ਕੀਤਾ, ਉਨ੍ਹਾਂ ਦੇ ਮੁਖਾਰਬਿੰਦ ਤੋਂ ਇਹੀ ਨਿਕਲਦਾ ਹੈ: ਸਭ ਗੋਬਿੰਦ ਹੈ, ਸਭ ਗੋਬਿੰਦ ਹੈ। ਗੋਬਿੰਦ ਬਿਨ ਨਹੀ ਕੋਇ।




ਗੁਰਬਾਣੀ ਵਿੱਚ ਵੀ ਇਹੀ ਸੁਨੇਹਾ ਦਿੱਤਾ ਗਿਆ ਹੈ ਕਿ ਇਹ ਸਾਰਾ ਬ੍ਰਹਿਮੰਡ ਇੱਕ ਇਕਾਈ ਰੂਪ ਵਿੱਚ ਜੁੜਿਆ ਹੋਇਆ ਹੈ। ਇੱਥੇ ਕੁਝ ਵੀ ਇੱਕ ਦੂਜੇ ਤੋਂ ਵੱਖ ਨਹੀਂ। ਇਸ ਜੁੜੇ ਹੋਏ ਨੂੰ ਤੋੜ ਕੇ ਸਾਇੰਸਦਾਨ ਜਾਂ ਨਾਸਤਿਕ, ਰੱਬ ਲੱਭਣ ਦੀ ਅਗਿਆਨਤਾ ਵੱਸ ਕੋਸ਼ਿਸ਼ ਵਿੱਚ ਹਨ, ਜਦਕਿ ਇਸ ਜੁੜੇ ਹੋਏ ਨਾਲ ਜੁੜ ਕੇ ਹੀ ਇਸ ਸੱਚ ਨੂੰ ਜਾਣਿਆ ਜਾ ਸਕਦਾ ਹੈ।

ਇਹ ਸਭ ਜੁੜਿਆ ਹੋਇਆ, ਰੱਬੀ ਹੁਕਮ (ਜਿਸਨੂੰ ਵਿਗਿਆਨੀ ਲਾਅ ਆਫ ਨੇਚਰ) ਵਿੱਚ ਚੱਲ ਰਿਹਾ ਹੈ। ਪਰ ਇਹ ਨਿਯਮ ਵਿੱਚ ਹੋਣ ਦੇ ਬਾਵਜੂਦ ਵੀ ਅਸੀਂ ਆਪਣੇ ਕਰਮ (ਐਕਸ਼ਨ) ਕਰਨ ਲਈ ਆਜ਼ਾਦ ਹਾਂ। ਕੀਤੇ ਕਰਮਾਂ ਅਨੁਸਾਰ ਹੁਕਮ ਵਿੱਚ ਫਲ ਮਿਲਦਾ ਹੈ।

ਇੱਥੇ ਕਿਸੇ ਨੂੰ ਕੋਈ ਸਜ਼ਾ ਨਹੀਂ ਮਿਲਦੀ ਤੇ ਨਾ ਹੀ ਇਨਾਮ ਮਿਲਦੇ ਹਨ। ਸਾਡੇ ਕੀਤੇ ਕਰਮਾਂ ਦਾ ਫਲ ਹੀ ਮਿਲਦਾ ਹੈ। ਧਰਮ ਵਿੱਚ ਸਮੁੱਚੇ ਬ੍ਰਹਿਮੰਡ ਦੇ ਜੁੜੇ ਹੋਏ ਅਸਤਿਤਵ (ਏਨਿਸਟਏਨਚਏ) ਨੂੰ ਹੀ ਰੱਬ ਕਿਹਾ ਗਿਆ ਹੈ। ਜਿਸ ਰੱਬ ਦੀ ਵਿਰੋਧਤਾ ਨਾਸਤਿਕ ਕਰਦੇ ਹਨ, ਅਜਿਹੇ ਰੱਬ ਨੂੰ ਕਦੇ ਕਿਸੇ ਸੱਚੇ ਗੁਰੂ ਜਾਂ ਸੰਤ ਨੇ ਮਾਨਤਾ ਨਹੀਂ ਦਿੱਤੀ। ਅਜਿਹੇ ਨਕਲੀ ਰੱਬ, ਧੰਦੇ ਵਾਲੇ ਪੁਜਾਰੀਆਂ ਤੇ ਨਕਲੀ ਗੁਰੂਆਂ ਦੇ ਬਣਾਏ ਹੋਏ ਹਨ।

ਹਰਚਰਨ ਸਿੰਘ ਪ੍ਰਹਾਰ

# ਆਇਆ ਲੋਹੜੀ ਦਾ ਤਿਉਹਾਰ, ਲੈ ਕੇ ਖੁਸ਼ੀਆਂ, ਸਧਰਾਂ ਪਿਆਰ




ਛੋਟੀਆਂ-ਛੋਟੀਆਂ ਖੁਸ਼ੀਆਂ ਦਾ ਸੰਗ੍ਰਹਿ ਹੀ ਜ਼ਿੰਦਗੀ ਹੈ। ਖ਼ੁਸ਼ੀਆਂ ਦਾ ਪੂਰਾ ਅੰਬਰ ਕਿਸੇ ਕੋਲ ਨਹੀਂ ਹੈ ਕਿ ਮਨੁੱਖ ਜਦੋਂ ਚਾਹੇ ਖ਼ੁਸ਼ੀ ਦਾ ਤਾਰਾ ਤੋੜ ਕੇ ਜ਼ਿੰਦਗੀ ਨੂੰ ਸ਼ਿੰਗਾਰ ਲਵੇ। ਮਨੁੱਖ ਨੇ ਮੌਸਮਾਂ, ਦਿਨਾਂ, ਵਾਤਾਵਰਣ, ਰੀਤੀ-ਰਿਵਾਜ਼, ਰਿਸ਼ਤਿਆਂ-ਨਾਤਿਆਂ, ਸਬੰਧਾਂ, ਮੁਹੱਬਤ, ਪ੍ਰੇਮ, ਮੋਹ, ਲਗਾਵ ਅਤੇ ਪਰੰਪਰਾਵਾਂ ਆਦਿ ਨੂੰ ਮੱਦੇਨਜ਼ਰ ਰੱਖਦੇ ਹੋਏ ਖੁਸ਼ੀਆਂ, ਸਧਰਾਂ, ਚਾਵਾਂ, ਖੇੜਿਆਂ ਆਦਿ ਨੂੰ ਲੱਭਣ ਲਈ ਮੇਲਿਆ, ਤਿਉਹਾਰਾਂ ਨੂੰ ਹੋਂਦ ਵਿਚ ਲਿਆਂਦਾ ਹੈ । ਦੋਸਤੋ, ਅਗਰ ਮਨੁੱਖ ਦੀ ਜ਼ਿੰਦਗੀ ਵਿਚ ਮੇਲਿਆਂ, ਤਿਉਹਾਰਾਂ ਤੇ ਮਹੱਤਵਪੂਰਨ ਦਿਨਾਂ ਨੂੰ ਮਨਫੀ ਕਰ ਦਿੱਤਾ ਜਾਵੇ ਤਾਂ ਸਾਰੀ ਜ਼ਿੰਦਗੀ ਨੀਰਸ ਜਿਹੀ, ਫਿਕੀ ਜਿਹੀ ਤੇ ਬੇ-ਸੁਆਦੀ ਜਿਹੀ ਹੋ ਕੇ ਰਹਿ ਜਾਏ। ਮਨੁੱਖ ਦੀ ਜ਼ਿੰਦਗੀ ਵਿਚ ਖ਼ੂਬਸੂਰਤੀਆਂ, ਜੀਣ ਦੀ ਨਵੀਂ ਉਮੰਗ, ਇਕ ਲਲਕ, ਇਕ ਇੱਛਾ ਪੈਦਾ ਕਰਦੇ ਹਨ ਮੇਲੇ ਤੇ ਤਿਉਹਾਰ ।

ਲੋਹੜੀ ਸ਼ਬਦ ਲੋਹੀ' ਤੋਂ ਬਣਿਆ ਜਿਸ ਦਾ ਮਤੱਲਬ ਹੈ ਮੀਂਹ ਪੈਣਾ, ਫਸਲਾਂ ਦਾ ਫੁੱਟਣਾ। ਇਕ ਕਹਾਵਤ ਹੈ ਮੀਂਹ ਵਸੇ ਲੋਹੀ ਇਕੋ ਜਿਹੀ ਹੋਈ। ਇਕ ਹੋਰ ਕਹਾਵਤ ਲੋਹੜੀ ਦੇ ਅਰਥ ਖੋਲ੍ਹਦੀ ਹੈ 'ਜੇ ਮੀਂਹ ਨਾ ਪਵੇ ਲੋਹੜੀ ਤਾਂ ਹਾੜੀ ਲਗੂ ਕੋਹੜੀ, ਭਾਵ ਕਿ ਜਦੋਂ ਲੋਹੜੀ ਦੇ ਮੌਕੇ 'ਤੇ ਮੀਂਹ ਨਾ ਪਵੇ ਤਾਂ ਖੇਤੀ ਦਾ ਨੁਕਸਾਨ ਹੁੰਦਾ ਹੈ।

ਪਰੰਪਰਾ ਦੇ ਗੁਲਸ਼ਨ 'ਚੋਂ ਹੀ ਜਨਮ ਲੈਂਦਾ ਹੈ ਲੋਹੜੀ ਦਾ ਪਵਿੱਤਰ ਤਿਉਹਾਰ। ਇਹ ਤਿਉਹਾਰ ਮੌਸਮ ਦੀ ਤਬਦੀਲੀ, ਫਸਲਾਂ ਦੀ ਪੁੰਗਰਨ ਅਤੇ ਕਈ ਇਤਿਹਾਸਕ ਤੇ ਮਿਤਿਹਾਸਕ ਦੰਦ ਕਥਾਵਾਂ ਨਾਲ ਜੁੜਿਆ ਹੋਇਆ ਹੈ। ਮੁੱਖ ਤੌਰ ਤੇ ਭਾਰਤ ਦਾ ਪ੍ਰਸਿੱਧ ਪੰਜਾਬ ਰਾਜ ਖੇਤੀਬਾੜੀ ਪ੍ਰਧਾਨ ਰਾਜ ਹੈ। ਇਸ ਕਰਕੇ ਕਿਸਾਨਾਂ, ਜ਼ਿੰਮੀਦਾਰਾਂ ਤੇ ਮਜ਼ਦੂਰਾਂ ਦੀ ਮਿਹਨਤ ਨਾਲ ਮੇਲ ਖਾਂਦਾ ਹੋਇਆ ਲੋਹੜੀ ਦਾ ਤਿਉਹਾਰ ਖੁਸ਼ੀਆਂ ਰੀਝਾਂ ਨੂੰ ਸਰਦੀ ਦੀ ਜਵਾਨ ਰੁੱਤ ਵਿਚ ਕਿਰਤੀਮਾਨ ਕਰਦਾ ਹੈ। ਲੋਹੜੀ ਸਭ ਮਜ਼ਹਬਾਂ, ਧਰਮਾਂ ਲਈ ਏਕਤਾ ਦਾ ਪ੍ਰਤੀਕ, ਪਿਆਰ ਮੁਹੱਬਤ, ਸਾਂਝੀਵਾਲਤਾ, ਮਿਲਵਰਤਨ, ਸਦਭਾਵਨਾਂ, ਰਿਸ਼ਤਿਆਂ ਦੀ ਮਿਠਾਸ ਵਾਲਾ ਤੇ ਸਭਿਆਚਾਰ ਦਾ ਇਕ ਸੁੰਦਰ ਉਪਹਾਰ ਹੈ।

ਲੋਹੜੀ ਮਾਘ ਮਹੀਨੇ ਦੀ ਸੰਗਰਾਂਦ ਤੇ ਪਹਿਲੀ ਰਾਤ ਨੂੰ ਮਨਾਈ ਜਾਂਦੀ ਹੈ। ਕਿਸਾਨ ਹਾੜੀ ਦੀਆਂ ਫਸਲਾਂ ਬੀਜ ਦੇ ਵਿਹਲਾ ਹੋ ਚੁਕਿਆ ਹੁੰਦਾ ਹੈ ਤੇ ਇਸ ਤਿਉਹਾਰ ਨੂੰ ਚਾਵਾਂ, ਸਧਰਾਂ ਨਾਲ ਮਨਾਉਂਦਾ ਹੈ ਜਿਸ ਘਰ ਵਿਚ ਲੜਕਾ ਜੰਮਿਆ ਹੋਵੇ ਉਸ ਦੀ ਸ਼ਗਨਾਂ ਨਾਲ, ਖੁਸ਼ੀਆਂ ਨਾਲ ਲੋਹੜੀ ਪਾਈ ਜਾਂਦੀ ਹੈ। ਬੈਂਡ-ਵਾਜੇ ਵਜਾਏ ਜਾਂਦੇ ਹਨ। ਬਾਜ਼ੀਗਰਨਾ, ਗਲੋਲਨੀਆਂ ਅਤੇ ਭੰਡ ਰਿਸ਼ਤਿਆਂ, ਨਾਤਿਆਂ ਦੇ ਗੀਤ ਅਤੇ ਟੱਪੇ ਆਦਿ ਸੁਣਾ ਕੇ ਹਾਸ ਵਿਅੰਗ ਦੇ ਮਖੋਲ-ਗਾਇਣ ਸੁਣਾ ਕੇ ਆਪਣੀ ਬਣਦੀ ਲੋਹੜੀ (ਵਧਾਈ) ਬਟੋਰ ਕੇ ਲੈ ਜਾਂਦੇ ਹਨ। ਇਸ ਦਿਨ ਹਰ ਘਰ ਵਿਚ ਮੂੰਗਫਲੀ, ਰਿਉੜੀਆਂ, ਚਿੜਵੜੇ, ਗਚਕ, ਭੁੱਗਾ, ਤਿੱਲ ਚੋਲੀ, ਮੱਕੀ ਦੇ ਫੁੱਲੇ ਭੁੱਜੇ ਦਾਣੇ, ਗੁੜ, ਫੱਲ ਆਦਿ ਲੋਹੜੀ ਵੰਡਣ ਲਈ ਰੱਖੇ ਜਾਂਦੇ ਹਨ । ਗੰਨੇ ਦੀ ਰਹੁ (ਰਸ) ਦੀ ਖੀਰ ਬਣਾਈ ਜਾਂਣੀ ਹੈ। ਦਹੀ ਦੇ ਨਾਲ ਇਸ ਦਾ ਆਪਣਾ ਹੀ ਸੁਆਦ ਹੁੰਦਾ ਹੈ। ਇਸ ਨਵ-ਜੰਮੇ ਬੱਚੇ ਦੀ ਲੋਹੜੀ ਪਾਈ ਜਾਂਦੀ ਹੈ। ਦਾਦਕੇ, ਨਾਨਕੇ, ਰਿਸ਼ਤੇਦਾਰ ਉਸ ਲਈ ਸੁੰਦਰ ਕਪੜੇ, ਖਿਡਾਉਣੇ ਅਤੇ ਜੇਵਰਾਤ ਆਦਿ ਬਣਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਖਾਸ ਕਰਕੇ ਬੱਚੇ ਨੂੰ ਸੋਨੇ ਦਾ ਕੜਾ ਪਾਉਣਾ ਸ਼ੁਭ ਸਮਝਿਆ ਜਾਂਦਾ ਹੈ ।

ਅੱਜ ਕੱਲ ਲੜਕੀਆਂ ਦੇ ਜੰਮਨ ਦੀ ਖੁਸ਼ੀ ਵੀ ਉਨੇ ਹੀ ਪ੍ਰੇਮ ਅਤੇ ਸਧਰਾਂ, ਚਾਵਾਂ ਨਾਲ ਮਨਾਈ ਜਾਂਦੀ ਹੈ। ਵਿਕਸਿਤ ਅਤੇ ਉਨਤ ਪਰਿਵਾਰਾਂ ਵਿਚ ਲੜਕੀਆਂ ਦੀ ਲੋਹੜੀ ਪਾਈ ਜਾਂਦੀ ਹੈ ਅਤੇ ਲੜਕੇ ਨਾਲੋਂ ਵੱਧ ਚਾਅ, ਖੁਸ਼ੀਆਂ ਲੜਕੀ ਦੀ ਲੋਹੜੀ ਤੇ ਕਰਦੇ ਹਨ । ਜਿਸ ਲੜਕੀ ਦੀ ਲੋਹੜੀ ਪਾਈ ਜਾਵੇ, ਰਿਸ਼ਤੇਦਾਰ ਉਸ ਨੂੰ ਗਹਿਣੇ ਅਤੇ ਖਾਸ ਕਰਕੇ ਪੈਰ੍ਹਾਂ ਦੀਆਂ ਝਾਂਜਰਾ ਦੇਣਾ ਸ਼ੁਭ ਸ਼ਗੁਨ ਸਮਝਦੇ ਹਨ । ਇਸ ਦਿਨ ਘਰਾਂ ਦੇ ਵਿਹੜਿਆਂ ਵਿਚ, ਸੰਸਥਾਵਾਂ ਵਿਚ, ਸੱਥਾਂ, ਮੁਹੱਲਿਆਂ, ਬਜਾਰਾਂ ਆਦਿ ਵਿਚ ਲੰਬੀਆਂ ਲਕੜਾਂ ਦਾ ਢੇਰ ਬਣਾ ਕੇ ਜਾਂ ਗੋਏ ਦੀਆਂ ਪਾਥੀਆਂ ਅਤੇ ਟੱਕਲਿਆਂ ਦਾ ਢੇਰ ਬਣਾ ਕੇ ਉਸ ਦੀ ਅਗੱਨੀ ਦੇ ਸੇਕ ਦਾ ਲੁਤੱਫ ਲਿਆ ਜਾਂਦਾ ਹੈ ਚਾਰ-ਚੁਫੇਰੇ ਪਸਰੀ ਠੰਡ ਅਤੇ ਰੂੰ ਵਾਂਗ ਫੈਲ੍ਹੀ ਧੁੰਦ ਵਿਚ ਸੇਕ ਦਾ ਆਪਣਾ ਹੀ ਇਕ ਆਨੰਦ ਹੁੰਦਾ ਹੈ । ਇਸ ਅੱਗਨੀ ਵਿਚ ਤਿੱਲ ਆਦਿ ਸੁਟਦੇ ਹਨ । ਘਰਾਂ ਵਿਚ ਸਾਰੇ ਦਾ ਸਾਰਾ ਪਰਿਵਾਰ ਬੈਠ ਕੇ ਖੁਸ਼ੀ ਦੀ ਅਭਿਵਿਅਕਤੀ ਲਈ ਗੀਤ, ਟੱਪੇ ਗਾਉਂਦੇ ਹਨ । ਦੇਰ ਰਾਤ ਤੱਕ ਢੋਲਕੀ ਦੀ ਆਵਾਜ਼, ਢੋਲ ਦੇ ਫੜੱਕਦੇ ਤਾਲ, ਗਿੱਧੇ ਦੀ ਧਮਕ ਅਤੇ ਗੀਤਾਂ ਦੀ ਲੈ ਸੁਣਾਈ ਦਿੰਦੀ ਰਹਿੰਦੀ ਹੈ । ਰਿਸ਼ਤਿਆਂ ਦੀ ਖ਼ੁਸ਼ਬੂਅ, ਮੋਹ, ਮਮਤਾ ਅਤੇ ਪਿਆਰ ਦਾ ਨਜ਼ਾਰਾ ਚਹੁੰ ਪਾਸੇ ਪਸਰਿਆ ਨਜ਼ਰ ਆਉਂਦਾ ਹੈ। ਇਕ ਸੰਪੂਰਨ ਖੁਸ਼ੀ ਦਾ ਆਲਮ। ਲੋਹੜੀ ਦੇ ਤਿਉਹਾਰ ਨਾਲ ਕਈ ਕਥਾਵਾਂ ਪ੍ਰਚਲਿਤ ਹਨ। ਦੱਸਿਆ ਜਾਂਦਾ ਹੈ ਕਿ ਦੁੱਲਾ ਭੱਟੀ ਇਕ ਡਾਕੂ ਹੋਇਆ ਏ। ਉਹ ਜ਼ਾਲਮਾਂ, ਬੇਇਮਾਨਾਂ ਅਤੇ ਧੋਖੇਬਾਜ਼ ਲੋਕਾਂ ਨੂੰ ਹੀ ਲੁੱਟਦਾ ਸੀ। ਦੀਨ-ਦੁੱਖੀਆ, ਬੇ-ਸਹਾਰਿਆਂ, ਲੋੜਵੰਦਾਂ ਅਤੇ ਗ਼ਰੀਬਾਂ ਦੀ ਖੁਲ੍ਹ ਕੇ ਮਦਦ ਕਰਦਾ ਹੈ। ਇਕ ਗਰੀਬ ਬ੍ਰਾਹਮਣ ਦੀਆਂ ਦੋ ਧੀਆਂ ਸੁੰਦਰੀ ਅਤੇ ਮੁੰਦਰੀ ਸਨ। ਉਹ ਉਨ੍ਹਾਂ ਦਾ ਵਿਆਹ ਨਹੀਂ ਸੀ ਕਰ ਸਕਦਾ । ਦੁੱਲੇ ਭੱਟੀ ਨੇ ਉਨ੍ਹਾਂ ਗ਼ਰੀਬ ਲੜਕੀਆਂ ਦੀ ਸ਼ਾਦੀ ਕਰਵਾਈ ਅਤੇ ਮੌਕੇ 'ਤੇ ਉਸ ਕੋਲ ਜੋ ਬਣਦਾ-ਸਰਦਾ ਸੀ ਉਨ੍ਹਾਂ ਲੜਕੀਆਂ ਦੀ ਝੋਲੀ ਵਿਚ ਪਾਇਆ। ਸੁੰਦਰੀ-ਮੁੰਦਰੀ ਦੀ ਸ਼ਾਦੀ, ਰਾਤ ਦੇ ਸਮੇਂ ਲੱਕੜਾਂ ਦੀ ਅੱਗ ਬਾਲ ਕੇ ਉਨ੍ਹਾਂ ਦੇ ਆਲੇ-ਦੁਆਲੇ ਫੇਰੇ ਕਰਵਾਏ ਤੇ ਇਕ ਬਾਪ ਦੇ ਫਰਜ਼ ਨਿਭਾਉਂਦੇ ਹੋਏ ਦੁੱਲਾ ਭੱਟੀ ਨੇ ਉਨ੍ਹਾਂ ਦੀ ਦੋਵਾਂ ਦੀ ਝੋਲੀ ਵਿਚ ਸ਼ੱਕਰ ਪਾਈ । ਇਸ ਸਬੰਧ ਵਿਚ ਅੱਜ ਵੀ ਇਕ ਪ੍ਰਚਲਿਤ ਹੈ ।

ਸੁੰਦਰ ਮੁੰਦਰੀਏ, ਹੋ, ਤੇਰਾ ਕੌਣ ਵਿਚਾਰਾ, ਹੋ ਦੁੱਲਾ ਭੱਟੀ ਵਾਲਾ, ਹੋ, ਦੁੱਲੇ ਨੇ ਧੀ ਵਿਆਹੀ, ਹੋ ਸ਼ੇਰ ਸ਼ੱਕਰ ਆਈ, ਹੋ, ਕੁੜੀ ਦੇ ਬੋਝੇ ਪਾਈ, ਹੋ, ਕੁੜੀ ਦਾ ਲਾਲ ਪਟਾਕਾ ਹੋ, ਕੁੜੀਦਾ ਸ਼ਾਲੂ ਪਾਟਾ, ਹੋ, ਸ਼ਾਲੂ ਕੌਣ ਸਮੇਟੇ, ਹੋ, ਚਾਚਾ ਗਾਲੀ ਦੇਸੇ, ਹੋ, ਚਾਚੇ ਚੂਰੀ ਕੁੱਟੀ, ਹੋ, ਜ਼ਿੰਮੀਦਾਰਾਂ ਲੁਟੀ, ਹੋ, ਜ਼ਿਮੀਦਾਰ ਸਦਾਓ, ਹੋ, ਗਿਣਸ਼ਗਿਣ ਪੋਲੇ ਲਾਉ, ਇਕ ਪੋਲਾ ਘਸ ਗਿਆ, ਜ਼ਿਮੀਦਾਰ ਵਹੁਟੀ ਲੈਕੇ ਨਸ ਗਿਆ, ਹੋ,ਹੋ,ਹੋ,ਹੋ,ਹੋ,ਹੋ,ਹੋ, ਸ਼,ਸ਼ ਲੋਹੜੀ ਵਾਲੇ ਦਿਨ ਬਜ਼ੁਰਗ ਲੋਕ ਸੁੰਦਰੀ-ਮੁੰਦਰੀ ਦੀ ਕਥਾ ਵੀ ਸੁਣਾਉਂਦੇ ਹਨ ਕਿ ਕਿਸ ਤਰ੍ਹਾਂ ਦੁੱਲਾ ਭੱਟੀ ਡਾਕੂ ਨੇ ਗ਼ਰੀਬ ਲੜਕੀਆਂ ਦਾ ਵਿਅਹ ਕਰਕੇ ਆਪਣਾ ਧਰਮ ਨਿਭਾਇਆ । ਲੋਹੜੀ ਦੇ ਕਈ ਪਰੰਪਰਾਵਾਦੀ ਗੀਤ ਪ੍ਰਚਲਿਤ ਹਨ ਜਿਵੇਂ ਲੋਹੜੀ ਬਣੀ ਲੋਹੜੀ, ਦਿਉ ਗੁੜ ਦੀ ਰੋੜੀ, ਵਈ ਰੋੜੀ, ਕਲਮਦਾਨ ਵਿਚ ਘਿਉ, ਜੀਵੇ ਮੁੰਡੇ ਦਾ ਪਿਉ, ਕਲਮਦਾਨ ਵਿਚ ਕਾਂ, ਜੀਵੇ ਮੁੰਡੇ ਦੀ ਮਾਂ, ਕਲਮਦਾਨ ਵਿਚ ਕਾਨਾ, ਜੀਵੇ ਮੁੰਡੇ ਦਾ ਨਾਨਾ, ਕਲਮਦਾਨ ਵਿਚ ਕਾਨੀ, ਜੀਵੇ ਮੁੰਡੇ ਦੀ ਨਾਨੀ ।

ਲੜਕੇ ਲੜਕੀਆਂ ਵੀ ਇਸ ਦਿਨ ਲੋਹੜੀ ਮੰਗਦੇ ਹਨ। ਟੋਲੀਆਂ ਬਣਾ ਕੇ ਲੋਹੜੀ ਮੰਗਣ ਦਾ ਆਪਣਾ ਹੀ ਇਕ ਮਜ਼ਾ ਹੈ। ਭਾਵੇਂ ਲੋਹੜੀ ਦੇ ਗੀਤ ਅਲੋਪ ਹੁੰਦੇ ਜਾ ਰਹੇ ਹਨ ਪਰ ਪੁਰਾਣੇ ਬਜ਼ੁਰਗਾਂ ਨੂੰ ਅਜੇ ਵੀ ਇਹ ਗੀਤ ਜ਼ੁਬਾਨੀ ਯਾਦ ਹੈ । ਜਿਵੇਂ- ਕੋਠੀ ਹੇਠ ਚਾਕੂ, ਗੁੜ ਦੇਊ ਮੁੰਡੇ ਦਾ ਬਾਪੂ, ਕੋਠੀ ਉਤੇ ਕਾਂ, ਗੁੜ ਦੇਵੇ ਮੁੰਡੇ ਦੀ ਮਾਂ। ਨਵ ਵਿਆਹੁਤਾ ਜੋੜੇ ਲਈ ਲੋਹੜੀ ਦੇ ਗੀਤ ਬੋਲ ਕੇ ਲੋਹੜੀ ਮੰਗੀ ਜਾਂਦੀ ਹੈ ਜਿਵੇਂ ।ਸੀ ਟਾਂਡਾ-ਟਾਂਡਾ ਨੀ ਲਕੜੀਓ ਟਾਂਡਾ ਸੀ, ਇਸ ਟਾਂਡੇ ਨਾਲ ਕਲੀਰਾ ਸੀ, ਜੁੱਗ ਜੀਵੇ ਨੀ ਬੀਬੀ ਤੇਰਾ ਵੀਰ ਸੀ, ਇਸ ਵੀਰ ਦੀ ਵੇਲ੍ਹ ਵਧਾਈ ਸੀ । ਘਰ ਚੂੜ੍ਹੇ-ਤੇ ਬੀੜ੍ਹੇ ਵਾਲੀ ਆਈ ਸੀ, ਚੂੜਾ ਬੀੜਾ ਵਜੇ ਨੀ, ਸਰੀਕਣੀਆਂ ਨੂੰ ਸੱਦੇ ਨੀ, ਸਰੀਕਣੀਆਂ ਮਾਰੇ ਬੋਲ, ਤੇਰਾ ਨਿੱਕਾ ਜੀਵੇ, ਤੇਰਾ ਵੱਡਾ ਜਿਵੇ, ਵੱਡ ਵਡੇਰਾ ਜੀਵੇ, ਗੁੜ ਦੀ ਰੋੜੀ ਜੀਵੇ, ਭਾਈਆਂ ਦੀ ਜੋੜੀ ਜੀਵੇ। ਘਰ ਵਾਲੇ ਜਲਦੀ ਉਧਾਈ ਨਾ ਦੇਣ ਤਾਂ ਕੁੜੀਆਂ ਇਹ ਗੀਤ ਬੋਲਦੀਆਂ ਹਨ । ਸਾਡੇ ਪੈਰ੍ਹਾ ਹੇਠ ਰੋੜ, ਸਾਨੂੰ ਛੇਤੀ ਛੇਤੀ ਤੋਰ, ਸਾਡੇ ਪੈਰਾਂ ਹੇਠ ਦਹੀ, ਅਸੀਂ ਹਿਲਣਾ ਵੀ ਨਹੀਂ, ਸਾਡੇ ਪੈਰ੍ਹਾਂ ਹੇਠ ਪਰਾਤ, ਸਾਨੂੰ ਉਤੋਂ ਪੈ ਗਈ ਰਾਤ, ਮੁੰਡਾ ਜੰਮਨ ਤੇ ਕੁੜੀਆਂ ਹਾਸੇ ਮਜ਼ਾਕ ਵਿਚ ਉਸ ਦੇ ਪਰਿਵਾਰ ਨੂੰ ਇਸ ਗੀਤ ਨਾਲ ਸੰਬੋਧਨ ਕਰਦੀਆਂ ਹਨ । ਗੀਗਾ ਤੱਕੜੀ ਦਾ ਛਾਬਾ, ਵੇ ਲੜਾਕਾ ਤੇਰਾ ਬਾਬਾ, ਗੀਤਾ ਤੱਤਾ-ਤੱਤਾ ਘਿਉ, ਵੇ ਲੜਾਕਾ ਤੇਰਾ ਪਿਉ, ਗੀਗਾ ਗੋਰੀ ਗੋਰੀ ਗਾਂ, ਵੇ ਲੜਾਕੀ ਤੇਰੀ ਮਾਂ । ਇਸ ਤਰ੍ਹਾਂ ਕੁਝ ਹੋਰ ਗੀਤ ਜਿਵੇਂ ਕੁਪੀਏ ਨੀ ਕੁਪੀਏ, ਅਸਮਾਨ ਤੇ ਲੁਟੀਏ, ਅਸਮਾਨ ਪੁਰਾਣਾ, ਛਿੱਕ ਬੰਨ੍ਹ ਤਾਣਾ, ਲੰਗਰੀ 'ਚ ਦਾਲ, ਮਾਰ ਮੱਥੇ ਨਾਲ, ਮੱਥਾ ਤੇਰਾ ਵੱਡਾ, ਲਿਆ ਲਕੜੀਆਂ ਦਾ ਗੱਡਾ। ਲੋਹੜੀ ਵਾਲੇ ਦਿਨ ਮੁੰਡੇ ਸਵਾਂਗ ਬਣਕੇ ਨੱਚਦੇ-ਨੱਚਦੇ ਵੀ ਲੋਹੜੀ (ਵਧਾਈ) ਮੰਗਦੇ ਹਨ ।

ਲੋਹੜੀ ਤੋਂ ਦੂਸਰੇ ਦਿਨ ਮਾਘੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਪੋਹ ਦੇ ਮਹੀਨੇ ਕਾਫੀ ਠੰਢ ਪੈਂਦੀ ਹੈ। ਇਸ ਮਹੀਨੇ ਵਿਚ ਵਿਆਹ ਨਹੀਂ ਕੀਤੇ ਜਾਂਦੇ । ਮਾਘ ਦੇ ਮਹੀਨੇ ਵਿਚ ਸਰਦੀ ਤਾਂ ਹੁੰਦੀ ਹੈ ਪਰ ਵਿਆਹ ਜ਼ਿਆਦਾ ਇਸ ਮਹੀਨੇ ਦੀ ਕੀਤੇ ਜਾਂਦੇ ਹਨ। ਇਸ ਮਹੀਨੇ ਹੀ ਪੁੰਨ ਦਾਨ ਕਰਨਾ, ਖਾਸ ਕਰਕੇ ਲੜਕੀਆਂ ਦੀ ਸ਼ਾਦੀ ਕਰਨਾ, ਉਚਿਤ ਸਮਝਿਆ ਜਾਂਦਾ ਹੈ। ਗ੍ਰਹਿ ਅਤੇ ਨਸ਼ੱਤਰਾਂ ਦੇ ਹਿਸਾਬ ਮਾਘ ਦੇ ਪਹਿਲਾ ਮੰਗਣੀਆਂ, ਮੁਕਲਾਵੇ, ਸ਼ਗੁਨ ਆਦਿ ਲਈ ਸ਼ੁਭ ਸਮਝਿਆ ਜਾਂਦਾ ਹੈ। ਇਸ ਮਹੀਨੇ ਵਿਚ ਨੌਜਵਾਨ ਨੂੰ ਸੰਤੁਲਤ ਖ਼ਰਾਕ ਖਾਣੀ ਚਾਹੀਦੀ ਹੈ ਜੋ ਫਾਇਦੇਮੰਦ ਹੁੰਦੀ ਹੈ। ਰਜ਼ਾਈ ਦਾ ਨਿੱਘ, ਗੰਨੇ ਦਾ ਰਸ, ਮੂਲੀਆਂ, ਗਾਜਰਾਂ ਆਦਿ ਖਾਣ ਦਾ ਮਜ਼ਾ ਹੀ ਇਸ ਮਹੀਨੇ ਹੁੰਦਾ ਹੈ । ਪਹੁ ਫੁਟਾਲੇ ਉਠ ਕੇ ਬਾਜਰੇ ਦੀ ਖਿਚੜੀ, ਸਰ੍ਹੋਂ ਦਾ ਸਾਗ, ਜਵਾਰ ਦੀ ਰੋਟੀ ਅਤੇ ਮੱਖਣ ਆਦਿ ਖ਼ਾਣ ਦਾ ਆਪਣਾ ਸੁਆਦ ਹੁੰਦਾ ਹੈ । ਤੇ ਮਾਘੀ ਦਾ ਮੇਲਾ ਪੰਜਾਬ ਵਿਚ ਅਨੇਕਾਂ ਥਾਵਾਂ 'ਤੇ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ।ਖਾਸ ਕਰਕੇ ਲੋਹੜੀ ਦਾ ਤਿਉਹਾਰ ਮੁਕਤਸਰ ਵਿਖੇ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਆਪਣੀ ਬਾਣੀ ਬਾਰਹ ਮਾਹਾ ਵਿਚ ਵੀ ਮਾਘ ਮਹੀਨੇ ਦੀ ਇੰਜ ਉਸਤਤ ਕੀਤੀ ਹੈ । ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ । ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨ ਕਾਮਿ ਕਰੋਧਿ ਨਾ ਮੋਹੀਐ ਬਿਨਸੈ ਲੋਭੁ ਸੁਆਨੁ ਸਚੈ ਮਾਰਗਿ ਚਲਦਿਆ ਉਸਤਿਤ ਕਰੇ ਜਹਾਨ ਅਠਸਠਿ ਤੀਰਥ ਸਗਲ ਪੁੰਨ ਜੀਆ ਦਇਆ ਪਰਵਾਨੁ ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ। ਸ੍ਰੀ ਕ੍ਰਿਸ਼ਨ ਭਗਵਾਨ ਨੇ ਵੀ ਗੀਤਾ ਦੇ ਅੱਠਵੇਂ ਅਧਿਆਇ ਵਿਚ ਵੀ ਮਾਘ ਮਹੀਨੇ ਦੀ ਉਸਤਤ ਕੀਤੀ ਹੈ।ਦੁਨੀਆਂ ਦੇ ਸਭ ਤੋਂ ਵੱਡੇ ਮੰਨੇ ਜਾਂਦੇ ਧਾਰਮਿਕ ਸਥਾਨ ਪ੍ਰਯਾਗ ਤੀਰਥ ਵਿਖੇ ਸਾਧੂ ਮਹਾਤਮਾ ਲੋਕ ਇਥੇ ਪ੍ਰਕਲਪ ਕਰਦੇ ਹਨ । ਭਾਵ ਕਿ ਇਕ ਮਹੀਨੇ ਤੱਕ ਸਾਧਨਾ ਕਰਦੇ ਹਨ। ਮਾਘ ਮਹੀਨੇ ਤੋਂ ਅੱਗਲੇ 6 ਮਹੀਨੇ ਤੱਕ ਸਾਧੂ ਮਹਾਤਮਾ ਲੋਕ ਜੋ ਤਪੱਸਿਆ ਕਰਦੇ ਹਨ, ਉਸ ਨੂੰ ਉਤਰਾਇਨਮ ਕਹਿੰਦੇ ਹਨ।ਲੋਹੜੀ ਦਾ ਤਿਉਹਾਰ ਭਾਰਤ ਵਿਚ ਹੀ ਨਹੀਂ। ਵਿਦੇਸ਼ਾਂ ਵਿਚ ਬੈਠੇ ਪੰਜਾਬੀ ਵੀ ਧੂੰਮ-ਧਮ ਤੇ ਸ਼ਰਧਾ ਨਾਲ ਮੰਨਾਉਂਦੇ ਹਨ। ਸ਼ਾਲਾ, ਲੋਹੜੀ ਭਾਰਤ ਨੂੰ ਖੁਸ਼ੀਆਂ, ਸ਼ਾਂਤੀ, ਤਰੱਕੀ, ਭਾਈਚਾਰਾ, ਸਦਭਾਵਨਾ ਅਤੇ ਵੱਖ-ਵੱਖ ਧਰਮਾਂ ਦੇ ਖਿੜਦੇ ਤਾਰਿਆਂ ਨੂੰ ਇਕ ਮਾਨਵਤਾ ਦੇ ਅੰਬਰ ਦੇ ਧਾਗੇ ਵਿਚ ਭਰੋਕੇ ਰੱਖੇ । ਜਿਸ ਤੇ ਸਾਂਝੀ ਵਾਲਤਾ ਦੇ ਰਿਸ਼ਤੇ ਦੀ ਖ਼ੁਸ਼ਬੂਅ ਹਮੇਸ਼ਾ-ਹਮੇਸ਼ਾ ਆਉਂਦੀ ਰਹੇ ।

ਬਲਵਿੰਦਰ ਬਾਲਮ
ਓਂਕਾਰ ਨਗਰ ਗੁਰਦਾਸਪੁਰ, ਮੋ.98156-25409

## ਤੂੰ ਮਿਲ ਗਈ

ਜਾ ਰਿਹਾ ਸੀ ਤੇਰੇ ਸ਼ਹਿਰ ਤੋਂ,
ਕਿ ਤੂੰ ਮਿਲ ਗਈ।
ਕਿਸ ਅਦਾ 'ਚ ਤੈਨੂੰ ਪੜ ਲਿਆ,
ਇਕ ਜ਼ਿੰਦਗੀ ਮਿਲ ਗਈ।

ਹਰ ਖੁਆਬ ਤੇਰਾ ਖੁਆਬ ਸੀ,
ਹਰ ਬਜ਼ਾਰ ਤੇਰੀ ਭਾਲ ਸੀ।
ਜਿਸ ਮੋੜ 'ਤੇ ਤੂੰ ਮਿਲ ਗਈ,
ਕੀ ਇਹੋ ਹਿਸਾਬ ਸੀ।

ਹਰ ਫੁੱਲ ਦੀ ਸੁਗੰਧ ਤੂੰ,
ਹਰ ਕਲੀ ਦੀ ਮੁਸਕਾਨ ਸੀ।
ਹਰ ਸਵੇਰ ਦੀ ਨਿਵੇਕਲੀ,
ਤੇਰੀ ਹੀ ਸ਼ਾਨ ਸੀ।

ਨਾ ਦੁਪਿਹਰ ਕੋਈ ਦੁਪਿਹਰ,
ਨਾ ਢਲਦੀ ਕੋਈ ਸ਼ਾਮ ਸੀ।
ਨਾ ਜੋਵਨ ਤੇਰੇ ਦਾ,
ਕੋਈ ਲੱਗਦਾ ਅੰਦਾਜ਼ ਸੀ।

ਹਰ ਕਾਵਿ ਤੇਰਾ ਕਾਵਿ,
ਹਰ ਗਜ਼ਲ ਲਾ ਜਵਾਬ ਸੀ।
ਰੰਗ ਗੋਰੇ 'ਚੋਂ ਲੱਭਦਾ,
ਸ਼ਿਵ ਤੇਰਾ ਸ਼ਬਾਬ ਸੀ।

ਹਰ ਗੀਤ ਤੇਰੀ ਪ੍ਰੀਤ ਦਾ,
ਕਰਦਾ ਗੁਣ ਗਾਣ ਸੀ।
ਹਰ ਨਗਮੇ 'ਚੋਂ ਆ ਰਹੀ,
ਤੇਰੀ ਹੀ ਆਵਾਜ਼ ਸੀ।

ਸੀ ਜ਼ਿੰਦਗੀ ਬੇ ਵਫਾ,
ਨਾ ਕਲਮ 'ਚ ਕੋਈ ਜਾਨ ਸੀ।
ਪਰ ਕਦੀ ਲੱਗਦਾ ਸੀ ਇੰਝ,
ਵਿੱਚ "ਰੱਤੇਵਾਲ" ਤੇਰਾ
ਇੰਤਜ਼ਾਰ ਸੀ।



ਬਨਾਰਸੀ ਦਾਸ
ਅਧਿਆਪਕ ਰੱਤੇਵਾਲ
ਸੰਪਰਕ: 94635-05286

## ਸਰਫ਼ਰੋਸ਼ੀ ਕੀ ਤਮੰਨਾ

ਇਨਕਲਾਬ ਦੀ ਮੰਗ ਲਹੂ ਬਣਕੇ
ਰਗਾਂ ਵਿੱਚ ਦੌੜਦੀ ਫਿਰਦੀ,,
"ਸਨੀ" ਸਰਫ਼ਰੋਸ਼ੀ ਦੀ ਤਮੰਨਾ
ਇਹ ਦਿਲ ਨੂੰ ਤਾਂਘ ਹੈ ਚਿਰ ..!!
ਲੈ ਕੇ ਮਸ਼ਾਲਾਂ ਨਿਕਲ ਪਏ ਹਾਂ
ਜਾਣਦੇ ਹਾਂ ਕਿ ਦਿੱਲੀ ਦੂਰ ਹੈ,,
ਉਹ ਮਾਹਿਰ ਹੈ ਜ਼ੁਲਮੋਂ ਸਿਤਮ ਲਈ
ਅਤੇ ਸਿਦਕ ਸਾਡਾ ਵੀ ਮਸ਼ਹੂਰ ਹੈ ..!!

ਹਿਟਲਰ ਤੋਂ ਲੈ ਕੇ ਚੰਗੇਜ਼ ਖਾਨ
ਉਹ ਦੇ ਹਮਾਇਤੀ ਬਥੇਰੇ ਨੇ,,
ਸਾਡੇ ਰਹਿਨੁਮਾ ਭਗਤ,ਸਰਾਭੇ ਨੇ
ਅਤੇ ਹੱਕ ਵਿੱਚ ਹੀ ਗਵੇਰੇ ਨੇ ..!!
ਸਦੀਆਂ ਤੋਂ ਵਹਿਮ ਹੈ ਉਹਨਾਂ ਦਾ
ਕਿ ਰਾਜੇ ਦਾ ਪੁੱਤਰ ਰਾਜਾ ਹੋਊ,,
ਵਹਿਮ ਤੋੜਨਗੇ ਪੁੱਤ ਕੰਮੀਆਂ ਦੇ
ਇਹ ਖ਼ਬਰ ਬਿਲਕੁਲ ਤਾਜ਼ਾ ਹੋਊ .!!

ਹੱਕ ਮੰਗਦੇ ਹਾਂ ਤਾਂ ਤੁਸੀ ਕੁੱਟਦੇ ਹੋ
ਸੱਚ ਬੋਲਣ ਦੀ ਕੀਮਤ ਜੇਲ੍ਹ ਇਥੇ,,
ਪੜ੍ਹੇ ਲਿਖੇ ਲਈ ਕੋਈ ਨੌਕਰੀ ਨਾ
ਪਰ ਮੰਤਰੀ ਬਣਦੇ ਦੂਜੀ ਫੇਲ੍ਹ ਇਥੇ .!!
ਜਿਸ ਦੇਸ਼ ਦਾ ਰਾਜਾ ਨੀਚ ਹੋਵੇ
ਝੂਠਾ, ਚਤੁਰ ਅਤੇ ਬੇਈਮਾਨੀ ਹੋਵੇ,,
ਜਿਥੇ ਪਰਜਾ ਮਰੇ ਬਿਨ ਰੋਟੀ ਤੋਂ
ਜਿਥੇ ਅਰਬਾਪਤੀ ਭਗਵਾਨ ਹੋਵੇ ..!!

ਉਸ ਦੇਸ਼ ਤਰੱਕੀ ਦੱਸ ਕੀ ਕਰਨੀ
ਜਿਥੇ ਜੁਮਲਿਆਂ ਨਾਲ ਹੀ ਸਰ ਜਾਵੇ,,
"ਸਨੀ" ਉਥੇ ਗ਼ੁਲਾਮੀ ਮੁੜ ਆਉਂਦੀ
ਜਿਥੇ ਨਿਆਂ/ਲੋਕਤੰਤਰ ਮਰ ਜਾਵੇ ..!!


ਸਨੀ ਵਰਮਾ
ਪਿੰਡ ਚਕੋਹੀ ਤਹਿਸੀਲ ਖੰਨਾ
ਜ਼ਿਲ੍ਹਾ ਲੁਧਿਆਣਾ
+916239815585

## ਧੀਆਂ ਵਾਲੀ ਲੋਹੜੀ

ਆਓ ਸਮਾਜ ਦੀ ਰਲ ਬਦਲੀਏ ਨੁਹਾਰ
ਧੀਆਂ ਨੂੰ ਕਰੀਏ ਸਮਰਪਿਤ ਤਿਉਹਾਰ।
ਪੁੱਤਰਾਂ ਦੀ ਲੋਹੜੀ ਖੁੱਸ਼ੀ ਖੁੱਸ਼ੀ ਮਨਾਓ
ਧੀਆਂ ਦੀ ਲੋਹੜੀ ਦੀ ਪਿਰਤ ਵੀ ਪਾਓ॥
ਧੀ-ਪੁੱਤ ਤਾਂ ਰੱਬ ਦੀਆਂ ਬਖਸ਼ੀਆਂ ਦਾਤਾਂ
ਘਰ ਮਹਿਕਾਉਂਦੇ ਵਾਂਗ ਕੀਮਤੀ ਸੌਗਾਤਾਂ।
ਧੀਆਂ ਦੀ ਵੀ ਵੰਡੀਏ ਰਲਮਿਲ ਕੇ ਲੋਹੜੀ
ਭੁੱਗਾ, ਮੂੰਗਫਲੀ ਅਤੇ ਗੁੜ ਦੀ ਰਿਉੜੀ॥
ਐਤਕੀ ਦੀ ਲੋਹੜੀ ਧੀਆਂ ਦੇ ਕਰੀਏ ਚਾਅ
ਇਹਨਾਂ ਸੰਗ ਹੀ ਮਾਪਿਆ ਦੇ ਚਲਦੇ ਸਾਹ
ਧੀਆਂ ਨੂੰ ਖੂਬ ਸਾਰੀ ਵਿੱਦਿਆ ਪੜ੍ਹਾਈਏ
ਕੁੱਲ ਚ ਗਿਆਨ ਦਾ ਦੀਪ ਜਗਾਈਏ॥

ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

# ਭਾਂਡਿਆਂ ਵਾਲੀ ਹੈ ਨਹੀਂ ਜਾਂ ਟਾਂਡਿਆਂ ਵਾਲੀ ਹੈ ਨਹੀਂ...



ਇਹ ਗੱਲ ਅਸੀਂ ਅਕਸਰ ਹੀ ਹਰ ਇੱਕ ਦੇ ਮੂੰਹ ਵਿੱਚੋਂ ਸੁਣ ਹੀ ਲੈਂਦੇ ਹਾਂ ਆਂਡਿਆਂ ਵਾਲੀ ਨਹੀਂ ਜਾਂ ਭਾਂਡਿਆਂ ਵਾਲੀ ਨਹੀਂ ਜਾਂ ਫਿਰ ਭਾਂਡਿਆਂ ਵਾਲੀ ਨਹੀਂ ਜਾਂ ਟਾਂਡਿਆਂ ਵਾਲੀ ਨਹੀਂ ਪਰ ਬਹੁਤ ਹੀ ਘੱਟ ਲੋਕ ਜਾਣਦੇ ਹੋਣਗੇ ਕਿ ਇਹ ਗੱਲ ਕਿਵੇਂ ਬਣੀ।

ਪੁਰਾਣੇ ਸਮਿਆਂ ਦੀ ਗੱਲ ਹੈ ਕਿ ਇੱਕ ਘੁਮਿਆਰ ਦੀਆਂ ਦੋ ਕੁੜੀਆਂ ਸਨ।ਦੋਵੇਂ ਹੀ ਬਹੁਤ ਸੋਹਣੀਆਂ ਸਨ। ਜਦੋਂ ਵੱਡੀਆਂ ਹੋਈਆਂ ਤਾਂ ਦੋਹਾਂ ਦਾ ਵਿਆਹ ਕਰ ਦਿੱਤਾ। ਇੱਕ ਕੁੜੀ ਦੇ ਸਹੁਰੇ ਖੇਤੀਬਾੜੀ ਦਾ ਕੰਮ ਕਰਦੇ ਸਨ ਤੇ ਦੂਜੀ ਦੇ ਘੁਮਿਆਰ ਪੁਣੇ ਦਾ ਹੀ ਮੇਰਾ ਮਤਲਬ ਭਾਂਡੇ ਬਣਾਉਂਦੇ ਸਨ।

"ਭਾਗਵਾਨੇ ਮੈਂ ਕਹਿੰਦਾ ਸੀ ਕਈ ਮਹੀਨੇ ਹੋ ਗਏ ਕੁੜੀਆਂ ਨੂੰ ਆਏ ਜੇ ਤੂੰ ਆਖੇ ਤਾਂ ਮੈਂ ਕੁੜੀਆਂ ਨੂੰ ਸਹੁਰੇ ਜਾਕੇ ਹੀ ਮਿਲ ਆਵਾਂ, ਨਾਲੇ ਉਹਨਾਂ ਦੀ ਸੁੱਖ ਸਾਂਦ ਦਾ ਪਤਾ ਚੱਲ ਜਾਵੇਗਾ। "ਜਦੋਂ ਕੁੜੀਆਂ ਨੂੰ ਮਿਲਣ ਆਏ ਕਈ ਮਹੀਨੇ ਹੋ ਗਏ ਤਾਂ ਘੁਮਿਆਰ ਨੇ ਆਪਣੇ ਦਿਲ ਦੀ ਗੱਲ ਆਪਣੀ ਪਤਨੀ ਨਾਲ ਸਾਂਝੀ ਕੀਤੀ।

" ਤੁਸੀਂ ਤਾਂ ਮੇਰੇ ਦਿਲ ਦੀ ਗੱਲ ਕਰ ਦਿੱਤੀ ਜੀ , ਮੈਂ ਤਾਂ ਤੁਹਾਨੂੰ ਆਪ ਇਹ ਹੀ ਗੱਲ ਆਖਣ ਵਾਲੀ ਸੀ। "

"ਚੱਲ ਠੀਕ ਹੈ ਫ਼ੇਰ ਮੈਂ ਕੱਲ੍ਹ ਹੀ ਮਿਲਕੇ ਆਉਂਦਾ ਹਾਂ। " ਘੁਮਿਆਰ ਅਗਲੇ ਦਿਨ ਸਵੇਰੇ ਹੀ ਤੁਰ ਪਿਆ।

"ਰਾਮ ਰਾਮ ਪਾਪਾ ਜੀ ਸੁਣਾਉ ਸਭ ਠੀਕ ਠਾਕ ਹੈ। ਉਹ ਪਹਿਲੀ ਕੁੜੀ ਦੇ ਘਰ ਪਹੁੰਚ ਗਿਆ।

"ਸਭ ਵਧੀਆ ਹੈ ਪੁੱਤ ਤੂੰ ਸੁਣਾ ਕਿਵੇਂ ਚੱਲ ਰਹੀ ਹੈ ਤੁਹਾਡੀ ਖੇਤੀਬਾੜੀ?

"ਬਹੁਤ ਵਧੀਆ ਪਾਪਾ ਜੀ ਸੁੱਖ ਨਾਲ ਇਸ ਵਾਰ ਤਾਂ ਤੁਹਾਡੇ ਜਵਾਈ ਨੇ ਵੀਹ ਏਕੜ ਜਮੀਨ ਠੇਕੇ ਉੱਤੇ ਵੀ ਲਈ ਹੋਈ ਹੈ। ਬਸ ਪ੍ਰਮਾਤਮਾ ਦੀ ਮਿਹਰ ਰਹੀ ਤੇ ਇਸ ਵਾਰ ਮੀਂਹ ਚੰਗੇ ਪੈ ਗਏ ਤਾਂ ਫਸਲ ਬਹੁਤ ਵਧੀਆਂ ਹੋ ਜਾਣੀ ਹੈ। ਬਸ ਫ਼ੇਰ ਤੁਹਾਡੀ ਧੀ ਰਾਜ਼ ਕਰੇਗੀ ਰਾਜ।ਤੁਸੀਂ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰੋ ਕਿ ਇਸ ਵਾਰੀ ਖੁੱਲ੍ਹੇ ਮੀਂਹ ਪੈਣ। "

"ਬਹੁਤ ਵਧੀਆਂ ਪੁੱਤ ਪ੍ਰਮਾਤਮਾ ਤੁਹਾਡੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰਨ ਤੇ ਸਭ ਕੁਝ ਤੁਹਾਡੇ ਸੋਚਣ ਮੁਤਾਬਿਕ ਹੀ ਹੋਵੇ।ਪੁੱਤ ਹੁਣ ਮੈਂ ਚੱਲਦਾ ਹਾਂ।ਛੋਟੀ ਨੂੰ ਮਿਲਕੇ ਵਾਪਸ ਪਿੰਡ ਵੀ ਜਾਣਾ ਹੈ। "ਆਖ ਘੁਮਿਆਰ ਦੂਜੀ ਕੁੜੀ ਨੂੰ ਮਿਲਣ ਲਈ ਚੱਲ ਪਿਆ।

" ਪਾਪਾ ਜੀ ਰਾਮ ਰਾਮ ਜੀ। "

" ਰਾਮ ਰਾਮ ਪੁੱਤ ਸੁਣਾਉ ਸਭ ਠੀਕ ਠਾਕ ਹੈ। "

" ਹਾਂ ਜੀ ਪਾਪਾ ਜੀ ਬਹੁਤ ਹੀ ਵਧੀਆਂ ਜੀ। "

"ਹੋਰ ਕਾਰੋਬਾਰ ਕਿਵੇਂ ਚੱਲ ਰਿਹਾ ਹੈ? "

"ਕਾਰੋਬਾਰ ਵਧੀਆ ਹੈ ਜੀ। ਇਸ ਵਾਰ ਤੁਹਾਡੇ ਜਵਾਈ ਸਾਹਿਬ ਨੇ ਰਾਜਸਥਾਨ ਵਿੱਚੋਂ ਸਪੈਸ਼ਲ ਮਿੱਟੀ ਮੰਗਵਾਈ ਹੈ ਭਾਂਡੇ ਬਨਵਾਉਣ ਲਈ। ਬਸ ਪ੍ਰਮਾਤਮਾ ਮਿਹਰ ਰੱਖੇ ਤੇ ਜਿਆਦਾ ਮੀਂਹ ਨਾ ਪੈਣ, ਨਹੀਂ ਤਾਂ ਬਹੁਤ ਨੁਕਸਾਨ ਹੋ ਜਾਣਾ ਹੈ ਜੀ। ਤੁਸੀਂ ਵੀ ਪ੍ਰਾਰਥਨਾ ਕਰੋ ਕਿ ਇਸ ਵਾਰ ਮੀਂਹ ਘੱਟ ਹੀ ਪੈਣ। "

"ਬਹੁਤ ਵਧੀਆਂ ਪੁੱਤ ਪ੍ਰਮਾਤਮਾ ਤੁਹਾਡੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰਨ ਤੇ ਸਭ ਕੁਝ ਤੁਹਾਡੇ ਸੋਚਣ ਮੁਤਾਬਿਕ ਹੀ ਹੋਵੇ।ਪੁੱਤ ਹੁਣ ਮੈਂ ਚੱਲਦਾ ਹਾਂ।ਤੇਰੀ ਮਾਂ ਘਰੇ ਮੇਰਾਵਇੰਤਜ਼ਾਰ ਕਰ ਰਹੀ ਹੋਵੇਗੀ। "ਆਖ ਘੁਮਿਆਰ ਆਪਣੇ ਘਰ ਵੱਲ ਤੁਰ ਪਿਆ। ਰਾਤ ਨੂੰ ਜਦੋਂ ਘਰੇ ਪਹੁੰਚਿਆ ਤਾਂ ਪਤਨੀ ਨੇ ਕੁੜੀਆਂ ਦੇ ਬਾਰੇ ਵਿੱਚ ਪੁੱਛਿਆ,"ਹਾਂ ਜੀ ਦੱਸੋ ਕਿਵੇਂ ਹਨ ਮੇਰੀਆਂ ਧੀਆਂ ,ਸਭ ਠੀਕ ਠਾਕ ਹੈ। "

"ਦੋਵੇਂ ਅੱਜ ਦੀ ਘੜੀ ਬਹੁਤ ਵਧੀਆਂ ਹਨ । "


" ਪ੍ਰਮਾਤਮਾ ਇੰਝ ਹੀ ਮਿਹਰ ਬਣਾਈ ਰੱਖੇ।ਦੋਹਾਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋਣ। "

"ਭਾਗਵਾਨੇ ਇੱਛਾ ਤਾਂ ਇੱਕ ਦੀ ਹੀ ਪੂਰੀ ਹੋਵੇਗੀ। ਜੇ ਭਾਂਡਿਆਂ ਵਾਲੀ ਦੀ ਪੂਰੀ ਹੋ ਗਈ ਤਾਂ ਟਾਂਡਿਆਂ ਵਾਲੀ ਹੈ ਨਹੀਂ ਤੇ ਜੇ ਟਾਂਡਿਆਂ ਵਾਲੀ ਦੀ ਪੂਰੀ ਹੋ ਗਈ ਤਾਂ ਭਾਂਡਿਆਂ ਨੀਲਾ ਹੈ ਨ ਹ ੀ ਂ । " ਘੁਮਿਆਰ ਨੇ ਦੁੱਖੀ ਮਨ ਨਾਲ ਜਵਾਬ ਦਿੱਤਾ।



ਸੰਦੀਪ ਦਿਉੜਾ
8437556667

# ਕੌਣ ਰੋਵੇਗਾ, ਜਦੋਂ ਤੁਸੀਂ ਮਰੋਗੇ ??




ਹੈ ਕੋਈ ਜਵਾਬ? ਜੇਕਰ ਨਹੀਂ ਤਾਂ ਕਿਤਾਬ ਪੜ੍ਹਨਾ ਜਵਾਬ ਮਿਲ ਜਾਵੇਗਾ। "ਪੁੱਤਰ ਜਦੋਂ ਤੂੰ ਜੰਮਿਆ ਸੀ ਤਾਂ ਤੂੰ ਰੋ ਰਿਹਾ ਸੀ ਤੇ ਬਾਕੀ ਲੋਕ ਹੱਸ ਰਹੇ ਸੀ ਤੇ ਤੂੰ ਆਪਣੀ ਜਿੰਦਗੀ ਵਿਚ ਇਸ ਤਰ੍ਹਾਂ ਦੇ ਕੰਮ ਕਰੀ ਵੀ ਜਿਸ ਦਿਨ ਤੂੰ ਇਸ ਦੁਨੀਆ ਨੂੰ ਅਲਵਿਦਾ ਕਹੇ ਤਾਂ ਲੋਕ ਰੋਣ।"

ਇਸ ਕਿਤਾਬ ਵਿੱਚੋ ਇੱਕ ਲਾਈਨ ਦਾ ਪੰਜਾਬੀ ਅਨੁਵਾਦ। ਜਦੋਂ ਕਦੇ ਕੋਈ ਵੱਡੀ ਕਿਤਾਬ ਪੜਨ ਲਈ ਸ਼ੁਰੂ ਕਰਦਾ ਤਾਂ ਅਕਸਰ ਉਹ ਕਿਤਾਬ ਤੋਂ ਦਿਲ ਅੱਕ ਜਾਂਦਾ। ਉਸਦੇ ਨਾਲ ਨਾਲ ਮੈ ਕੋਈ ਨਾ ਕੋਈ ਸ਼ੈਲਫ਼ ਇੰਪਰੂਵਮੇਂਟ ਕਿਤਾਬ ਸ਼ੁਰੂ ਕਰ ਲੈਂਦਾ ਹਾਂ, ਕਿਉਕਿ ਇਸ ਪੜਨ ਦਾ ਸਵਾਦ ਵੀ ਬਦਲ ਜਾਂਦਾ ਤੇ ਅਸੀ ਆਪਣੇ ਆਪ ਵਿਚ ਸੁਧਾਰ ਵੀ ਕਰ ਸਕਦੇ ਹਾਂ। "ਸੂਰਜ ਦੀ ਅੱਖ" ਬਲਦੇਵ ਸਿੰਘ ਸੜਕਨਾਮਾ ਦਾ ਚਰਚਿਤ ਨਾਵਲ ਦਾ ਮੈਂ ਬਹੁਤ ਗਹਿਰਾਈ ਨਾਲ ਅਧਿਐਨ ਕਰ ਰਿਹਾ ਸੀ । ਕਿਉਕਿ ਬਹੁਤੇ ਲੋਕਾਂ ਨੂੰ ਇਹ ਨਾਵਲ ਨਾਪਸੰਦ ਸੀ ਤੇ ਪੰਜਾਬ ਵਿਚ ਇਸ ਉਪਰ ਪਾਬੰਦੀ ਵੀ ਲੱਗ ਗਈ ਸੀ। ਇਸ ਨੂੰ ਪੜ੍ਹਦੇ ਪੜ੍ਹਦੇ ਮੈ ਕਾਫੀ ਸਮੇਂ ਬਾਅਦ ਅੰਗਰੇਜ਼ੀ ਦੀ ਕਿਤਾਬ ਨੂੰ ਹੱਥ ਲਾਇਆ। ਰੋਬਿਨ ਸ਼ਰਮਾ ਨੂੰ ਕੌਣ ਨਹੀਂ ਜਾਣਦਾ। ਸਾਰੀ ਦੁਨੀਆਂ ਵਿੱਚ Self Improvement ਅਤੇ Motivational ਸਪੀਕਰ ਅਤੇ ਲੇਖਕਾਂ ਵਿੱਚ ਰੋਬਿਨ ਸ਼ਰਮਾ ਦਾ ਟੋਪ ਤੇ ਨਾਮ ਆਉਂਦਾ।ਪਹਿਲੀ ਗੱਲ ਤਾਂ ਕਿਤਾਬ ਵਿਚ ਕਹਾਣੀਆਂ ਬਹੁਤ ਛੋਟੀਆਂ-ਛੋਟੀਆਂ ਅਤੇ ਸਿੰਪਲ ਅੰਗਰੇਜ਼ੀ ਭਾਸ਼ਾ ਹਨ। ਲੇਖਕ ਨੇ ਆਪਣੇ ਅਤੇ ਆਪਣੇ ਨਾਲ ਸੰਬੰਧਿਤ ਲੋਕਾਂ ਦੇ ਤਜੁਰਬਿਆ ਨੂੰ ਕਿਤਾਬ ਦਾ ਰੂਪ ਦਿੱਤਾ। ਇਸ ਕਿਤਾਬ ਨੂੰ ਪੜ੍ਹ ਕੇ ਬੰਦਾ ਖੁਦ ਆਪਣੀਆ ਕਈ ਆਦਤਾਂ ਬਦਲਦਾ ਹੈ ਤੇ ਉਸ ਖੁਦ ਪਤਾ ਵੀ ਨਹੀਂ ਲਗਦਾ। "ਪਲੈਟੀਨਮ 30" ਬਿਸਤਰ ਤੋਂ ਉੱਠਣ ਸਾਰ ਪਹਿਲੇ 30 ਮਿੰਟ ਨੂੰ ਰੋਬਿਨ ਸ਼ਰਮਾ ਪਲੈਟੀਨਮ 30 ਕਹਿੰਦਾ ਹੈ। ਇਸ ਵਿਚ ਸਾਨੂੰ ਉਹ ਕੰਮ ਕਰਨਾ ਚਾਹੀਦਾ, ਜਿਸ ਨਾਲ ਸਾਰਾ ਦਿਨ ਵਧੀਆ ਸਾਂਤੀ ਨਾਲ ਗੁਜਰੇ। ਜਿਵੇਂ ਸਵੇਰ ਦੀ ਸੈਰ ਸਮੇਂ ਕੁਦਰਤ ਨਾਲ ਮੇਲ ਮਿਲਾਪ ਜਾ ਕੋਈ ਚੰਗੀ ਕਿਤਾਬ ਨੂੰ ਪੜ੍ਹਨਾ। ਮੈਂ ਵੀ 5-6 ਦਿਨ ਸਵੇਰੇ ਨਿਰਧਾਰਿਤ ਸਮੇਂ ਤੋਂ 30 ਮਿੰਟ ਪਹਿਲਾ ਉੱਠ ਕੇ ਇਸ ਕਿਤਾਬ ਨੂੰ 30 ਮਿੰਟ ਤੱਕ ਪੜ੍ਹਦਾ।

ਵੈਸੇ ਰੋਬਿਨ ਸ਼ਰਮਾ ਅਨੁਸਾਰ ਇਕ ਨਵੀਂ ਆਦਤ ਨੂੰ ਅਪਣਾਉਣ ਵਿਚ 21 ਦਿਨ ਲਗਦੇ ਹਨ। ਪਰ ਇਸ ਕਿਤਾਬ ਨੂੰ ਪੜ੍ਹਦੇ ਪੜ੍ਹਦੇ ਮੈ ਇੱਕ ਹਫ਼ਤੇ ਅੰਦਰ ਆਪਣੇ ਆਪ ਵਿੱਚ ਬਹੁਤ ਪਰਿਵਰਤਨ ਦੇਖਿਆ। ਜਿਵੇਂ ਮਨੁੱਖ ਦਾ ਸਰੀਰ ਹੀ ਸਭ ਤੋਂ ਵੱਡਾ ਮੰਦਿਰ ਹੈ। ਜਿਸ ਕਾਰਨ ਮੈਂ 24 ਘੰਟਿਆ ਵਿੱਚੋ ਹਰ ਰੋਜ ਅੱਧਾ ਘੰਟਾ ਕਸਰਤ ਲਈ ਕੱਢਣ ਲੱਗ ਗਿਆ। ਫਾਲਤੂ ਦੀਆ ਗੱਲਾ ਵਿਚ ਧਿਆਨ ਘਟ ਗਿਆ। ਜਿਆਦਾ ਬੋਲਣ ਦੀ ਥਾਂ ਇਕ ਚੰਗਾ ਸਰੋਤਾ ਬਣ ਗਿਆ। ਰਾਤ ਨੂੰ ਜਲਦੀ ਸੌਣ ਤੇ ਸਵੇਰੇ ਜਲਦੀ ਉੱਠਣ ਦੀ ਆਦਤ ਪੈ ਗਈ। ਸਾਡੀ ਜਿੰਦਗੀ ਵਿੱਚ ਰੋਜ਼ਾਨਾ ਵਾਪਰਨ ਵਾਲੀਆ ਅਤੇ ਸਾਡੀਆ ਕਈ ਆਦਤਾਂ ਨੂੰ ਸੁਧਾਰਣ ਲਈ ਛੋਟੀਆ ਛੋਟੀਆ ਕਹਾਣੀਆਂ ਦੀ ਇਹ ਕਿਤਾਂਬ ਪੱਕਾ ਪੜ੍ਹੋ। ਜੇਕਰ ਪੜ੍ਹਦੇ ਪੜ੍ਹਦੇ, ਤੁਸੀਂ ਆਪਣੇ ਵਿਚ ਪਰਿਵਰਤਨ ਪੱਕਾ ਮਹਿਸੂਸ ਕਰੋਗੇ।

Ratandeep Kaur Behniwal

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team

OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night

# ਆਪਸੀ ਭਾਈਚਾਰਕ ਸਾਂਝ ਦਾ ਪ੍ਰਤੀਕ ਤਿਓਹਾਰ

# ਲੋਹੜੀ




ਲੋਹੜੀ ਪੰਜਾਬ ਦਾ ਇੱਕ ਪ੍ਰਸਿੱਧ ਸੱਭਿਆਚਾਰਕ ਤਿਉਹਾਰ ਹੈ। ਇਹ ਕੜਾਕੇ ਦੀ ਸਰਦ ਰੁੱਤ ਵਿੱਚ ਪੋਹ ਮਹੀਨੇ ਦੀ ਅਖੀਰਲੀ ਰਾਤ ਨੂੰ ਮਨਾਇਆ ਜਾਂਦਾ ਹੈ। ਲੋਹੜੀ ਤੋਂ ਅਗਲੇ ਦਿਨ ਮਾਘ ਮਹੀਨੇ ਦੀ ਸੰਗਰਾਂਦ ਹੁੰਦੀ ਹੈ, ਇਸ ਦਿਨ ਮਾਘੀ ਦਾ ਤਿਉਹਾਰ ਹੁੰਦਾ ਹੈ। ਲੋਹੜੀ ਦੀ ਰਾਤ ਨੂੰ ਸਾਲ ਦੀ ਸਭ ਤੋਂ ਲੰਬੀ ਰਾਤ ਮੰਨਿਆ ਜਾਂਦਾ ਹੈ।

ਜਿਸ ਘਰ ਮੁੰਡਾ ਜੰਮਿਆ ਹੋਵੇ ਜਾਂ ਨਵ-ਵਿਆਹੀ ਵਹੁਟੀ ਆਈ ਹੋਵੇ, ਉਸ ਦੀ ਪਹਿਲੀ ਲੋਹੜੀ ਨੂੰ ਬੜੇ ਹੀ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇੰਨਾ ਹੀ ਨਹੀਂ ਇਸ ਦਿਨ ਧੂਣੀ ਬਾਲ ਕੇ ਇਸ ਦੇ ਦੁਆਲੇ ਚੱਕਰ ਬਣਾ ਕੇ ਮੁਗਲਕਾਲ ਵੇਲੇ ਦੇ ਪੰਜਾਬੀ ਲੋਕ-ਨਾਇਕ ਦੁੱਲਾ ਭੱਟੀ (ਅਬਦੁੱਲਾ ਭੱਟੀ) ਦੇ ਗੀਤ ਗਾਏ ਜਾਂਦੇ ਹਨ। ਇਸ ਕਹਾਣੀ ਬਾਰੇ ਕਿਹਾ ਜਾਂਦਾ ਹੈ ਕਿ ਦੁੱਲਾ ਭੱਟੀ ਦੀ ਕਹਾਣੀ ਤੋਂ ਬਿਨਾਂ ਲੋਹੜੀ ਅਧੂਰੀ ਹੈ।

ਮੁਗਲ ਬਾਦਸ਼ਾਹ ਅਕਬਰ ਦੇ ਸਮੇਂ ਪੰਜਾਬ ਵਿਚ ਦੁੱਲਾ ਭੱਟੀ ਨਾਂ ਦਾ ਇਕ ਵਿਅਕਤੀ ਰਹਿੰਦਾ ਸੀ। ਸਾਂਦਲ ਬਾਰ ਜੋ ਕੇ ਰਾਵੀ ਅਤੇ ਝਨਾਬ ਦੇ ਵਿਚਕਾਰਲਾ ਇਲਾਕਾ ਸੀ, ਨੂੰ ਦੁੱਲੇ ਦੇ ਦਾਦਾ ਸਾਂਦਲ ਭੱਟੀ ਦੇ ਨਾਮ ਨਾਲ਼ ਜਾਣਿਆ ਜਾਂਦਾ ਹੈ। ਸਾਂਦਲ ਭੱਟੀ ਨੇ ਕਿਸਾਨਾਂ ਤੋਂ ਜਬਰੀ ਉਗਰਾਹੇ ਜਾਂਦੇ ਲਗਾਨ ਯਾਣੀ ਟੈਕਸ ਦੀ ਵਿਰੋਧਤਾ ਕਰਕੇ ਲੋਕਾਂ ਨੂੰ ਮੁਗਲ ਹਕੂਮਤ ਦੇ ਜਬਰ ਵਿਰੁੱਧ ਲੋਕਾਂ ਨੂੰ ਲਾਮਬੱਧ ਕੀਤਾ। ਇਸੇ ਸਿਲਸਿਲੇ ਨੂੰ ਦੁੱਲੇ ਭੱਟੀ ਦੇ ਪਿਤਾ ਫਰੀਦ ਭੱਟੀ ਨੇ ਵੀ ਜਾਰੀ ਰੱਖਿਆ। ਆਖਿਰ ਮੁਗਲ ਹਕੂਮਤ ਦੇ ਬਾਦਸ਼ਾਹ ਅਕਬਰ ਨੇ ਦੁੱਲੇ ਦੇ ਦਾਦਾ ਅਤੇ ਬਾਅਦ ਵਿੱਚ ਪਿਤਾ ਦੇ ਸਿਰ ਕਲਮ ਕਰਵਾ ਕੇ ਕਿਲੇ ਲਹੌਰ ਦੇ ਮੁੱਖ ਦਰਵਾਜੇ ਅੱਗੇ ਟੰਗਵਾ ਦਿੱਤੇ ਤਾਂ ਕਿ ਲੋਕਾਂ ਵਿੱਚ ਮੁਗਲ ਹਕੂਮਤ ਦਾ ਖੌਫ਼ ਰਹੇ। ਜਵਾਨ ਹੁੰਦਿਆਂ ਦੁੱਲੇ ਨੂੰ ਆਪਣੇ ਪੁਰਖਿਆਂ ਬਾਰੇ ਪਤਾ ਲੱਗਣ ਤੇ ਦੁੱਲੇ ਨੇ ਵੀ ਬਗਾਵਤ ਜ਼ਾਰੀ ਰੱਖੀ। ਜਿਸ ਕਰਕੇ ਦੁੱਲਾ ਭੱਟੀ ਪੰਜਾਬ ਦਾ ਲੋਕ ਨਾਇਕ ਬਣ ਗਿਆ। ਕਿਹਾ ਜਾਂਦਾ ਹੈ ਕਿ ਦੁੱਲਾ ਭੱਟੀ ਨੇ ਬੜੀ ਬਹਾਦਰੀ ਨਾਲ ਧਨਾਢ ਵਪਾਰੀਆਂ ਨੂੰ ਵੇਚੀਆਂ ਜਾ ਰਹੀਆਂ ਕੁੜੀਆਂ ਦੀ ਰੱਖਿਆ ਕੀਤੀ। ਇਸ ਤੋਂ ਬਾਅਦ ਦੁੱਲਾ ਭੱਟੀ ਨੇ ਇਨ੍ਹਾਂ ਕੁੜੀਆਂ ਦਾ ਵਿਆਹ ਕਰਵਾ ਦਿੱਤਾ। ਇਸੇ ਲਈ ਹਰ ਸਾਲ ਦੁੱਲਾ ਭੱਟੀ ਦੀ ਕਹਾਣੀ ਸੁਣਾਈ ਜਾਂਦੀ ਹੈ। ਦੁੱਲਾ ਭੱਟੀ ਦੀ ਮਹਾਨਤਾ ਨੂੰ ਯਾਦ ਕਰ ਕੇ ਲੋਹੜੀ ਨੂੰ ਜਸ਼ਨ ਵਜੋਂ ਮਨਾਇਆ ਜਾਂਦਾ ਹੈ।

ਲੋਹੜੀ ਦੇ ਤਿਉਹਾਰ ਤੇ ਸਰਦੀਆਂ ਦੀਆਂ ਘਰੇਲੂ ਮਠਿਆਈਆਂ, ਪਕਵਾਨ ਆਦਿ ਤਿਆਰ ਕਰਕੇ ਬੜੇ ਚਾਅ ਨਾਲ਼ ਖਾਧੇ ਜਾਂਦੇ ਹਨ, ਜੋ ਠੰਡ ਤੋਂ ਬਚਣ ਲਈ ਸਰੀਰਕ ਊਰਜਾ ਪ੍ਰਦਾਨ ਕਰਦੇ ਹਨ, ਜਿਹਨਾਂ ਵਿੱਚ ਖੋਆ, ਤਿਲਾਂ, ਚੌਲਾਂ ਆਦਿ ਦੀਆਂ ਪਿੰਨੀਆਂ,ਮੱਕੀ ,ਬਾਜਰਾ,ਜਵਾਰ ਆਦਿ ਦੇ ਮਰੂੰਡੇ, ਮੂੰਗਫ਼ਲੀ ਆਦਿ ਦੀ ਗੱਚਕ ਆਦਿ ਮਿਠਾਈਆਂ ਘਰਾਂ ਵਿੱਚ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਹਰ ਪੰਜਾਬੀ ਦੀ ਪਸੰਦ ਬਣਦੀਆਂ ਹਨ।




ਲੋਹੜੀ ਵਾਲੀ ਰਾਤ ਜਿਸ ਘਰ ਨਵਾਂ ਵਿਆਹ ਹੋਵੇ ਜਾਂ ਮੁੰਡੇ ਦਾ ਜਨਮ ਹੋਇਆ ਹੋਵੇ, ਦੇ ਸੱਦੇ 'ਤੇ ਕਿਸੇ ਖੁੱਲ੍ਹੇ ਥਾਂ 'ਤੇ ਲੱਕੜਾਂ ਦਾ ਢੇਰ ਲਗਾ ਕੇ ਅੱਗ ਬਾਲ਼ੀ ਜਾਂਦੀ ਹੈ ਤੇ ਸਾਰੇ ਲੋਕ ਉਸ ਅੱਗ ਦੁਆਲੇ ਇਕੱਠੇ ਹੋ ਜਾਂਦੇ ਹਨ ਤੇ ਮੂੰਗਫਲੀ ਰਿਉੜੀਆਂ, ਗੱਚਕ ਖਾਂਦੇ ਹਨ ਤੇ ਅੱਗ ਵਿਚ ਤਿੱਲ ਸੁੱਟ ਕੇ ਬੋਲਦੇ ਹਨ ਕਿ " ਈਸ਼ਰ ਆ, ਦਲਿੱਦਰ ਜਾਹ,ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾ। "

ਲੋਹੜੀ ਵਾਲੇ ਦਿਨ ਸਰੋਂ ਦਾ ਸਾਗ, ਮੱਕੀ ਦੀ ਰੋਟੀ, ਮੂਲੀ, ਗੰਨੇ, ਮੂੰਗਫਲੀ, ਰਿਉੜੀਆਂ, ਗੱਚਕ, ਭੁੱਗਾ, ਖਿੱਲਾਂ, ਖਜੂਰਾਂ ਤੇ ਖਿਚੜੀ ਬਣਾਈ ਜਾਂਦੀ ਹੈ। ਅਗਲੇ ਦਿਨ ਮਾਘੀ 'ਤੇ ਖਾਧੀ ਜਾਂਦੀ ਹੈ। ਜਿਸ ਨੂੰ " ਪੋਹ ਰਿੱਝੀ ਮਾਘ ਖਾਧੀ" ਇਸੇ ਲਈ ਆਖਦੇ ਹਨ ।

ਅੱਜਕੱਲ੍ਹ ਪਿੰਡਾਂ ਸ਼ਹਿਰਾਂ ਵਿੱਚ ਲੋਹੜੀ ਦਾ ਤਿਉਹਾਰ ਮਨਾਉਣ ਲਈ ਨਿਵੇਕਲੀ ਰੀਤ ਚੱਲ ਪਈ ਹੈ, ਜਿਸ ਨੂੰ ਲੜਕੀਆਂ ਦੀ ਲੋਹੜੀ ਦਾ ਨਾਮ ਦਿੱਤਾ ਜਾਂਦਾ ਹੈ। ਇਹ ਸਮੇਂ ਦੀ ਲੋੜ ਵੀ ਹੈ, ਕਿਉਂਕਿ ਲੜਕੀਆਂ ਕਿਸੇ ਵੀ ਖੇਤਰ ਵਿਚ ਲੜਕਿਆਂ ਤੋਂ ਘੱਟ ਨਹੀ ਹਨ। ਆਪਣੀ ਮਿਹਨਤ ਨਾਲ ਅਹਿਮ ਅਹੁੱਦੇ ਤੇ ਪੁਜੀਸ਼ਨਾਂ ਹਾਸਲ ਕਰ ਕੇ ਲੜਕੀਆਂ ਨੇ ਆਪਣੇ ਮਾਂ ਬਾਪ ਦਾ ਨਾਮ ਰੋਸ਼ਨ ਕੀਤਾ ਹੈ। ਸਮਾਜ ਵਿਚ ਸੂਝਵਾਨ ਲੋਕਾਂ ਦੀ ਸਮਝ ਸਦਕਾ ਇਹ ਤਿਉਹਾਰ ਹੁਣ ਧੀਆਂ ਦੀ ਲੋਹੜੀ ਕਰਕੇ ਵੀ ਮਨਾਇਆ ਜਾਣ ਲੱਗਾ ਹੈ। ਧੀਆਂ ਹਰ ਖੇਤਰ ਵਿਚ ਮੱਲਾਂ ਮਾਰ ਰਹੀਆਂ ਹਨ ਤੇ ਤਰੱਕੀ ਦੀਆਂ ਮੰਜ਼ਿਲਾਂ ਨੂੰ ਛੂਹ ਰਹੀਆਂ ਹਨ, ਚਾਹੇ ਉਹ ਖੇਡਾਂ ਦਾ ਖੇਤਰ ਹੋਵੇ, ਚਾਹੇ ਪੜ੍ਹਾਈ ਦਾ, ਚਾਹੇ ਸੰਗੀਤ ਦਾ ਜਾਂ ਕੋਈ ਹੋਰ ਖੇਤਰ ਹੋਵੇ, ਹਰ ਖੇਤਰ ਵਿਚ ਧੀਆਂ ਨੇ ਮੱਲਾਂ ਮਾਰੀਆਂ ਹਨ।

ਲੋਹੜੀ ਦਾ ਤਿਉਹਾਰ ਆਪਸੀ ਭਾਈਚਾਰਕ ਸਾਂਝ, ਸਦ ਭਾਵਨਾ ਅਤੇ ਕੌਮੀ ਏਕਤਾ ਦਾ ਪ੍ਰਤੀਕ ਹੈ। ਲੋਹੜੀ ਦੇ ਪਵਿੱਤਰ ਤਿਉਹਾਰ ਮੌਕੇ ਲੋਕ ਸਮੂਹ ਨੂੰ ਸਰਬਸਾਂਝੀਵਾਲਤਾ ਅਤੇ ਸ਼ਾਂਤੀ ਬਣਾਉਣ ਦਾ ਪ੍ਰਣ ਲੈਣਾ ਚਾਹੀਦਾ ਹੈ। ਚੰਗਾ ਹੋਵੇ ਇਸ ਤਿਉਹਾਰ ਨੂੰ ਨਸ਼ਿਆਂ ਰਹਿਤ ਮਨਾਇਆ ਜਾਵੇ। ਅਜਿਹੇ ਤਿਉਹਾਰਾਂ ਮੌਕੇ ਖੁਸ਼ੀਆਂ ਵੰਡੀਏ ਅਤੇ ਹੱਸਦੇ ਵੱਸਦੇ ਪੰਜਾਬ ਲਈ ਦੁਆ ਕਰੀਏ।

ਰਾਜਿੰਦਰ ਰਾਣੀ ਗੰਢੂਆਂ (ਸੰਗਰੂਰ)

## ਲੋਹੜੀ

ਲੋਹੜੀ ਦਾ ਤਿਉਹਾਰ ਬੜਾ ਏ ਨਿਰਾਲਾ
ਮੁੰਗਫਲੀ ਰਿਉੜੀਆਂ ਵੰਡਣ ਵਾਲਾ
ਸਾਨੂੰ ਦੇਹ ਲੋਹੜੀ ਤੇਰੀ ਜੀਵੇ ਜੋੜੀ
ਗੀਗਾ ਜੰਮਿਆਂ ਸੀ ਗੁੜ ਵੰਡਿਆ ਸੀ
ਗੁੜ ਰਿਉੜੀਆਂ ਜੀ ਭਰਾਵਾਂ ਜੋੜੀਆਂ ਜੀ
ਸਾਨੂੰ ਦੇਹ ਲੋਹੜੀ ਤੇਰੀ ਜੀਵੇ ਜੋੜੀ
ਅੰਦਰ ਵੱਟੇ ਨਾ ਖੜਕਾ
ਗੁੜ ਦੀ ਹੱਥ ਫੜਾ
ਸਾਡੇ ਪੈਰਾਂ ਹੇਠ ਸਿਲਾਈਆਂ ਅਸੀਂ ਕਿਸ ਵੇਲੇ ਦੀਆਂ ਆਈਆਂ
ਸਾਡੇ ਪੈਰਾਂ ਹੇਠ ਰੋੜ ਸਾਨੂੰ ਛੇਤੀ ਛੇਤੀ ਤੋਰ
ਸਾਨੂੰ ਦੇਹ ਲੋਹੜੀ ਤੇਰੀ ਜੀਵੇ ਜੋੜੀ
ਸੁੰਦਰ ਮੁੰਦਰੀਆ ਹੋ ਤੇਰਾ ਕੌਣ ਵਿਚਾਰਾ ਹੋ
ਦੁੱਲਾ ਭੱਟੀ ਵਾਲਾ ਹੋ
ਦੁੱਲੇ ਧੀ ਵਿਆਹੀ ਹੋ ਸੇਰ ਸਕਰ ਪਾਈ ਹੋ
ਸਾਨੂੰ ਦੇਹ ਲੋਹੜੀ ਤੇਰੀ ਜੀਵੇ ਜੋੜੀ

ਰਾਤ ਨੂੰ ਲੋਹੜੀ ਬਾਲਾਂਗੇ
ਅਪਨੀ ਬਲਾ ਟਾਲਾਂਗੇ
ਤਿਲ ਚੌਲੀ ਪਾਵਾਗੇਂ
ਪਾਪ ਦੂਰ ਭਜਾਵਾਂਗੇ
ਮੁੰਗਫਲੀ ਖੂਬ ਖਾਵਾਂਗੇ ਰਿਉੜੀਆਂ ਨਾਲ ਲਿਆਵਾਂਗੇ
ਸਾਨੂੰ ਦੇਹ ਲੋਹੜੀ ਤੇਰੀ ਜੀਵੇ ਜੋੜੀ



ਬਲਬੀਰ ਸਿੰਘ ਪਰਦੇਸੀ, 9465710205

## ਲੋਹੜੀ

ਸੁੱਖੀਂ-ਸਾਂਦੀ ਸਾਲ ਬਾਅਦ ਮੁੜ ਲੋਹੜੀ ਆਈ
ਲੋਹੜੀ ਦੀ ਹੋਵੇ ਸਾਰਿਆਂ ਨੂੰ ਬਹੁਤ ਵਧਾਈ

ਖੁਸ਼ੀਆਂ-ਖੇੜਿਆਂ ਦੇ ਨਾਲ ਵੰਡੀਆਂ ਜਾਣ ਸੌਗਾਤਾਂ
ਨਵੇਂ ਵਿਆਹੇ ਜੋੜਿਆਂ ਦੀਆਂ ਜਿਸ ਘਰ ਬਰਾਤਾਂ
ਨਵੇਂ ਮਹਿਮਾਨਾਂ ਨੇ ਘਰਾਂ ਵਿੱਚ ਰੌਣਕ ਲਾਈ
ਲੋਹੜੀ ਦੀ ਹੋਵੇ ਸਾਰਿਆਂ ਨੂੰ ਬਹੁਤ ਵਧਾਈ

ਮਿੱਤਰ-ਪਿਆਰੇ ਸਾਰੇ ਖੁਸ਼ੀਆਂ ਦੇ ਵਿੱਚ ਆਏ
ਗਿੱਧਾ-ਭੰਗੜਾ ਪੈਂਦਾ ਬੋਲੀਆਂ ਮੀਂਹ ਵਰਸਾਏ
ਚਾਵਾਂ ਤੇ ਮਲ੍ਹਾਰਾਂ ਦੀ ਫੁਹਾਰ ਬਣ ਆਈ
ਲੋਹੜੀ ਦੀ ਹੋਵੇ ਸਾਰਿਆਂ ਨੂੰ ਬਹੁਤ ਵਧਾਈ

ਘਰ-ਘਰ ਸੁੱਖਾਂ ਮੰਗਦੇ ਟੋਲੇ ਬੰਨ੍ਹ-ਬੰਨ੍ਹ ਕੇ
ਲੋਹੜੀ ਵਾਲੇ ਗੀਤ ਗਾਉਣ ਹੇਕਾਂ ਕੱਢ ਕੇ
ਗਾਥਾ ਦੁੱਲੇ ਭੱਟੀ ਦੀ ਗੀਤਾਂ ਵਿੱਚ ਸੁਣਾਈ
ਲੋਹੜੀ ਦੀ ਹੋਵੇ ਸਾਰਿਆਂ ਨੂੰ ਬਹੁਤ ਵਧਾਈ

ਸੁੰਦਰੀਏ-ਮੁੰਦਰੀਏ ਭੈਣਾਂ ਦੀ ਕਿਸੇ ਲਾਜ ਬਚਾਈ
ਅੱਜ ਤੱਕ ਵੀ ਇਹ ਚੱਲਦੀ ਜੋ ਰੀਤ ਚਲਾਈ
ਗੁੜ-ਗੱਚਕ ਤੇ ਰਿਊੜੀਆਂ ਜਾਂਦੇ ਝੋਲੀ ਪਾਈ
ਲੋਹੜੀ ਦੀ ਹੋਵੇ ਸਾਰਿਆਂ ਨੂੰ ਬਹੁਤ ਵਧਾਈ

ਸਾਂਝੀ ਲੋਹੜੀ ਪਿੰਡਾਂ ਦੀ ਹੈ ਬੜੀ ਨਿਆਰੀ
ਲੱਕੜਾਂ ਪਾਥੀਆਂ ਚਿੱਣਕੇ ਕੀਤੀ ਜਾਂਦੀ ਤਿਆਰੀ
ਬਿਨਾਂ ਵਿਤਕਰੇ ਰਲ-ਮਿਲ ਜਾਣ ਅੱਗ ਮਘਾਈ
ਲੋਹੜੀ ਦੀ ਹੋਵੇ ਸਾਰਿਆਂ ਨੂੰ ਬਹੁਤ ਵਧਾਈ

ਗੱਚਕ ਅਤੇ ਰਿਊੜੀਆਂ ਦੇ ਬੁੱਕ ਭਰ ਵੰਡਦੇ
ਮੰਗਣ ਜਾਂਦੇ ਲੋਹੜੀਆਂ ਕੋਈ ਘਰ ਨਾ ਛੱਡਦੇ
ਰਲ-ਮਿਲ ਬਾਲਣ ਤੇ ਤਿਲ ਸਭ ਸੁੱਟਣ ਭਾਈ
ਲੋਹੜੀ ਦੀ ਹੋਵੇ ਸਾਰਿਆਂ ਨੂੰ ਬਹੁਤ ਵਧਾਈ

ਈਸ਼ਰ ਆ ਦਰਿੱਦਰ ਜਾਹ ਦਾ ਗੀਤ ਵੀ ਗਾਉਂਦੇ
ਚੱਕਰ ਲਾ ਕੇ ਧੂਣੀ ਤੇ ਨਾਲੇ ਬੋਲੀਆਂ ਪਾਉਂਦੇ
ਰਲ-ਮਿਲ ਅਸੀਸਾਂ ਵੰਡਦੇ ਕਰਨ ਨੇਕ ਕਮਾਈ
ਲੋਹੜੀ ਦੀ ਹੋਵੇ ਸਾਰਿਆਂ ਨੂੰ ਬਹੁਤ ਵਧਾਈ

ਪੋਹ-ਰਿਧਿ ਮਾਘ ਖਾਦੀ ਪਕਵਾਨ ਬਣਾਉਂਦੇ
ਮੱਕੀ ਦੀ ਰੋਟੀ ਸਾਗ ਸਰੋਂ ਦਾ ਮਨਾਂ ਨੂੰ ਭਾਉਂਦੇ
ਦੇਰ ਰਾਤ ਤੱਕ ਧੂਣੀ ਤੇ ਜਾਂਦੇ ਵਰਤਾਈ
ਲੋਹੜੀ ਦੀ ਹੋਵੇ ਸਾਰਿਆਂ ਨੂੰ ਬਹੁਤ ਵਧਾਈ
ਸੁੱਖੀਂ-ਸਾਂਦੀ ਸਾਲ ਬਾਅਦ ਮੁੜ ਲੋਹੜੀ ਆਈ ।



ਅਮਰੀਕ ਸਿੰਘ
ਪਿੰਡ -ਤੁਰਬਨਜਾਰਾ ਜ਼ਿਲ੍ਹਾ-ਸੰਗਰੂਰ
ਮੋ.94178-31586

KATARIA TOURS & TRAVEL
LOW AIR FARE | LOW AIR FARE | LOW AIR FARE | LOW AIR FARE
ਸਸਤੀਆਂ ਹਵਾਈ ਟਿਕਟਾਂ
We Provide visa for INDIA, UK, USA EUROPE, DUBAI & Other Countries and PR Card Application
Ph: 905.678.1200
Fax: 905.678.1201
Toll Free: 1.888.678.1201
Passport & I.D. Photo
Email: katariatravels@gmail.com
Web: www.katariatravels.com
Avtar Kataria
416.871.3676
2883 Derry Road East, Mississauga, ON. L4T 1A6

MANN TRAVELS & TOURS
IATA
ਮਾਨ ਟ੍ਰੈਵਲਜ਼ ਤੋਂ ਤੁਹਾਨੂੰ ਸਸਤੀਆਂ ਟਿਕਟਾਂ ਅਤੇ ਵਧੀਆ ਸੇਵਾਵਾਂ ਮਿਲਣਗੀਆਂ। ਵਧੇਰੇ ਜਾਣਕਾਰੀ ਲਈ ਅਮਰਜੀਤ ਸਿੰਘ ਮਾਨ ਨਾਲ ਸੰਪਰਕ ਕਰੋ।
Amarjit S. Mann
Springdale: 905-497-6300, 1098 Peter Robertson Blvd., #3 (Springdale) Brampton
Hamilton: 905-930-7700, 06-141 Highway 8, Stoney Creek
Brampton: 905-595-2000, 499 Raylawson Blvd., Unit #32, Brampton, ON
Markham: 416-603-1800, 45 Karachi Dr., Unit 45 Markham
Airport Rd.: 905-595-1700, 60 Cottrelle Blvd. Unit 12C, Brampton
India: 01624-223315-16-17, opp Union Bank of India Tehsil Rd, Jagraon

SKYDOME GROUP OF COMPANIES
Ontario Ministry of Transportation Approved Repair Centre
www.skydomeauto.ca
FLEET DISCOUNTS
Towing Across North America
Drive Clean Test & Repair Facility
Specialize In:
• Paint, Collision
• Mechanical Work
• Fleet Paint & Body Work
• Insurance Claims Welcome
FCA
MOPAR. Certified Collision Repair Facility
Daljit Singh Gaidhu
Satnam Singh | Satbir Singh | Inderpal Singh | InderJit Singh
www.skydomeauto.ca
http://skydomeauto.goldbook.ca
TIRES
4 Locations To Serve You! Head Office: 905-874-9878
SKYDOME AUTO & BODY CENTRE, 308 Rutherford Rd. Brampton, ON L6W 3K7, Office: 905-874-9878 | Fax: 905-874-9747, skydome_auto@hotmail.com
SKYDOME EMISSION & ALIGNMENT CENTRE, 210 RUTHERFORD RD SOUTH, OFFICE : 9054509878, FAX:-905-450-9808.
SKYDOMETRUCK CENTRE, 30 STAFFORD DR BRAMPTON, OFFICE: 905-460-1414, FAX: 905-460-9451
SKYDOME AUTO SALES, 30 STAFFORD DR, BRAMTPON, ON, L6W 1L4, DILJIT : 416-305-9878
ONTARIO'S DRIVE CLEAN

ASIAN FOOD CENTER
www.asianfoodcentre.ca
WHOLESALER & RETAILER
ਤਾਜ਼ੀਆਂ ਸਬਜ਼ੀਆਂ ਅਤੇ ਫ਼ਲਾਂ ਦੀ ਮੰਡੀ, ਸਸਤੀ ਗਰੋਸਰੀ
ਸੱਤ ਸਟੋਰਾਂ ਨਾਲ ਤੁਹਾਡੀ ਸੇਵਾ ਵਿੱਚ
10 Westmore Dr. Etobicoke, ON 416-740-3262
308 Eddystone Ave. North York, ON 416-740-3360
1075 Ceremonial Drive Mississauga, ON 905-502-1600
284 Orenda Road Unit#13 Brampton, ON 905-450-9167
621 Wanless Drive Brampton, ON 905-495-3336
80 Pertosa Drive Brampton, ON 905-460-0009
2120 North Park Dr Unit#106 Brampton, ON 905-793-1338